ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 20 | Issue 108| 31 Jan. to 6 Feb., 2024 | Ph.: (510) 240-5949 | Email: asrtimes@gmail.com

# ਵਿਦੇਸ਼ੀ ਵਿਦਿਆਰਥੀਆਂ ’ਤੇ ਬ੍ਰਿਟਿਸ਼ ਕੋਲੰਬੀਆ ਨੇ ਲਗਾਈ ਪਾਬੰਦੀ

## ਕੌਮਾਂਤਰੀ ਸਿੱਖਿਆ ਪ੍ਰਣਾਲੀ ਵਿਚਲੇ ਨੁਕਸ ਨੂੰ ਠੀਕ ਕਰਨ ਲਈ ਪਾਬੰਦੀ ਜ਼ਰੂਰੀ : ਸਿੱਖਿਆ ਮੰਤਰੀ

## ਸਿੱਖਿਆ ਖੇਤਰ ਵਿੱਚ ਮਿਆਰਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਸਕੂਲਾਂ ਦੇ ਨਿਰੀਖਣਾਂ ਨੂੰ ਵਧਾਉਣ ਦਾ ਐਲਾਨ

ਬ੍ਰਿਟਿਸ਼ ਕੋਲੰਬੀਆ(ਕੈਨੇਡਾ)/ ਏ.ਟੀ.ਨਿਊਜ਼: ਇੱਕ ਪਾਸੇ ਪੰਜਾਬ ਦੇ ਵਿਦਿਆਰਥੀਆਂ ਵਿੱਚ ਕੈਨੇਡਾ ਵਿੱਚ ਜਾ ਕੇ ਪੜ੍ਹਾਈ ਕਰਨ ਦਾ ਰੁਝਾਨ ਵਧਦਾ ਜਾ ਰਿਹਾ ਹੈ, ਦੂਜੇ ਪਾਸੇ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ’ਤੇ ਦੋ ਸਾਲ ਦੀ ਪਾਬੰਦੀ ਲਗਾ ਦਿੱਤੀ ਹੈ, ਜਿਸ ਨਾਲ ਕੈਨੇਡਾ ਜਾ ਕੇ ਪੜ੍ਹਾਈ ਕਰਨ ਦੇ ਚਾਹਵਾਨ ਪੰਜਾਬੀ ਵਿਦਿਆਰਥੀਆਂ ਦੇ ਕੈਨੇਡਾ ਖਾਸ ਕਰਕੇ ਬ੍ਰਿਟਿਸ਼ ਕੋਲੰਬੀਆ ਪਰਵਾਸ ਨੂੰ ਠੱਲ੍ਹ ਪੈ ਸਕਦੀ ਹੈ।






ਪ੍ਰਾਪਤ ਜਾਣਕਾਰੀ ਅਨੁਸਾਰ ਕੈਨੇਡਾ ਦਾ ਬ੍ਰਿਟਿਸ਼ ਕੋਲੰਬੀਆ ਖੇਤਰ ਕੌਮਾਂਤਰੀ ਵਿਦਿਆਰਥੀਆਂ ਦੇ ਯੂਨੀਵਰਸਿਟੀਆਂ, ਕਾਲਜਾਂ ਅਤੇ ਹੋਰਨਾਂ ਇੰਸਟੀਚਿਊਟਾਂ ਵਿੱਚ ਦੋ ਸਾਲ ਲਈ ਨਵੇਂ ਦਾਖ਼ਲਿਆਂ ਉੱਤੇ ਪਾਬੰਦੀਆਂ ਲਗਾਉਣ ਜਾ ਰਿਹਾ ਹੈ।

ਬ੍ਰਿਟਿਸ਼ ਕੋਲੰਬੀਆ ਦੇ ਪ੍ਰਸ਼ਾਸਨ ਮੁਤਾਬਕ ਅਜਿਹਾ ਫੈਸਲਾ ਸਿੱਖਿਆ ਦੇ ਖੇਤਰ ਵਿੱਚ ਅਦਾਰਿਆਂ ਵੱਲੋਂ ਕੀਤੇ ਜਾ ਰਹੇ ਘਪਲਿਆਂ ਕਾਰਨ ਕੀਤਾ ਹੈ।

ਪੋਸਟ-ਸੈਕੰਡਰੀ ਸਿੱਖਿਆ ਮੰਤਰੀ ਸੇਲੀਨਾ ਰੌਬਿਨਸਨ ਨੇ ਕਿਹਾ ਕਿ ਕੌਮਾਂਤਰੀ ਸਿੱਖਿਆ ਪ੍ਰਣਾਲੀ ਵਿਚਲੇ ਨੁਕਸ ਨੂੰ ਠੀਕ ਕਰਨ ਲਈ ਇਹ ਪਾਬੰਦੀ ਜ਼ਰੂਰੀ ਹੈ। ਸੇਲੀਨਾ ਮੁਤਾਬਕ ਇਹ ਪ੍ਰਣਾਲੀ ‘ਉਸ ਤਰ੍ਹਾਂ ਨਾਲ ਕੰਮ ਨਹੀਂ ਕਰ ਰਹੀ ਹੈ ਜਿਵੇਂ ਕਿ ਇਸ ਨੂੰ ਕਰਨਾ ਚਾਹੀਦਾ ਹੈ।’

ਸੀ.ਬੀ.ਸੀ. ਮੁਤਾਬਕ ਬ੍ਰਿਟਿਸ਼ ਕੋਲੰਬੀਆ ਵਿੱਚ 150 ਤੋਂ ਵੱਧ ਦੇਸ਼ਾਂ ਦੇ 1,75,000 ਕੌਮਾਂਤਰੀ ਪੋਸਟ-ਸੈਕੰਡਰੀ ਵਿਦਿਆਰਥੀਆਂ ਵਿੱਚੋਂ, ਲਗਭਗ 54 ਫ਼ੀਸਦੀ ਪ੍ਰਾਈਵੇਟ ਸੰਸਥਾਵਾਂ ਵਿੱਚ ਦਾਖ਼ਲ ਹਨ। ਸੂਬੇ ਵਿੱਚ ਇਨ੍ਹਾਂ ਵਿੱਚੋਂ 280 ਪ੍ਰਾਈਵੇਟ ਸਕੂਲ ਹਨ ਅਤੇ ਇਨ੍ਹਾਂ ਵਿੱਚੋਂ 80 ਫ਼ੀਸਦੀ ਲੋਅਰ ਮੇਨਲੈਂਡ ਯਾਨਿ ਘੱਟ ਆਬਾਦੀ ਵਿੱਚ ਹਨ।

ਬ੍ਰਿਟਿਸ਼ ਕੋਲੰਬੀਆ ਵਿੱਚ ਵਿਦਿਆਰਥੀਆਂ ਦੀ ਗਿਣਤੀ ਵਿੱਚ ਕਾਫ਼ੀ ਵਾਧਾ ਹੋਇਆ ਹੈ, ਜਿਸ ਦੇ ਤਹਿਤ ਪਿਛਲੇ ਸਾਲ ਨਾਲੋਂ 2022 ਵਿੱਚ 8,00,000 ਤੋਂ ਵੱਧ ਵਿਦਿਆਰਥੀਆਂ ਦੀ ਆਮਦ ਹੋਈ ਜੋ 31 ਫ਼ੀਸਦੀ ਦਾ ਵਾਧਾ ਬਣਦਾ ਹੈ।

ਰੌਬਿਨਸਨ ਨੇ ਕਿਹਾ ਕਿ ਸੂਬੇ ਨੇ ਪਿਛਲੇ ਮਾਰਚ ਵਿੱਚ ਸਿਸਟਮ ਦੀ ਘੋਖ ਕਰਨੀ ਸ਼ੁਰੂ ਕੀਤੀ ਸੀ ਅਤੇ ‘ਮਾੜੀ-ਗੁਣਵੱਤਾ ਵਾਲੀ ਸਿੱਖਿਆ, ਅਧਿਆਪਕਾਂ ਦੀ ਘਾਟ’ ਅਤੇ ਇੱਥੋਂ ਤੱਕ ਕਿ ਕੁਝ ਨਿੱਜੀ ਸੰਸਥਾਵਾਂ ਵੱਲੋਂ ਵਿਦਿਆਰਥੀਆਂ ਨੂੰ ਰਸਮੀ ਸ਼ਿਕਾਇਤਾਂ ਦਰਜ ਕਰਨ ਤੋਂ ‘ਡਰਾਉਣ’ ਦੀਆਂ ਗੱਲਾਂ ਸਾਹਮਣੇ ਆ ਰਹੀਆਂ ਹਨ। ਰੌਬਿਨਸਨ ਨੇ ਕਿਹਾ ਕਿ ਖੇਤਰ ਵਿੱਚ ਮਿਆਰਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਸਕੂਲਾਂ ਦੇ ਨਿਰੀਖਣਾਂ ਨੂੰ ਵਧਾਇਆ ਜਾਵੇਗਾ।

ਰੌਬਿਨਸਨ ਨੇ ਕਿਹਾ ਕਿ ਅਦਾਰਿਆਂ ਲਈ ਡਿਗਰੀ ਦੀ ਗੁਣਵੱਤਾ ਲਈ ਉੱਚ ਮੁਲਾਂਕਣ ਦੇ ਮਾਪਦੰਡ ਤੈਅ ਕੀਤੇ ਜਾਣਗੇ ਤੇ ਲੇਬਰ ਮਾਰਕਿਟ ਦੀਆਂ ਜ਼ਰੂਰਤਾਂ ਉੱਤੇ ਵੀ ਧਿਆਨ ਦਿੱਤਾ ਜਾਵੇਗਾ।

# ਫਰਾਂਸ ’ਚ ਉੱਠਿਆ ਕਿਸਾਨ ਸੰਘਰਸ਼ ਆਲਮੀ ਖੁਰਾਕ ਸੰਕਟ ਦਾ ਹੀ ਇੱਕ ਹੋਰ ਰੂਪ

## ਦੇਸ਼ ਭਰ ’ਚ 70,000 ਤੋਂ ਵੱਧ ਕਿਸਾਨਾਂ ਵੱਲੋਂ ਸਰਕਾਰ ਦੀਆਂ ਨੀਤੀਆਂ ਵਿਰੁੱਧ ਪ੍ਰਦਰਸ਼ਨ

## ਕਿਸਾਨਾਂ ਵੱਲੋਂ ਵੱਧ ਖਰੀਦ ਕੀਮਤਾਂ, ਘੱਟ ਪਾਬੰਦੀਆਂ ਤੇ ਲਾਗਤ ਖ਼ਰਚੇ ਘਟਾਉਣ ਦੀ ਮੰਗ








## ਕਿਸਾਨਾਂ ਨੇ ਸੜਕਾਂ ’ਤੇ ਘਾਹ-ਫੂਸ ਸੁੱਟ ਕੇ ਪੈਰਿਸ ਵਲ ਜਾਂਦੇ ਰਾਜ ਮਾਰਗ ਕੀਤੇ ਬੰਦ

ਪੈਰਿਸ/ਏ.ਟੀ.ਨਿਊਜ਼ : ਫਰਾਂਸ ਦੇ ਕਿਸਾਨ ਅੰਦੋਲਨ ਦੇ ਰਾਹ ਪੈ ਗਏ ਹਨ ਅਤੇ ਕਿਸਾਨਾਂ ਨੇ ਫਰਾਂਸ ਦੀ ਰਾਜਧਾਨੀ ਪੈਰਿਸ ਨੂੰ ਹਰ ਪਾਸੇ ਤੋਂ ਘੇਰ ਲਿਆ ਹੈ। ਅਸਲ ’ਚ ਫਰਾਂਸ ਵਿੱਚ ਉੱਠਿਆ ਸੰਘਰਸ਼ ਆਲਮੀ ਖੁਰਾਕ ਸੰਕਟ ਦਾ ਹੀ ਇੱਕ ਹੋਰ ਰੂਪ ਹੈ, ਜਿਸ ਨੂੰ ਯੂਕਰੇਨ ’ਤੇ ਰੂਸ ਦੇ ਹਮਲੇ ਨੂੰ ਹੋਰ ਡੂੰਘਾ ਕਰ ਦਿੱਤਾ ਹੈ। ਫਰਾਂਸੀਸੀ ਕਿਸਾਨਾਂ ਦਾ ਕਹਿਣਾ ਹੈ ਕਿ ਖਾਦਾਂ ਤੇ ਊਰਜਾ ਦੀਆਂ ਕੀਮਤਾਂ ਅਤੇ ਹੋਰ ਲਾਗਤ ਖ਼ਰਚਿਆਂ ਦੇ ਵਧਣ ਕਾਰਨ ਫਸਲਾਂ ਪਾਲਣਾ ਔਖਾ ਹੋ ਗਿਆ ਹੈ। ਇਸ ਤੋਂ ਇਲਾਵਾ ਪਸ਼ੂਆਂ ਨੂੰ ਪਾਲਣ ਵਿੱਚ ਵੀ ਮੁਸ਼ਕਿਲ ਆ ਰਹੀ ਹੈ।

ਰਾਜਧਾਨੀ ਪੈਰਿਸ ਦੁਆਲੇ ਇਕੱਠੇ ਹੋਏ ਮੁਜ਼ਾਹਰਾ ਕਾਰੀ ਕਿਸਾਨਾਂ ਨਾਲ ਨਜਿੱਠਣ ਲਈ ਫਰਾਂਸ ਸਰਕਾਰ ਨੇ ਨਵੇਂ ਕਦਮ ਚੁੱਕੇ ਹਨ। ਫਰਾਂਸ ਸਰਕਾਰ ਨੇ ਕਿਸਾਨਾਂ ਨੂੰ ਸ਼ਾਂਤ ਕਰਨ ਲਈ ਹੋਰ ਰਿਆਇਤਾਂ ਦੇਣ ਦਾ ਐਲਾਨ ਕੀਤਾ ਹੈ।

ਜ਼ਿਕਰਯੋਗ ਹੈ ਕਿ ਕਿਸਾਨ ਸ਼ਿਕਾਇਤ ਕਰ ਰਹੇ ਹਨ ਕਿ ਫਸਲ ਉਗਾਉਣਾ ਤੇ ਪਾਲਣਾ ਬਹੁਤ ਮੁਸ਼ਕਿਲ ਹੁੰਦਾ ਜਾ ਰਿਹਾ ਹੈ ਤੇ ਲਾਹੇਵੰਦ ਨਹੀਂ ਹੈ। ਸਰਕਾਰ ਦੀਆਂ ਤਰਜੀਹਾਂ ਬਾਰੇ ਨਵੇਂ ਪ੍ਰਧਾਨ ਮੰਤਰੀ ਗੈਬਰੀਅਲ ਐਟਲ ਸੰਸਦ ਦੇ ਹੇਠਲੇ ਸਦਨ ਵਿੱਚ ਦੱਸਣਗੇ। ਦੱਸਣਯੋਗ ਹੈ ਕਿ ਫਰਾਂਸ ਵਿੱਚ ਕਿਸਾਨਾਂ ਦਾ ਰੋਸ ਮੁਜ਼ਾਹਰਾ ਸਰਕਾਰ ਲਈ ਸਿਰਦਰਦੀ ਬਣ ਗਿਆ ਹੈ। ਕਿਸਾਨ ਵੱਧ ਖਰੀਦ ਕੀਮਤਾਂ, ਘੱਟ ਪਾਬੰਦੀਆਂ ਤੇ ਲਾਗਤ ਖਰਚੇ ਘਟਾਉਣ ਦੀ ਮੰਗ ਕਰ ਰਹੇ ਹਨ। ਪਿਛਲੇ ਹਫ਼ਤੇ ਸਰਕਾਰ ਵੱਲੋਂ ਚੁੱਕੇ ਕਦਮਾਂ ਨੂੰ ਕਿਸਾਨਾਂ ਨੇ ਨਾਕਾਫ਼ੀ ਕਰਾਰ ਦਿੱਤਾ ਸੀ। ਸਰਕਾਰ ਨੇ ਵਾਅਦਾ ਕੀਤਾ ਸੀ ਕਿ ਉਹ ਹੋਰ ਐਲਾਨ ਕਰੇਗੀ।

ਕਿਸਾਨਾਂ ਨੇ ਪੈਰਿਸ ਨੂੰ ਚੁਫੇਰਿਓਂ ਘੇਰਿਆ ਹੋਇਆ ਹੈ। ਸੈਂਕੜੇ ਟਰੈਕਟਰਾਂ ਨੇ ਸੜਕਾਂ ਉੱਤੇ ਘਾਹ-ਫੂਸ ਸੁੱਟ ਕੇ ਪੈਰਿਸ ਵਾਲੇ ਜਾਂਦੇ ਰਾਜ ਮਾਰਗ ਬੰਦ ਕਰ ਦਿੱਤੇ ਹਨ। ਮੁਜ਼ਾਹਰਾ ਕਾਰੀ ਕਿਸਾਨ ਲੰਮੇ ਸੰਘਰਸ਼ ਦੀ ਤਿਆਰੀ ਕਰ ਰਹੇ ਹਨ। ਉਨ੍ਹਾਂ ਟੈਂਟ ਲਾ ਲਏ ਹਨ ਤੇ ਉਨ੍ਹਾਂ ਕੋਲ ਖਾਣ-ਪੀਣ ਦਾ ਵੀ ਵਾਧੂ ਪ੍ਰਬੰਧ ਹੈ। ਸਰਕਾਰ ਨੇ ਪੈਰਿਸ ਖੇਤਰ ਵਿੱਚ 15,000 ਪੁਲਿਸ ਕਰਮੀਂ ਤਾਇਨਾਤ ਕੀਤੇ ਹਨ ਤਾਂ ਕਿ ਮੁਜ਼ਾਹਰਾ ਕਾਰੀ ਰਾਜਧਾਨੀ ਵਿੱਚ ਦਾਖਲ ਨਾ ਹੋ ਸਕਣ।

ਫਰਾਂਸ ਦੇ ਗੁਆਂਢੀ ਮੁਲਕ ਬੈਲਜੀਅਮ ਵਿੱਚ ਵੀ ਕਿਸਾਨਾਂ ਨੇ ਸੰਘਰਸ਼ ਦਾ ਝੰਡਾ ਚੁੱਕ ਲਿਆ ਹੈ। ਉਨ੍ਹਾਂ ਬੈਲਜੀਅਮ ਦੀ ਰਾਜਧਾਨੀ ‘ਬਰੱਸਲਜ਼’ ਵੱਲ ਜਾਂਦੇ ਕੁਝ ਮੁੱਖ ਮਾਰਗਾਂ ਸਣੇ ਹੋਰ ਸੜਕਾਂ ’ਤੇ ਬੈਰੀਕੇਡ ਲਾ ਦਿੱਤੇ ਹਨ ਤੇ ਟਰੈਫ਼ਿਕ ਰੋਕ ਦਿੱਤੀ ਹੈ।



# ਬਰਤਾਨੀਆ 'ਚ ਦਿਸੇਗੀ ਖ਼ਾਲਸਾ ਰਾਜ ਦੇ ਆਖ਼ਰੀ ਮਹਾਰਾਜਾ ਦੀ ਵਿਰਾਸਤ, ਮਿਲੀ 2 ਲੱਖ ਪੌਂਡ ਦੀ ਗ੍ਰਾਂਟ

## ਮਿਊਜ਼ੀਅਮ ਦੀ ਸਥਾਪਨਾ 1924 'ਚ ਮਹਾਰਾਜਾ ਦਲੀਪ ਸਿੰਘ ਦੇ ਪੁੱਤਰ ਪ੍ਰਿੰਸ ਫ਼ਰੈਡਰਿਕ ਦਲੀਪ ਸਿੰਘ ਨੇ ਕੀਤੀ ਸੀ





ਲੰਡਨ/ਏ.ਟੀ.ਨਿਊਜ਼: ਬਰਤਾਨੀਆ ਵਿੱਚ ਇੱਕ ਅਜਾਇਬ ਘਰ ਨੂੰ ਨੈਸ਼ਨਲ ਲਾਟਰੀ ਹੈਰੀਟੇਜ ਫੰਡ ਦੁਆਰਾ ਲਗਭਗ 200,000 ਪੌਂਡ ਦੀ ਗ੍ਰਾਂਟ ਦਿੱਤੀ ਗਈ ਹੈ। ਇੰਨੀ ਵੱਡੀ ਰਕਮ ਸਿੱਖ ਸਾਮਰਾਜ ਦੇ ਆਖ਼ਰੀ ਸ਼ਾਸਕ ਮਹਾਰਾਜਾ ਦਲੀਪ ਸਿੰਘ ਦੀ ਵਿਰਾਸਤ ਨੂੰ ਯਾਦ ਕਰਨ ਲਈ ਦਿੱਤੀ ਗਈ ਹੈ। ਇਹ ਫੰਡ ਥੈਟਫੋਰਡ, ਨਾਰਫੋਕ ਵਿੱਚ ਪ੍ਰਾਚੀਨ ਹਾਊਸ ਮਿਊਜ਼ੀਅਮ ਨੂੰ ਇਸਦੀ 100ਵੀਂ ਵਰ੍ਹੇਗੰਢ ਨੂੰ ਮਨਾਉਣ ਲਈ ਪੇਸ਼ ਕੀਤੇ ਗਏ ਸਨ। ਜਾਣਕਾਰੀ ਲਈ ਦੱਸ ਦੇਈਏ ਕਿ ਇਸ ਮਿਊਜ਼ੀਅਮ ਦੀ ਸਥਾਪਨਾ 1924 ਵਿੱਚ ਮਹਾਰਾਜਾ ਦਲੀਪ ਸਿੰਘ ਦੇ ਪੁੱਤਰ ਪ੍ਰਿੰਸ ਫਰੈਡਰਿਕ ਦਲੀਪ ਸਿੰਘ ਨੇ ਕੀਤੀ ਸੀ।

### ਡਿਸਪਲੇ ਰਾਹੀਂ ਦਿਖਾਈ ਜਾਵੇਗੀ ਕਹਾਣੀ

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 198,059 ਪੌਂਡ ਦੀ ਗ੍ਰਾਂਟ ਡਿਸਪਲੇ ਰਾਹੀਂ ਪਰਿਵਾਰ ਦੀ ਕਹਾਣੀ ਦੱਸਣ ਲਈ ਵਰਤੀ ਜਾਵੇਗੀ। ਮਹਾਰਾਜਾ ਦਲੀਪ ਸਿੰਘ ਮਹਾਰਾਜਾ ਰਣਜੀਤ ਸਿੰਘ ਦਾ ਸਭ ਤੋਂ ਛੋਟਾ ਪੁੱਤਰ ਸੀ, ਜਿਸਨੇ 1799 ਵਿੱਚ ਪੰਜਾਬ ਵਿੱਚ ਖ਼ਾਲਸਾ ਰਾਜ ਦੀ ਸਥਾਪਨਾ ਕੀਤੀ ਸੀ। ਆਪਣੇ ਪਿਤਾ ਅਤੇ ਭਰਾ ਦੀ ਮੌਤ ਤੋਂ ਬਾਅਦ, ਦਲੀਪ ਸਿੰਘ ਪੰਜ ਸਾਲ ਦੀ ਉਮਰ ਵਿੱਚ ਰਾਜ ਦਾ ਸ਼ਾਸਕ ਬਣ ਗਿਆ, ਪਰ 1849 ਵਿੱਚ ਬਰਤਾਨੀਆ ਦੁਆਰਾ ਪੰਜਾਬ 'ਤੇ ਕਬਜ਼ਾ ਕਰਨ ਤੋਂ ਬਾਅਦ ਉਸਨੂੰ ਧੋਖੇ ਨਾਲ ਗੱਦੀ ਤੋਂ ਹਟਾ ਦਿੱਤਾ ਗਿਆ ਤੇ ਦੇਸ ਪੰਜਾਬ ਉੱਪਰ ਕਬਜ਼ਾ ਕਰ ਲਿਆ।

ਅੰਗਰੇਜ਼ ਮਹਾਰਾਜਾ ਰਣਜੀਤ ਸਿੰਘ ਦੇ ਖ਼ਾਲਸਾ ਰਾਜ 'ਤੇ ਕਬਜ਼ਾ ਕਰਨ ਤੋਂ ਬਾਅਦ ਮਹਾਰਾਜਾ ਦਲੀਪ ਸਿੰਘ ਨੂੰ ਇੰਗਲੈਂਡ ਲੈ ਗਏ ਅਤੇ ਮਹਾਰਾਣੀ ਜਿੰਦ ਕੌਰ ਨੂੰ ਕੈਦ ਕਰ ਕੇ ਦੇਸ਼ ਨਿਕਾਲਾ ਦੇ ਦਿੱਤਾ। ਮਹਾਰਾਣੀ ਜਿੰਦ ਕੌਰ ਨੇ ਆਪਣਾ ਰਾਜ ਅਤੇ ਆਪਣਾ ਬੇਟਾ ਵਾਪਸ ਲੈਣ ਦੀਆਂ ਕਈ ਵਾਰ ਸਿਰਤੋੜ ਕੋਸ਼ਿਸ਼ਾਂ ਕੀਤੀਆਂ ਜਿਨ੍ਹਾਂ ਵਿੱਚੋਂ ਉਹ ਅਸਫਲ ਰਹੀ। ਮਹਾਰਾਣੀ ਜਿੰਦ ਕੌਰ ਏਨੀਂ ਦਲੇਰ ਸੀ ਕਿ ਉਸਦੇ ਮਰਨ ਤਕ ਅੰਗਰੇਜ਼ ਉਸ ਤੋਂ ਭੈਅ ਖਾਂਦੇ ਰਹੇ। ਮਹਾਰਾਜਾ ਦਲੀਪ ਸਿੰਘ ਨੂੰ ਇੰਗਲੈਂਡ ਲਿਜਾ ਕੇ ਛੋਟੀ ਉਮਰ ਵਿੱਚ ਹੀ ਈਸਾਈ ਬਣਾ ਲਿਆ ਗਿਆ ਪਰ ਜਦੋਂ ਉਹ ਵੱਡਾ ਹੋਇਆ ਅਤੇ ਹੌਲੀ-ਹੌਲੀ ਉਸ ਨੂੰ ਸਮਝ ਆਈ ਤਾਂ ਉਸ ਦਾ ਮਨ ਅੰਗਰੇਜ਼ਾਂ ਦੇ ਸੁਭਾਅ ਅਤੇ ਦੇਸ਼ ਤੋਂ ਉਕਤਾਉਣ ਲੱਗ ਪਿਆ। ਜਦੋਂ ਉਹ ਪਹਿਲੀ ਵਾਰ ਭਾਰਤ ਆਇਆ, ਆਪਣੀ ਮਾਂ ਨੂੰ ਮਿਲਿਆ ਤਾਂ ਉਸ ਨੂੰ ਆਪਣੇ ਵਿਰਸੇ ਦੀ ਛੋਹ ਮੁੜ ਮਹਿਸੂਸ ਹੋਣ ਲੱਗੀ। ਮਹਾਰਾਜਾ ਦਲੀਪ ਸਿੰਘ ਨੇ ਅੰਗਰੇਜ਼ਾਂ ਸਾਹਮਣੇ ਆਪਣੀ ਮਾਂ ਨੂੰ ਆਪਣੇ ਨਾਲ ਇੰਗਲੈਂਡ ਲਿਜਾਣ ਦੀ ਇੱਛਾ ਜਾਹਰ ਕੀਤੀ ਤਾਂ ਅੰਗਰੇਜ਼ਾਂ ਨੇ ਖ਼ੁਸ਼ੀ-ਖ਼ੁਸ਼ੀ ਪਰਵਾਨ ਕਰ ਲਈ ਕਿਉਕਿ ਏਥੋਂ ਦੇ ਅੰਗਰੇਜ਼ ਹਾਕਮ ਮਹਾਰਾਣੀ ਨੂੰ ਸਦਾ ਖ਼ਤਰਾ ਸਮਝਦੇ ਸਨ ਜਦੋਂ ਮਹਾਰਾਣੀ ਇੰਗਲੈਂਡ ਚਲੀ ਗਈ ਤਾਂ ਕੁਝ ਚਿਰਾਂ ਬਾਅਦ ਹੀ ਮਹਾਰਾਜਾ ਦਲੀਪ ਸਿੰਘ ਨੇ ਇਸਾਈਅਤ ਵਿੱਚ ਆਪਣਾ ਯਕੀਨ ਪ੍ਰਗਟਾਉਣਾ ਛੱਡ ਦਿੱਤਾ ਅਤੇ ਉਹ ਆਪਣੇ ਰਾਜ ਦੀਆਂ ਗੱਲਾਂ ਕਰਨ ਲੱਗ ਗਿਆ। ਇਸ ਗੱਲ ਤੋਂ ਅੰਗਰੇਜ਼ ਬਹੁਤ ਖ਼ਫ਼ਾ ਹੋਏ ਉਨ੍ਹਾਂ ਨੇ ਜਬਰਦਸਤੀ ਮਾਂ-ਪੁੱਤ ਨੂੰ ਅੱਡ ਕਰ ਦਿੱਤਾ। ਮਹਾਰਾਣੀ, ਜਿਹੜੀ ਕਿ ਚਿਨਾਰ ਅਤੇ ਨੇਪਾਲ ਦੇ ਕਿਲ੍ਹਿਆਂ ਵਿੱਚ ਰਹਿੰਦੀ ਅੰਨ੍ਹੀ ਹੋ ਚੁੱਕੀ ਸੀ, ਪੁੱਤ ਦੇ ਕੋਲ ਰਹਿੰਦਿਆਂ ਵੀ ਦੂਰ ਹੋਣ ਦੇ ਵਿਛੋੜੇ ਵਿੱਚ ਥੋੜ੍ਹੇ ਦਿਨਾਂ 'ਚ ਹੀ ਚੱਲ ਵਸੀ। ਉਸ ਦੀ ਆਖ਼ਰੀ ਇੱਛਾ ਸੀ ਕਿ ਉਸ ਦਾ ਸਸਕਾਰ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਕੋਲ ਕੀਤਾ ਜਾਵੇ ਪਰ ਅੰਗਰੇਜ਼ ਸਰਕਾਰ ਨੇ ਕਈ ਮਹੀਨਿਆਂ ਦੀ ਤਰਲਾ ਮਿੰਨਤ ਤੋਂ ਬਾਅਦ ਵੀ ਮਹਾਰਾਜਾ ਦਲੀਪ ਸਿੰਘ ਨੂੰ ਪੰਜਾਬ ਜਾਣ ਦੀ ਆਗਿਆ ਨਾ ਦਿੱਤੀ ਅਖੀਰ ਉਹ ਕਲਕੱਤੇ ਦੇ ਕੋਲ ਇੱਕ ਦਰਿਆ ਦੇ ਕਿਨਾਰੇ ਸਸਕਾਰ ਕਰ ਕੇ ਮੁੜ ਗਿਆ। ਇੱਥੋਂ ਮੁੜਕੇ ਇੰਗਲੈਂਡ ਜਾਣ ਤੋਂ ਥੋੜ੍ਹਾ ਚਿਰ ਬਾਅਦ ਉਸ ਨੇ ਅੰਗਰੇਜ਼ੀ ਸਰਕਾਰ ਤੋਂ ਮੰਗ ਕੀਤੀ ਕਿ ਅਹਿਦਨਾਮੇ ਦੇ ਮੁਤਾਬਕ ਮੈਂ ਬਾਲਗ ਹੋ ਚੁੱਕਿਆ ਹਾਂ ਮੇਰਾ ਰਾਜ ਮੈਨੂੰ ਵਾਪਸ ਕੀਤਾ ਜਾਵੇ। ਕੁਝ ਚਿਰ ਕਾਨੂੰਨੀ ਚਾਰਾਜੋਈ ਕਰਨ ਤੋਂ ਬਾਅਦ ਮਹਾਰਾਜਾ ਨਿਰਾਸ਼ ਹੋ ਕੇ ਇੰਗਲੈਂਡ ਛੱਡ ਕੇ ਫਰਾਂਸ ਚਲਾ ਗਿਆ ਤੇ ਉਥੋਂ ਦੀ ਸਰਕਾਰ ਕੋਲ ਅੰਗਰੇਜ਼ਾਂ ਖ਼ਿਲਾਫ਼ ਮਦਦ ਦੀ ਮੰਗ ਕੀਤੀ।

ਫਰਾਂਸ ਸਰਕਾਰ ਨੇ ਉਸਦੀ ਕੋਈ ਸਹਾਇਤਾ ਨਾ ਕੀਤੀ। ਏਥੋਂ ਅੱਗੇ ਉਹ ਰੂਸ ਚਲਾ ਗਿਆ। ਉਥੋਂ ਦੇ ਬਾਦਸ਼ਾਹ ਕੋਲੋਂ ਮੰਗ ਕੀਤੀ ਕਿ ਮੇਰਾ ਰਾਜ ਵਾਪਸ ਲੈਣ ਵਿੱਚ ਮੇਰੀ ਸਹਾਇਤਾ ਕੀਤੀ ਜਾਵੇ ਪਰ ਰੂਸ ਦੇ ਬਾਦਸ਼ਾਹ ਨੇ ਉਸ ਨੂੰ ਮਿਲਣਾ ਵੀ ਮੁਨਾਸਬ ਨਾ ਸਮਝਿਆ। ਉਸ ਨੇ ਹਿੰਦੁਸਤਾਨ ਦੇ ਅਖ਼ਬਾਰਾਂ ਵਿੱਚ ਚਿੱਠੀਆਂ ਛਪਵਾ ਕੇ ਪੰਜਾਬ ਅਤੇ ਹਿੰਦੁਸਤਾਨ ਦੇ ਲੋਕਾਂ ਨੂੰ ਆਪਣੀ ਸਹਾਇਤਾ ਕਰਨ ਲਈ ਆਖਿਆ। ਸਿੱਖਾਂ ਦਾ ਇਹ ਮਹਾਰਾਜਾ ਕਈ ਵਰ੍ਹੇ ਰੂਸ ਅਤੇ ਫਰਾਂਸ ਦੀਆਂ ਗਲੀਆਂ ਦੀਆਂ ਖਾਕ ਛਾਣਦਾ ਹੋਇਆ ਬਿਮਾਰੀ ਅਤੇ ਗ਼ਰੀਬੀ ਦੀ ਹਾਲਤ 'ਚ ਫਰਾਂਸ ਦੇ ਗਰੈਂਡ ਹੋਟਲ 'ਚ 22 ਅਕਤੂਬਰ 1893 ਨੂੰ ਸਦਾ ਲਈ ਅੱਖਾਂ ਮੀਟ ਗਿਆ।

### ਦਲੀਪ ਸਿੰਘ ਦਾ ਇੰਗਲੈਂਡ ਵਾਲਾ ਘਰ ਬਣਿਆ ਮਿਊਜ਼ੀਅਮ

ਦਲੀਪ ਸਿੰਘ ਜਦੋਂ ਇੰਗਲੈਂਡ ਆਇਆ ਅਤੇ ਬਾਅਦ ਵਿੱਚ ਐਲਵੇਡਨ ਹਾਲ, ਸਫੋਕ ਵਿੱਚ ਆਪਣਾ ਘਰ ਬਣਾ ਲਿਆ। ਉਸ ਦਾ ਪਰਿਵਾਰ ਅਗਲੀ ਸਦੀ ਤੱਕ ਇਸ ਖੇਤਰ ਵਿੱਚ ਰਿਹਾ। ਦਲੀਪ ਸਿੰਘ ਦੇ ਦੂਜੇ ਪੁੱਤਰ ਪ੍ਰਿੰਸ ਫਰੈਡਰਿਕ ਨੇ ਥੈਟਫੋਰਡ ਦਾ ਪ੍ਰਾਚੀਨ ਘਰ ਅਜਾਇਬ ਘਰ ਸ਼ਹਿਰ ਦੇ ਲੋਕਾਂ ਨੂੰ ਦਾਨ ਕੀਤਾ। ਉਹ ਸੂਫੋਕ ਅਤੇ ਨੌਰਫੋਕ ਯਿਓਮੈਨਰੀ ਦਾ ਹਿੱਸਾ ਸੀ ਅਤੇ ਪਹਿਲੇ ਵਿਸ਼ਵ ਯੁੱਧ ਵਿੱਚ ਸੇਵਾ ਕੀਤੀ ਸੀ।

ਨੈਸ਼ਨਲ ਲਾਟਰੀ ਹੈਰੀਟੇਜ ਫੰਡ ਲਈ ਇੰਗਲੈਂਡ, ਮਿਡਲੈਂਡਜ਼ ਅਤੇ ਈਸਟ ਦੇ ਡਾਇਰੈਕਟਰ ਰੌਬਿਨ ਲੇਵੇਲਿਨ ਨੇ ਕਿਹਾ ਕਿ ਅਜਾਇਬ ਘਰ ਹੁਣ 'ਦਲੀਪ ਸਿੰਘ ਪਰਿਵਾਰ ਦੇ ਦਿਲਚਸਪ ਇਤਿਹਾਸ' ਨੂੰ ਪ੍ਰਦਰਸ਼ਿਤ ਕਰਨ ਲਈ ਦੋ ਸਾਲਾਂ ਦੇ ਪ੍ਰੋਜੈਕਟ 'ਤੇ ਕੰਮ ਕਰ ਰਿਹਾ ਹੈ।

ਨਾਰਫੋਕ ਕਾਊਂਟੀਕੌਂਸਲ ਨੇ ਕਿਹਾ ਕਿ ਨਵੀਆਂ ਪ੍ਰਦਰਸ਼ਨੀਆਂ ਵਿੱਚ ਐਂਗਲੋ-ਪੰਜਾਬ ਇਤਿਹਾਸ ਦਾ ਇੱਕ ਸ਼ਾਨਦਾਰ 'ਖਜ਼ਾਨਾ', ਐਲਵੇਡਨ ਹਾਲ ਦਾ ਇੱਕ ਮਾਡਲ, ਦਲੀਪ ਸਿੰਘ ਦੀ ਤਸਵੀਰ ਅਤੇ ਵਿਸ਼ਵਵਿਆਪੀ ਮਤਾ ਪ੍ਰਾਪਤ ਕਰਨ ਲਈ ਪਰਿਵਾਰ ਦੇ ਯੋਗਦਾਨ ਅਤੇ ਸਰਗਰਮੀ ਨੂੰ ਦਰਸਾਉਂਦੀਆਂ ਪ੍ਰਦਰਸ਼ਨੀਆਂ ਸ਼ਾਮਲ ਹਨ। ਅਜਾਇਬ ਘਰ ਪਰਿਵਾਰਕ ਵਸਤੂਆਂ ਨੂੰ ਵੀ ਪ੍ਰਦਰਸ਼ਿਤ ਕਰੇਗਾ, ਜਿਵੇਂ ਕਿ ਦਲੀਪ ਸਿੰਘ ਦੀ ਵਾਕਿੰਗ ਸਟਿੱਕ, ਜੋ ਕਿ ਉਸ ਨੂੰ ਕਿੰਗ ਐਡਵਰਡ ਦੁਆਰਾ ਦਿੱਤੀ ਗਈ ਸੀ ਜਦੋਂ ਉਹ ਵੇਲਜ਼ ਦੇ ਪ੍ਰਿੰਸ ਸਨ।

# ਕੀ ਪੰਜਾਬੀਆਂ ਦੇ ਕੈਨੇਡਾ ਜਾਣ ਦੇ ਰੁਝਾਨ ਨੂੰ ਲੱਗਣਗੀਆਂ ਬਰੇਕਾਂ?

## ਆਈਲੈਟਸ ਪਾਸ ਕੁੜੀਆਂ ਸਹਾਰੇ ਕੈਨੇਡਾ ਜਾਣ ਵਾਲਿਆਂ ਦੇ ਰੁਝਾਨ ਨੂੰ ਠੱਲ੍ਹ ਪਾਉਣਗੇ ਕੈਨੇਡਾ ਦੇ ਪਰਵਾਸ ਸੰਬੰਧੀ ਨਵੇਂ ਨਿਯਮ

### ਕੰਟ੍ਰੈਕਟ ਮੈਰਿਜ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਸਕਦੇ ਹਨ ਨਵੇਂ ਨਿਯਮ

ਕੈਨੇਡਾ ਨੂੰ ਪੰਜਾਬੀਆਂ ਦੀ ਸੁਪਨ ਨਗਰੀ ਕਿਹਾ ਜਾਂਦਾ ਹੈ, ਇਸੇ ਕਾਰਨ ਵੱਡੀ ਗਿਣਤੀ ਪੰਜਾਬੀ ਦਿਨ ਵੇਲੇ ਵੀ ਕੈਨੇਡਾ ਜਾਣ ਦੇ ਸੁਪਨੇ ਵੇਖਦੇ ਰਹਿੰਦੇ ਹਨ। ਪੰਜਾਬੀ ਨੌਜਵਾਨਾਂ ਨੇ ਕੈਨੇਡਾ ਜਾਣ ਲਈ ਕਾਫ਼ੀ ਸਮੇਂ ਤੋਂ ਆਈਲੈਟਸ ਪਾਸ ਕੁੜੀਆਂ ਨੂੰ ਆਪਣੇ ਖ਼ਰਚੇ 'ਤੇ ਕੈਨੇਡਾ ਭੇਜਣ ਦਾ ਰਾਹ ਫੜਿਆ ਹੋਇਆ ਹੈ। ਆਈਲੈਟਸ ਪਾਸ ਕੁੜੀਆਂ ਨਾਲ ਕੰਟ੍ਰੈਕਟ ਮੈਰਿਜ ਜਾਂ ਅਸਲੀ ਵਿਆਹ ਕਰਵਾ ਕੇ ਵੱਡੀ ਗਿਣਤੀ ਨੌਜਵਾਨ ਉਹਨਾਂ ਕੁੜੀਆਂ ਨੂੰ ਆਪਣੇ ਖਰਚੇ ਤੇ ਕੈਨੇਡਾ ਭੇਜ ਦਿੰਦੇ ਹਨ, ਬਾਅਦ ਵਿੱਚ ਉਹ ਆਪ ਵੀ ਕੈਨੇਡਾ ਪਹੁੰਚ ਜਾਂਦੇ ਹਨ ਪਰ ਹੁਣ ਪੰਜਾਬੀਆਂ ਦੇ ਇਸ ਤਰੀਕੇ ਨਾਲ ਕੈਨੇਡਾ ਜਾਣ ਦੇ ਰੁਝਾਨ ਨੂੰ ਬਰੇਕਾਂ ਲੱਗ ਸਕਦੀਆਂ ਹਨ, ਕਿਉਂਕਿ ਕੈਨੇਡਾ ਦੀ ਸਰਕਾਰ ਨੇ ਪਰਵਾਸ ਸਬੰਧੀ ਨਵੇਂ ਨਿਯਮ ਬਣਾ ਦਿੱਤੇ ਹਨ, ਜਿਸ ਕਾਰਨ ਆਈਲੈਟਸ ਪਾਸ ਲੜਕੀਆਂ ਨੂੰ ਵਿਆਹ ਤੋਂ ਬਾਅਦ ਆਪਣੇ ਖ਼ਰਚੇ 'ਤੇ ਕੈਨੇਡਾ ਭੇਜ ਕੇ ਉਹਨਾਂ ਦੇ ਪਿੱਛੇ ਹੀ ਕੈਨੇਡਾ ਪਹੁੰਚਣਾ ਬਹੁਤ ਔਖਾ ਹੋ ਜਾਵੇਗਾ।

ਕੈਨੇਡਾ ਨੇ ਪਰਵਾਸ ਨੀਤੀ ਵਿੱਚ ਵੱਡਾ ਬਦਲਾਅ ਕਰਦਿਆਂ ਕੌਮਾਂਤਰੀ ਵਿਦਿਆਰਥੀਆਂ ਦੀ ਆਮਦ ਨੂੰ ਦੋ ਸਾਲਾਂ ਲਈ ਸੀਮਤ ਕਰਨ ਦਾ ਐਲਾਨ ਕੀਤਾ ਹੈ। ਕੈਨੇਡਾ ਦੇ ਪਰਵਾਸ ਮਾਮਲਿਆਂ ਦੇ ਮੰਤਰੀ ਮਾਰਕ ਮਿਲਰ ਨੇ ਜੋ ਐਲਾਨ ਕੀਤੇ ਹਨ, ਉਸ ਦੇ ਨਵੇਂ ਨਿਯਮ ਉੱਤਰੀ ਭਾਰਤ ਵਿੱਚ ਪੰਜਾਬ ਅਤੇ ਹਰਿਆਣਾ ਦੇ ਕੈਨੇਡਾ ਜਾਣ ਦੇ ਚਾਹਵਾਨਾਂ ਲਈ ਇੱਕ ਵੱਡਾ ਝਟਕਾ ਮੰਨੇ ਜਾ ਰਹੇ ਹਨ। ਖਾਸ ਤੌਰ 'ਤੇ ਅੰਡਰ-ਗਰੈਜੂਏਟ ਕੋਰਸ ਕਰਨ ਵਾਲੇ ਵਿਦਿਆਰਥੀਆਂ ਦੇ ਲਈ ਕਿਉਂਕਿ ਹੁਣ ਉਹਨਾਂ ਦੇ ਜੀਵਨ ਸਾਥੀ ਨੂੰ ਓਪਨ ਵਰਕ ਪਰਮਿਟ ਨਹੀਂ ਮਿਲੇਗਾ।

ਪੰਜਾਬ ਵਿੱਚ ਵੱਡੀ ਗਿਣਤੀ ਵਿੱਚ ਨੌਜਵਾਨ ਮੁੰਡਿਆਂ ਦਾ ਕੈਨੇਡਾ ਜਾਣ ਲਈ ਆਈਲੈਟਸ ਪਾਸ ਕੁੜੀਆਂ ਨਾਲ ਕੰਟ੍ਰੈਕਟ (ਇਕਰਾਰਨਾਮਾ) ਜਾਂ ਅਸਲ ਵਿਆਹ ਕਰਵਾਉਣ ਦਾ ਰੁਝਾਨ ਪਿਛਲੇ ਕਈ ਸਾਲਾਂ ਤੋਂ ਵੱਧ ਰਿਹਾ ਹੈ। ਹੁਣ ਨਵੇਂ ਨਿਯਮ ਅੰਡਰ-ਗਰੈਜੂਏਟ ਕੋਰਸਜ਼ ਲਈ ਜਾ ਰਹੀਆਂ ਨਵੀਆਂ ਕੁੜੀਆਂ ਲਈ ਇੱਕ ਵੱਡਾ ਝਟਕਾ ਹੋਵੇਗਾ ਕਿਉਂਕਿ ਉਹ ਆਪਣੇ ਪਤੀ ਨੂੰ ਨਾਲ ਜਾਂ ਪੜ੍ਹਾਈ ਦੇ ਦੌਰਾਨ ਕੈਨੇਡਾ ਨਹੀਂ ਸੱਦ ਸਕਣਗੀਆਂ।




ਮਾਰਕ ਮਿਲਰ ਨੇ ਐਲਾਨ ਕੀਤਾ ਕਿ ਕੈਨੇਡਾ ਸਰਕਾਰ ਦੋ ਸਾਲਾਂ ਦੀ ਮਿਆਦ ਲਈ ਨਵੇਂ ਵਿਕਾਸ ਨੂੰ ਸਥਿਰ ਕਰਨ ਲਈ ਅੰਤਰਰਾਸ਼ਟਰੀ ਵਿਦਿਆਰਥੀ ਪਰਮਿਟ ਅਰਜ਼ੀਆਂ 'ਤੇ ਇੱਕ ਇਨਟੇਕ ਕੈਪ ( ਕੈਨੇਡਾ 'ਚ ਆਮਦ ਸੀਮਤ) ਤੈਅ ਕਰੇਗੀ। 2024 ਲਈ ਕੈਪ ਦੇ ਨਤੀਜੇ ਵਜੋਂ ਲਗਭਗ 360,000 ਅਧਿਐਨ ਪਰਮਿਟ ਸਵੀਕਾਰ ਹੋਣ ਦੀ ਉਮੀਦ ਹੈ, ਜੋ ਕਿ 2023 ਤੋਂ 35% ਦੀ ਕਮੀ ਹੈ।

ਉਨ੍ਹਾਂ ਅੱਗੇ ਕਿਹਾ ਕਿ ਆਈਆਰਸੀਸੀ ਨੂੰ ਜਮ੍ਹਾਂ ਕਰਵਾਈ ਗਈ ਹਰ ਸਟੱਡੀ ਪਰਮਿਟ ਅਰਜ਼ੀ ਲਈ ਕਿਸੇ ਕੈਨੇਡੀਅਨ ਸੂਬੇ ਜਾਂ ਖੇਤਰ ਤੋਂ ਪ੍ਰਮਾਣ ਪੱਤਰ ਦੀ ਵੀ ਲੋੜ ਹੋਵੇਗੀ। ਸੂਬਿਆਂ ਤੋਂ 31 ਮਾਰਚ, 2024 ਤੱਕ ਵਿਦਿਆਰਥੀਆਂ ਨੂੰ ਤਸਦੀਕ ਪੱਤਰ ਜਾਰੀ ਕਰਨ ਲਈ ਇੱਕ ਪ੍ਰਕਿਰਿਆ ਸਥਾਪਤ ਕਰਨ ਦੀ ਉਮੀਦ ਕੀਤੀ ਜਾ ਰਹੀ ਹੈ। ਮਿਲਰ ਨੇ ਕਿਹਾ ਕਿ ਅਗਲੇ ਹਫ਼ਤਿਆਂ ਵਿੱਚ, ਓਪਨ ਵਰਕ ਪਰਮਿਟ ਸਿਰਫ਼ ਮਾਸਟਰ ਅਤੇ ਡਾਕਟਰੇਟ ਪ੍ਰੋਗਰਾਮਾਂ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਜੀਵਨ ਸਾਥੀ ਲਈ ਉਪਲਬਧ ਹੋਣਗੇ।

ਅੰਡਰਗਰੈਜੂਏਟ ਅਤੇ ਕਾਲਜ ਪ੍ਰੋਗਰਾਮਾਂ ਸਮੇਤ ਸਟੱਡੀ ਦੇ ਹੋਰ ਪੱਧਰਾਂ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਜੀਵਨ ਸਾਥੀ ਹੁਣ ਓਪਨ ਵਰਕ ਪਰਮਿਟ ਦੇ ਯੋਗ ਨਹੀਂ ਹੋਣਗੇ।

ਕੈਨੇਡਾ ਵਿੱਚ ਇਮੀਗ੍ਰੇਸ਼ਨ ਮਾਮਲਿਆਂ ਦੇ ਮਾਹਰ ਅਮਨਦੀਪ ਸਿੰਘ ਨੇ ਦੱਸਿਆ ਕਿ ਨਵੇਂ ਕਾਨੂੰਨ ਸਿਰਫ਼ ਨਵੇਂ ਆਉਣ ਵਾਲੇ ਵਿਦਿਆਰਥੀਆਂ 'ਤੇ ਲਾਗੂ ਹੋਣਗੇ। ਪੰਜਾਬ ਦੇ ਸੰਦਰਭ ਵਿੱਚ ਹੁਣ ਅੰਡਰਗਰੈਜੂਏਟ ਪ੍ਰੋਗਰਾਮਾਂ ਲਈ ਕੋਈ ਪਤੀ-ਪਤਨੀ ਵਰਕ ਪਰਮਿਟ ਨਹੀਂ ਹੋਵੇਗਾ ਅਤੇ ਵਿਦਿਆਰਥੀ ਸਿਰਫ਼ 2 ਸਾਲਾਂ ਦੀ ਪੜ੍ਹਾਈ ਤੋਂ ਬਾਅਦ ਜੀਵਨ ਸਾਥੀ ਦਾ ਵਰਕ ਪਰਮਿਟ ਅਪਲਾਈ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਇਹ ਪਾਬੰਦੀਆਂ ਮਾਸਟਰ ਅਤੇ ਡਾਕਟਰੇਟ ਪ੍ਰੋਗਰਾਮਾਂ ਲਈ ਆਉਣ ਵਾਲੇ ਵਿਦਿਆਰਥੀਆਂ 'ਤੇ ਲਾਗੂ ਨਹੀਂ ਹੁੰਦੀਆਂ ਹਨ।

ਚੰਡੀਗੜ੍ਹ ਦੇ ਇਕ ਇਮੀਗ੍ਰੇਸ਼ਨ ਏਜੰਟ ਕਮਲਪ੍ਰੀਤ ਸਿੰਘ ਨੇ ਕਿਹਾ ਕਿ ਨਵੇਂ ਨਿਯਮ ਨਾ ਸਿਰਫ਼ ਕੰਟ੍ਰੈਕਟ ਵਾਲੇ ਵਿਆਹਾਂ ਨੂੰ ਪ੍ਰਭਾਵਿਤ ਕਰੇਗਾ, ਸਗੋਂ ਕੈਨੇਡਾ ਜਾਣ ਦੀ ਇੱਛਾ ਰੱਖਣ ਵਾਲੇ ਲੜਕੇ ਤੇ ਲੜਕੀਆਂ ਜੋ ਅਸਲੀ ਵਿਆਹ ਕਰਵਾਕੇ ਕੈਨੇਡਾ ਜਾਣਾ ਚਾਹੁੰਦੇ ਹਨ, ਉਹਨਾਂ ਨੂੰ ਵੀ ਪ੍ਰਭਾਵਿਤ ਕਰੇਗਾ।

ਉਨ੍ਹਾਂ ਕਿਹਾ ਕਿ ਆਈਲੈਟਸ ਪਾਸ ਕੁੜੀ ਦੀ ਸਟੱਡੀ ਦਾ ਖਰਚਾ ਚੁੱਕ ਕੇ ਕੈਨੇਡਾ ਜਾਣ ਵਾਲੇ ਵਿਅਕਤੀਆਂ ਵਿੱਚ ਅਸੁਰੱਖਿਆ ਦੀ ਭਾਵਨਾ ਪੈਦਾ ਹੋਵੇਗੀ, ਜਦੋਂ ਕਿ ਕੈਨੇਡਾ ਪਹੁੰਚਣ ਤੋਂ ਬਾਅਦ ਲੜਕੀਆਂ ਵੱਲੋਂ ਮੁੰਡਿਆਂ ਨੂੰ ਧੋਖਾ ਦੇਣ ਦੇ ਬਹੁਤ ਸਾਰੇ ਮਾਮਲੇ ਸਾਹਮਣੇ ਆ ਰਹੇ ਹਨ।

ਪੰਜਾਬ ਵਿੱਚ ਨੌਜਵਾਨ ਖਾਸ ਕਰਕੇ ਮੁੰਡੇ, ਕੈਨੇਡਾ ਜਾਣ ਲਈ ਆਈਲੈਟਸ ਪਾਸ ਕਰਨ ਵਾਲੀ ਲੜਕੀ ਨਾਲ ਕੰਟ੍ਰੈਕਟ ਵਿਆਹ ਕਰਵਾਉਂਦੇ ਹਨ। ਦੋਵੇਂ ਜਣੇ ਉਦੋਂ ਤੱਕ ਇਕੱਠੇ ਰਹਿੰਦੇ ਹਨ ਜਦੋਂ ਤੱਕ ਉਹਨਾਂ ਨੂੰ ਕੈਨੇਡਾ ਦੀ ਪੀ. ਆਰ. ਨਹੀਂ ਮਿਲ ਜਾਂਦੀ ਫਿਰ ਉਹ ਅਲੱਗ ਹੋ ਜਾਂਦੇ ਹਨ। ਕੰਟ੍ਰੈਕਟ ਦੇ ਵਿਆਹ ਵਿੱਚ ਮੁੰਡੇ ਵਿਆਹ ਸਮਾਗਮ ਦਾ ਖਰਚਾ, ਲੜਕੀ ਦੀ ਕੈਨੇਡਾ ਵਿੱਚ ਪੜ੍ਹਾਈ ਦੀ ਫ਼ੀਸ ਅਤੇ ਹੋਰ ਖਰਚੇ ਚੱਕਦੇ ਹਨ।

ਆਮ ਤੌਰ 'ਤੇ, ਲੜਕੀ ਕੈਨੇਡਾ ਚਲੀ ਜਾਂਦੀ ਹੈ ਅਤੇ ਕੁਝ ਮਹੀਨਿਆਂ ਬਾਅਦ, ਉਹ ਆਪਣੇ ਪਤੀ ਦਾ ਓਪਨ ਵਰਕ ਪਰਮਿਟ ਅਪਲਾਈ ਕਰ ਦਿੰਦੀ ਹੈ ਜਾਂ ਫਿਰ ਮੁੰਡਾ ਤੇ ਕੁੜੀ ਵਿਆਹ ਤੋਂ ਬਾਅਦ ਭਾਰਤ ਤੋਂ ਕੈਨੇਡਾ ਦਾ ਵੀਜ਼ਾ ਲੈ ਕੇ ਜਾਂਦੇ ਹਨ।

ਪੰਜਾਬ ਦੀਆਂ ਖੇਤਰੀ ਭਾਸ਼ਾਵਾਂ ਦੇ ਅਖ਼ਬਾਰਾਂ ਵਿੱਚ ਵਿਆਹ ਸੰਬੰਧੀ ਕਾਲਮ ਇਸ਼ਤਿਹਾਰਾਂ ਨਾਲ ਭਰੇ ਹੋਏ ਹਨ, ਜਿੱਥੇ ਲੜਕੇ ਕੈਨੇਡਾ ਜਾਣ ਦੇ ਉਦੇਸ਼ ਨਾਲ ਵਿਆਹ ਅਤੇ ਪੜ੍ਹਾਈ ਦਾ ਸਾਰਾ ਖਰਚਾ ਚੁੱਕਣ ਦੀ ਪੇਸ਼ਕਸ਼ ਕਰਦੇ ਹੋਏ ਕੰਟ੍ਰੈਕਟ ਜਾਂ ਅਸਲੀ ਵਿਆਹ ਲਈ ਆਈਲੈਟਸ ਪਾਸ ਲੜਕੀ ਦੀ ਲੋੜ ਦੱਸੀ ਜਾਂਦੀ ਹੈ।

(ਬਾਕੀ ਸਫ਼ਾ 31 'ਤੇ)

## ਲੋਕ ਸਭਾ ਚੋਣਾਂ 'ਤੇ ਵੀ ਪ੍ਰਭਾਵ ਪਾਵੇਗਾ ਬਿਹਾਰ ਦਾ ਤਾਜ਼ਾ ਸਿਆਸੀ ਘਟਨਾਕ੍ਰਮ

# ਅਜੇ ਹੋਰ ਕਿੰਨੀ ਕੁ ਨੈਤਿਕ ਗਿਰਾਵਟ ਆਵੇਗੀ ਸਿਆਸੀ ਆਗੂਆਂ ਦੇ ਕਿਰਦਾਰ 'ਚ?

ਪਟਿਆਲਾ/ਏ.ਟੀ.ਨਿਊਜ਼ :- ਕਿਹਾ ਜਾਂਦਾ ਹੈ ਕਿ ਸਿਆਸਤ ਵਿੱਚ ਕਿਸੇ ਵੀ ਸਮੇਂ ਕੁਝ ਵੀ ਹੋ ਸਕਦਾ ਹੈ, ਬਿਹਾਰ ਦੇ ਸਿਆਸੀ ਘਟਨਾਕ੍ਰਮ ਨੂੰ ਵੇਖ ਕੇ ਇਸ ਗੱਲ ਦੀ ਪੁਸ਼ਟੀ ਵੀ ਹੋ ਜਾਂਦੀ ਹੈ। ਸਿਆਸਤ ਵਿੱਚ ਸਵੇਰ ਦੇ ਦੁਸ਼ਮਣ ਸ਼ਾਮ ਨੂੰ ਦੋਸਤ ਬਣ ਜਾਂਦੇ ਹਨ ਅਤੇ ਸਵੇਰ ਦੇ ਦੋਸਤ ਸ਼ਾਮ ਤੱਕ ਦੁਸ਼ਮਣ ਬਣ ਜਾਂਦੇ ਹਨ। ਇਸ ਸਮੇਂ ਭਾਰਤ ਵਿੱਚ ਲੋਕ ਸਭਾ ਚੋਣਾਂ ਅਗਲੇ ਤਿੰਨ ਮਹੀਨਿਆਂ ਦੌਰਾਨ ਹੋਣ ਦੀ ਚਰਚਾ ਹੋ ਰਹੀ ਹੈ, ਜਿਸ ਕਾਰਨ ਭਾਰਤੀ ਦੀ ਰਾਸ਼ਟਰੀ ਰਾਜਨੀਤੀ ਵਿੱਚ ਸਰਗਰਮੀਆਂ ਤੇਜ਼ ਹੋ ਗਈਆਂ ਹਨ, ਦੂਜੇ ਪਾਸੇ ਲੋਕ ਸਭਾ ਚੋਣਾਂ ਦੀ ਆਹਟ ਕਾਰਨ ਵੱਖ- ਵੱਖ ਰਾਜਾਂ ਵਿੱਚ ਖੇਤਰੀ ਸਿਆਸੀ ਗਤੀਵਿਧੀਆਂ ਵੀ ਤੇਜ਼ ਹੋ ਗਈਆਂ ਹਨ। ਲੋਕ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਭਾਰਤ ਦੀ ਰਾਸ਼ਟਰੀ ਸਿਆਸਤ ਅਤੇ ਵੱਖ- ਵੱਖ ਸੂਬਿਆਂ ਦੀ ਸਿਆਸਤ ਵਿੱਚ ਨਿੱਤ ਨਵੇਂ ਸਮੀਕਰਨ ਬਣ ਰਹੇ ਹਨ।



ਭਾਵੇਂ ਸੱਤਾ ਲਈ ਹਰ ਤਰ੍ਹਾਂ ਦੇ ਸਹੀ-ਗ਼ਲਤ ਗਠਜੋੜ ਤੋਂ ਦਲ-ਬਦਲ ਹੋਣਾ ਅਤੇ ਉਸ ਵਿੱਚ ਸ਼ਾਮਲ ਹੋਣਾ ਜਾਂ ਤੋੜਨਾ ਭਾਰਤੀ ਸਿਆਸਤ ਵਿੱਚ ਕੋਈ ਨਵੀਂ ਗੱਲ ਨਹੀਂ ਹੈ, ਪਰ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਐਤਵਾਰ ਨੂੰ ਜਿਸ ਤਰ੍ਹਾਂ ਇੱਕ ਵਾਰ ਫਿਰ ਆਪਣੀ ਹੀ ਸਰਕਾਰ ਨੂੰ ਡੇਗ ਕੇ ਨਵੀਂ ਸਰਕਾਰ ਬਣਾਈ ਹੈ, ਉਹ ਜ਼ਰੂਰ ਨੈਤਿਕ ਪਤਨ ਦੇ ਨਵੇਂ ਮਿਆਰ ਵਜੋਂ ਯਾਦ ਕੀਤਾ ਜਾਵੇ। ਜਨਤਾ ਦਲ ਯੂਨਾਈਟਿਡ ਦੇ ਸੁਪਰੀਮੋ ਨਿਤੀਸ਼ ਕੁਮਾਰ ਨੇ ਰਾਸ਼ਟਰੀ ਜਨਤਾ ਦਲ ਦੇ ਸਹਿਯੋਗ ਨਾਲ ਕਰੀਬ 17 ਮਹੀਨਿਆਂ ਤੱਕ ਜਿਸ ਸਰਕਾਰ ਨੂੰ ਚਲਾਇਆ ਸੀ, ਉਹ ਵੀ 2017 ਵਿੱਚ ਭਾਰਤੀ ਜਨਤਾ ਪਾਰਟੀ ਦੇ ਸਹਿਯੋਗ ਨਾਲ ਚੱਲ ਰਹੀ ਸਰਕਾਰ ਨੂੰ ਤੋੜ ਕੇ ਬਣਾਈ ਗਈ ਸੀ। ਨਿਤੀਸ਼ ਦੇ ਖਾਤੇ ਵਿੱਚ ਅਜਿਹੀਆਂ ਕਈ ਅਨੈਤਿਕ ਸਿਆਸੀ ਕਹਾਣੀਆਂ ਹਨ, ਪਰ ਇਸ ਵਾਰ ਉਨ੍ਹਾਂ ਨੇ ਜਿਸ ਤਰ੍ਹਾਂ ਦਾ ਵਿਵਹਾਰ ਕੀਤਾ ਹੈ, ਇਹ ਉਨ੍ਹਾਂ ਦੇ ਨੈਤਿਕ ਨਿਘਾਰ ਦੀ ਬਿਲਕੁਲ ਨਵੀਂ ਮਿਸਾਲ ਕਹੀ ਜਾਵੇਗੀ।

1994 ਵਿੱਚ ਜਨਤਾ ਦਲ ਤੋਂ ਵੱਖ ਹੋਣ ਤੋਂ ਬਾਅਦ ਨਿਤੀਸ਼ ਕੁਮਾਰ ਨੇ ਜਾਰਜ ਫਰਨਾਂਡੀਜ਼ ਨਾਲ ਮਿਲ ਕੇ ਸਮਤਾ ਪਾਰਟੀ ਬਣਾਈ ਅਤੇ 1996 ਵਿੱਚ ਭਾਜਪਾ ਨਾਲ ਹੱਥ ਮਿਲਾਇਆ। 2003 ਵਿੱਚ ਉਨ੍ਹਾਂ ਨੇ ਜੇਡੀਯੂ ਦਾ ਗਠਨ ਕੀਤਾ ਅਤੇ 2005 ਵਿੱਚ ਬਿਹਾਰ ਵਿੱਚ ਭਾਜਪਾ ਨਾਲ ਮਿਲ ਕੇ ਸਰਕਾਰ ਬਣਾਈ। ਭਾਜਪਾ ਦੀ ਅਗਵਾਈ ਵਾਲੇ ਰਾਸ਼ਟਰੀ ਜਮਹੂਰੀ ਗਠਜੋੜ (ਐਨ.ਡੀ.ਏ.) ਦੇ ਸਹਿਯੋਗੀ ਵਜੋਂ, ਉਸਨੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਨਰਿੰਦਰ ਮੋਦੀ ਦੀ ਉਮੀਦਵਾਰੀ ਦੇ ਵਿਰੋਧ ਵਿੱਚ 2013 ਵਿੱਚ ਭਾਜਪਾ ਛੱਡ ਦਿੱਤੀ ਸੀ। 2014 ਵਿੱਚ ਉਨ੍ਹਾਂ ਦੀ ਪਾਰਟੀ ਨੇ ਇਕੱਲਿਆਂ ਹੀ ਲੋਕ ਸਭਾ ਚੋਣਾਂ ਲੜੀਆਂ ਸਨ। ਉਦੋਂ ਇਸ ਨੂੰ ਸਿਰਫ਼ 2 ਸੀਟਾਂ ਮਿਲੀਆਂ ਸਨ ਜਦੋਂ ਕਿ 2009 ਵਿੱਚ ਇਸ ਦੀਆਂ 18 ਸੀਟਾਂ ਸਨ। 2014 'ਚ ਹਾਰ ਦੀ ਜ਼ਿੰਮੇਵਾਰੀ ਲੈਂਦੇ ਹੋਏ ਨਿਤੀਸ਼ ਨੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਅਤੇ ਆਪਣੀ ਗੱਦੀ ਜੀਤਨ ਰਾਮ ਮਾਂਝੀ ਨੂੰ ਸੌਂਪ ਦਿੱਤੀ।

ਵਿਧਾਨ ਸਭਾ 'ਚ ਬਹੁਮਤ ਪਰੀਖਣ ਦੌਰਾਨ ਲਾਲੂ ਯਾਦਵ ਦੇ ਰਾਸ਼ਟਰੀ ਜਨਤਾ ਦਲ ਅਤੇ ਕਾਂਗਰਸ ਨੇ ਸਮਰਥਨ ਦੇ ਕੇ ਸਰਕਾਰ ਨੂੰ ਬਚਾਇਆ ਸੀ, ਜਿਸ ਨਾਲ ਤਿੰਨਾਂ ਪਾਰਟੀਆਂ ਦੇ ਮਹਾਗਠਜੋੜ ਦਾ ਰਾਹ ਪੱਧਰਾ ਹੋ ਗਿਆ ਸੀ। 2015 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਇਸ ਨੂੰ ਸਫ਼ਲਤਾ ਮਿਲੀ। 2017 ਵਿੱਚ ਨਿਤੀਸ਼ ਨੇ ਮੁੜ ਸਰਕਾਰ ਦਾ ਤਖਤਾ ਪਲਟ ਦਿੱਤਾ। ਭਾਜਪਾ ਨਾਲ ਸਰਕਾਰ ਬਣਾਉਣ ਤੋਂ ਬਾਅਦ ਉਹ ਮੁੱਖ ਮੰਤਰੀ ਦੇ ਅਹੁਦੇ 'ਤੇ ਬਣੇ ਰਹੇ। ਗਠਜੋੜ ਕੋਲ ਸਦਨ ਵਿੱਚ ਬਹੁਮਤ ਸੀ। ਭਾਜਪਾ ਦੇ ਦੋ ਉਪ ਮੁੱਖ ਮੰਤਰੀਆਂ ਦੇ ਫਾਰਮੂਲੇ ਅਤੇ ਰਾਸ਼ਟਰੀ ਨਾਗਰਿਕ ਰਜਿਸਟਰ ਦੇ ਮੁੱਦੇ 'ਤੇ ਅਸੰਤੁਸ਼ਟੀ ਜ਼ਾਹਰ ਕਰਦੇ ਹੋਏ, ਉਸਨੇ ਅਗਸਤ 2022 ਵਿੱਚ ਭਾਜਪਾ ਛੱਡ ਦਿੱਤੀ ਅਤੇ ਮੁੜ ਆਰਜੇਡੀ ਨਾਲ ਸਰਕਾਰ ਬਣਾਈ ਤੇ ਉਹ ਮੁੱਖ ਮੰਤਰੀ ਰਹੇ। ਹੁਣ ਐਤਵਾਰ ਨੂੰ ਉਨ੍ਹਾਂ ਨੇ ਸਵੇਰੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਅਤੇ ਸ਼ਾਮ ਤੱਕ ਭਾਜਪਾ ਦੀ ਮਦਦ ਨਾਲ ਮੁੜ ਸਰਕਾਰ ਬਣਾ ਲਈ।

ਸਿਆਸੀ ਮਾਹਰ ਕਹਿ ਰਹੇ ਹਨ ਕਿ ਇਸ ਰੀ-ਮੈਚ ਦੇ ਕਾਰਨ ਬਿਹਾਰ ਸੂਬੇ ਦੇ ਅੰਦਰ ਨਿਤੀਸ਼ ਅਤੇ ਭਾਜਪਾ ਦੋਹਾਂ ਦੇ ਅਕਸ 'ਚ ਵੱਡੀ ਗਿਰਾਵਟ ਆਵੇਗੀ ਅਤੇ ਕਾਂਗਰਸ ਅਤੇ ਰਾਸ਼ਟਰੀ ਜਨਤਾ ਦਲ ਨੂੰ ਇਸ ਦਾ ਫਾਇਦਾ ਹੋਵੇਗਾ। ਇਹ ਦੋਵੇਂ ਪਾਰਟੀਆਂ ਅਤੇ ਖੱਬੀਆਂ ਪਾਰਟੀਆਂ ਲੋਕ ਸਭਾ ਚੋਣਾਂ ਵਿੱਚ ਵੱਧ ਸੀਟਾਂ ਹਾਸਲ ਕਰ ਸਕਦੀਆਂ ਹਨ।

ਇਹ ਉਹੀ ਨਿਤੀਸ ਕੁਮਾਰ ਹਨ, ਜਿਹਨਾਂ ਨੇ ਕੁਝ ਮਹੀਨੇ ਪਹਿਲਾਂ ਭਾਜਪਾ ਦਾ ਸਾਥ ਛੱਡਦਿਆਂ ਭਾਜਪਾ ਵਿਰੁੱਧ ਵਿਰੋਧੀ ਪਾਰਟੀਆਂ ਦਾ ਸਾਂਝਾ ਮੰਚ ਬਣਾਉਣ ਲਈ ਵੱਡੇ ਯਤਨ ਕੀਤੇ ਸਨ, ਉਹਨਾਂ ਦੇ ਯਤਨਾਂ ਨਾਲ ਹੀ ਵਿਰੋਧੀ ਪਾਰਟੀਆਂ ਦਾ 'ਇੰਡੀਆ ਗਠਜੋੜ' ਬਣ ਕੇ ਸਾਹਮਣੇ ਆਇਆ ਸੀ, ਹੁਣ ਇਸੇ 'ਇੰਡੀਆ' ਗਠਜੋੜ ਨੂੰ ਖੇਰੂੰ ਖੇਰੂੰ ਕਰਨ ਵਿੱਚ ਨਿਤੀਸ਼ ਕੁਮਾਰ ਨੇ ਹੀ ਭਾਜਪਾ ਨਾਲ ਸਾਂਝ ਪਾ ਕੇ ਵੱਡਾ ਯੋਗਦਾਨ ਪਾਇਆ ਹੈ।

ਸਿਆਸੀ ਮਾਹਿਰ ਹੁਣ ਅੰਦਾਜੇ ਲਗਾ ਰਹੇ ਹਨ ਕਿ ਬਿਹਾਰ ਦੇ ਮੌਜੂਦਾ ਸਿਆਸੀ ਘਟਨਾਕ੍ਰਮ ਨੇ ਆਉਣ ਵਾਲੀਆਂ ਲੋਕ ਸਭਾ ਚੋਣਾਂ 'ਤੇ ਕਿੰਨਾ ਕੁ ਪ੍ਰਭਾਵ ਪਾਉਣਾ ਹੈ। ਇਹ ਪ੍ਰਭਾਵ ਪੈਣ ਦੀਆਂ ਗੱਲਾਂ ਤਾਂ ਬਾਅਦ ਵਿੱਚ ਹਨ ਇਸ ਤੋਂ ਪਹਿਲਾਂ ਇਹ ਸਵਾਲ ਉਠਾਇਆ ਜਾ ਰਿਹਾ ਹੈ ਕਿ ਸਿਆਸੀ ਆਗੂਆਂ ਦੇ ਕਿਰਦਾਰ ਵਿੱਚ ਅਜੇ ਹੋਰ ਕਿੰਨਾ ਕੁ ਨੈਤਿਕ ਨਿਘਾਰ ਆਵੇਗਾ ?

# ਬਾਈਡੇਨ ਲਈ ਵੱਡੀ ਚੁਣੌਤੀ, ਰਾਸ਼ਟਰਪਤੀ ਚੋਣ ਰੇਟਿੰਗ 'ਚ ਟਰੰਪ ਅੱਗੇ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੇ ਨਿਊ ਹੈਂਪਸ਼ਾਇਰ 'ਚ ਜਿੱਤ ਤੋਂ ਬਾਅਦ ਟਰੰਪ ਦਾ ਰਾਹ ਆਸਾਨ ਹੋ ਗਿਆ ਹੈ। ਅਮਰੀਕੀ ਰਾਸ਼ਟਰਪਤੀ ਚੋਣਾਂ ਵਿੱਚ ਰਿਪਬਲਿਕਨ ਉਮੀਦਵਾਰਾਂ ਦੀ ਦੌੜ ਵਿੱਚ ਸ਼ਾਮਲ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਲਈ ਰਾਹ ਪੱਧਰਾ ਹੋ ਗਿਆ ਹੈ। ਰਿਪਬਲਿਕਨ ਪਾਰਟੀ ਤੋਂ ਦੌੜ ਵਿੱਚ ਸ਼ਾਮਲ ਕਈ ਲੋਕਾਂ ਦੇ ਬਾਹਰ ਹੋਣ ਤੋਂ ਬਾਅਦ ਟਰੰਪ ਦਾ ਹੁਣ ਦੱਖਣੀ ਕੈਰੋਲੀਨਾ ਦੀ ਸਾਬਕਾ ਭਾਰਤੀ ਮੂਲ ਦੀ ਗਵਰਨਰ ਨਿੱਕੀ ਹੇਲੀ ਤੋਂ ਇਲਾਵਾ ਕੋਈ ਵਿਰੋਧੀ ਨਹੀਂ ਹੈ। ਭਾਰਤੀ ਮੂਲ ਦੇ ਕਾਰੋਬਾਰੀ ਵਿਵੇਕ ਰਾਮਾਸਵਾਮੀ ਅਤੇ ਫਲੋਰੀਡਾ ਦੇ ਗਵਰਨਰ ਰੌਨ ਡੀਸੈਂਟਿਸ ਨੇ ਰਾਸ਼ਟਰਪਤੀ ਦੇ ਅਹੁਦੇ ਦੀ ਦੌੜ ਤੋਂ ਬਾਹਰ ਹੋਣ ਦੇ ਬਾਅਦ ਡੋਨਾਲਡ ਟਰੰਪ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ ਹੈ। ਇਸ ਨਾਲ ਟਰੰਪ ਨੂੰ ਵੀ ਕਾਫੀ ਫ਼ਾਇਦਾ ਹੋਇਆ ਹੈ।

ਨਿਊ ਹੈਂਪਸ਼ਾਇਰ ਸੂਬੇ ਦੀ ਪ੍ਰਾਇਮਰੀ ਤੋਂ ਬਾਅਦ ਇਹ ਤੈਅ ਹੈ ਕਿ 2024 ਦੀ ਰਾਸ਼ਟਰਪਤੀ ਚੋਣ ਟਰੰਪ ਬਨਾਮ ਬਾਈਡੇਨ ਵਿਚਕਾਰ ਹੋਵੇਗੀ। ਯੂਕ੍ਰੇਨ ਯੁੱਧ, ਇਜ਼ਰਾਈਲ-ਹਮਾਸ ਯੁੱਧ, ਲਾਲ ਸਾਗਰ ਸੰਕਟ ਅਤੇ ਜਾਰਡਨ ਵਿੱਚ ਅਮਰੀਕੀ ਸੈਨਿਕਾਂ ਦੀ ਹਾਲ ਹੀ ਵਿੱਚ ਹੋਈ ਮੌਤ ਤੋਂ ਬਾਅਦ ਵਿਰੋਧੀ ਧਿਰਾਂ ਦਾ ਦਬਾਅ





ਹੁਣ ਮੌਜੂਦਾ ਰਾਸ਼ਟਰਪਤੀ ਜੋਅ ਬਾਈਡੇਨ 'ਤੇ ਲਗਾਤਾਰ ਵਧਦਾ ਜਾ ਰਿਹਾ ਹੈ। ਬਾਈਡੇਨ ਨੇ ਹਾਲਾਂਕਿ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ। ਜਦਕਿ ਟਰੰਪ ਰਾਸ਼ਟਰਪਤੀ ਦੀ ਦੌੜ ਵਿੱਚ ਬਾਈਡੇਨ ਤੋਂ ਅੱਗੇ ਹਨ। ਇੱਕ ਨਵੇਂ ਪੋਲ ਵਿੱਚ ਰਾਸ਼ਟਰਪਤੀ ਚੋਣ ਵਿੱਚ ਟਰੰਪ ਅਤੇ ਬਾਈਡੇਨ ਵਿਚਕਾਰ ਸਿੱਧੀ ਟੱਕਰ ਦੇ ਨਤੀਜੇ ਸਾਹਮਣੇ ਆਏ ਹਨ। ਜਿਸ ਵਿੱਚ ਕਿਹਾ ਗਿਆ ਹੈ ਕਿ ਟਰੰਪ, ਬਾਈਡੇਨ ਤੋਂ 6 ਅੰਕ ਅੱਗੇ ਹਨ।

ਅਮਰੀਕਾ ਵਿੱਚ ਕਰਵਾਏ ਗਏ ਇੱਕ ਸਰਵੇਖਣ ਵਿੱਚ 40% ਲੋਕਾਂ ਨੇ ਟਰੰਪ ਨੂੰ ਚੁਣਿਆ ਹੈ। ਜਦਕਿ 34% ਲੋਕਾਂ ਨੇ ਬਾਈਡੇਨ ਨੂੰ ਚੁਣਿਆ। ਰਿਪਬਲਿਕਨ ਪਾਰਟੀ ਦੇ ਦਾਅਵੇਦਾਰ ਟਰੰਪ ਅਜੇ ਵੀ ਨਿੱਕੀ ਹੈਲੀ ਤੋਂ 11 ਅੰਕਾਂ ਦੇ ਨਾਲ ਅੱਗੇ ਹਨ। ਨਿਊ ਹੈਂਪਸ਼ਾਇਰ 'ਚ ਰਿਪਬਲਿਕਨ ਪ੍ਰਾਇਮਰੀ 'ਚ ਡੋਨਾਲਡ ਟਰੰਪ ਦੀ ਜਿੱਤ ਤੋਂ ਬਾਅਦ ਨਿੱਕੀ ਹੈਲੀ ਦਾ ਰਾਹ ਹੋਰ ਮੁਸ਼ਕਿਲ ਹੋ ਗਿਆ ਹੈ ਕਿਉਂਕਿ ਉੱਥੇ ਉਹ ਟਰੰਪ ਤੋਂ 11 ਅੰਕਾਂ ਦੇ ਨਾਲ ਪਿੱਛੇ ਹੈ। ਇਸ ਤੋਂ ਪਹਿਲਾਂ 15 ਜਨਵਰੀ ਨੂੰ ਆਇਓਵਾ ਕਾਕਸ 'ਚ ਵੋਟਿੰਗ ਦੌਰਾਨ ਟਰੰਪ ਨਿੱਕੀ ਹੈਲੀ ਤੋਂ 31 ਅੰਕਾਂ ਨਾਲ ਅੱਗੇ ਸਨ। ਦੱਖਣੀ ਕੈਰੋਲੀਨਾ ਵਿੱਚ ਰਿਪਬਲਿਕਨ, ਜਿੱਥੇ ਨਿੱਕੀ ਗਵਰਨਰ ਸੀ, ਟਰੰਪ ਦੇ ਸਮਰਥਨ ਵਿੱਚ ਸਾਹਮਣੇ ਆਈ ਹੈ।

ਰਿਪਬਲਿਕਨ ਉਮੀਦਵਾਰੀ ਦੀ ਦੌੜ ਵਿੱਚ ਸ਼ਾਮਲ ਡੋਨਾਲਡ ਟਰੰਪ ਅਤੇ ਨਿੱਕੀ ਹੈਲੀ ਵਿਚਾਲੇ ਅਗਲਾ ਮੁਕਾਬਲਾ ਦੱਖਣੀ ਕੈਰੋਲੀਨਾ ਵਿੱਚ ਹੋਵੇਗਾ। ਜਿੱਥੇ ਪ੍ਰਾਇਮਰੀ 24 ਫਰਵਰੀ ਨੂੰ ਹੋਣੀ ਹੈ। ਨਿੱਕੀ ਹੈਲੀ ਦੱਖਣੀ ਕੈਰੋਲੀਨਾ ਦੀ ਸਾਬਕਾ ਗਵਰਨਰ ਹੈ। ਇਹ ਉਸ ਦਾ ਗ੍ਰਹਿ ਰਾਜ ਵੀ ਹੈ। ਪਰ ਵੱਡੀ ਸਮੱਸਿਆ ਇਹ ਹੈ ਕਿ ਆਇਓਵਾ ਵਾਂਗ ਇੱਥੇ ਵੀ ਟਰੰਪ ਸਮਰਥਕਾਂ ਦੀ ਗਿਣਤੀ ਨਿੱਕੀ ਤੋਂ ਵੱਧ ਹੈ। ਰਾਜ ਦੇ ਮੌਜੂਦਾ ਗਵਰਨਰ ਹੈਨਰੀ ਮੈਕਮਾਸਟਰ ਸਮੇਤ ਕਈ ਵੱਡੇ ਰਿਪਬਲਿਕਨ ਨੇਤਾਵਾਂ ਨੇ ਜਿੱਥੇ ਹੇਲੀ ਪਹਿਲੀ ਗਵਰਨਰ ਸੀ, ਨੇ ਟਰੰਪ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ ਹੈ। ਸੈਨੇਟਰ ਲਿੰਡਸੇ ਗ੍ਰਾਹਮ, ਟਿਮ ਸਕਾਟ, ਨੈਨਸੀ ਮੈਕ ਵਰਗੇ ਵੱਡੇ ਨੇਤਾਵਾਂ ਨੇ ਵੀ ਰਿਪਬਲਿਕਨ ਵੋਟਰਾਂ ਨੂੰ ਟਰੰਪ ਦਾ ਸਮਰਥਨ ਕਰਨ ਦੀ ਵੀ ਅਪੀਲ ਕੀਤੀ ਹੈ।

# ਜੇਕਰ ਕਾਂਗਰਸ ਇਜਾਜ਼ਤ ਦੇਵੇ ਤਾਂ ਤੁਰੰਤ ਕਰ ਦਿੱਤਾ ਜਾਵੇਗਾ ਯੂ ਐਸ-ਮੈਕਸੀਕੋ ਬਾਰਡਰ ਬੰਦ: ਬਾਈਡੇਨ

ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਅਮਰੀਕਾ ਦੇ ਰਾਸ਼ਟਰਪਤੀ ਜੋ ਬਾਈਡਨ ਨੇ ਜਾਰੀ ਇੱਕ ਬਿਆਨ ਵਿੱਚ ਐਲਾਨ ਕੀਤਾ ਹੈ ਕਿ ਜੇਕਰ ਕਾਂਗਰਸ ਤਜਵੀਜ਼ ਨੂੰ ਪ੍ਰਵਾਨਗੀ ਦੇਵੇ ਤਾਂ ਯੂ ਐਸ-ਮੈਕਸੀਕੋ ਬਾਰਡਰ ਬੰਦ ਕਰਨ ਲਈ ਤੁਰੰਤ ਕਾਰਵਾਈ ਕੀਤੀ ਜਾਵੇਗੀ। ਰਾਸ਼ਟਰਪਤੀ ਨੇ ਕਿਹਾ ਕਿ ਸੈਨੇਟ ਵਿੱਚ ਬਾਰਡਰ ਸੁਰੱਖਿਆ ਸਬੰਧੀ ਉਚਿੱਤ ਸੁਧਾਰਾਂ ਬਾਰੇ ਵਿਚਾਰ ਵਟਾਂਦਰਾ ਹੋਣਾ ਚਾਹੀਦਾ ਹੈ ਤੇ ਜੇਕਰ ਸੰਸਦ ਮੈਂਬਰ ਬਾਰਡਰ ਸੰਕਟ ਪ੍ਰਤੀ ਗੰਭੀਰ ਹਨ ਤਾਂ ਉਹ ਬਿਨਾਂ ਕਿਸੇ ਪਾਰਟੀਬਾਜੀ ਦੇ ਇੱਕ ਬਿੱਲ ਉਪਰ ਮੋਹਰ ਲਾ ਦੇਣ ਜੋ ਬਿੱਲ ਉਨਾਂ ਨੂੰ ਬਾਰਡਰ ਬੰਦ ਕਰਨ ਦਾ ਅਧਿਕਾਰ ਦਿੰਦਾ ਹੋਵੇ। ਉਨਾਂ ਕਿਹਾ ਕਿ ਜਿਸ ਦਿਨ ਕਾਂਗਰਸ ਮੈਨੂੰ ਇਹ ਅਧਿਕਾਰ ਦੇ ਦੇਵੇਗੀ। ਮੈਂ ਉਸ ਦਿਨ ਹੀ ਬਿੱਲ ਉਪਰ ਦਸਤਖਤ ਕਰ ਦੇਵਾਂਗਾ ਤੇ ਯੂ ਐਸ ਮੈਕਸੀਕੋ ਬਾਰਡਰ ਬੰਦ ਕਰਨ ਲਈ ਕਾਰਵਾਈ ਸ਼ੁਰੂ ਹੋ ਜਾਵੇਗੀ। ਦੂਸਰੇ ਪਾਸੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਜੋ 2024 ਦੀਆਂ ਚੋਣਾਂ ਵਿੱਚ ਰਿਪਬਲੀਕਨ ਪਾਰਟੀ ਦੇ ਸੰਭਾਵੀ ਉਮੀਦਵਾਰ ਹਨ, ਨੇ ਬਾਰਡਰ ਸਬੰਧੀ ਤਜਵੀਜ਼ ਦਾ ਆਪਣੇ ਸੋਸ਼ਲ ਮੀਡੀਆ ਵੈਬਸਾਈਟ ਟਰੁੱਥ ਉੱਪਰ ਪਾਈ ਇੱਕ ਪੋਸਟ ਵਿੱਚ ਜਬਰਦਸਤ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਹੈ ਕਿ ਘਟੀਆ ਬਾਰਡਰ ਸਮਝੌਤਾ ਬਾਰਡਰ ਸਮਝੌਤਾ ਨਾ ਹੋਣ ਨਾਲੋਂ ਜਿਆਦਾ ਖਤਰਨਾਕ ਹੈ। ਪ੍ਰਵਾਸੀਆਂ ਦੀ ਰਿਕਾਰਡ ਆਮਦ ਦਰਮਿਆਨ ਪਿਛਲੇ ਹਫਤੇ ਬਾਈਡਨ ਨੇ ਕਿਹਾ ਸੀ ਕਿ ਬਾਰਡਰ ਸੁਰੱਖਿਅਤ ਨਹੀਂ ਹਨ। ਉਨ੍ਹਾਂ ਨੇ (**ਬਾਕੀ ਸਫ਼ਾ 30 'ਤੇ**)

# ਰਣਨੀਤੀਕਾਰ ਪ੍ਰਸ਼ਾਂਤ ਕਿਸ਼ੋਰ ਦੀ ਕੀ ਹੋਵੇਗੀ ਅਗਲੀ ਰਣਨੀਤੀ?

## ਬਿਹਾਰ ਦੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਪ੍ਰਸ਼ਾਂਤ ਕਿਸ਼ੋਰ ਨਿਭਾਅ ਸਕਦਾ ਹੈ ਵੱਡੀ ਭੂਮਿਕਾ

**ਬਲਰਾਜ ਪੰਨੂੰ**



ਪਟਿਆਲਾ/ਏ.ਟੀ.ਨਿਊਜ਼ :ਲੰਘੇ ਦਿਨਾਂ ਦੇ ਦੌਰਾਨ ਬਿਹਾਰ ਦੇ ਵਿੱਚ ਇੱਕ ਨਵਾਂ ਪੰਨਾ ਜੁੜ ਗਿਆ, ਨਿਤੀਸ਼ ਕੁਮਾਰ ਨੌਵੀਂ ਵਾਰ ਮੁੱਖ ਮੰਤਰੀ ਬਣ ਗਏ। ਉਹਨਾਂ ਨੂੰ ਗਿਰਗਿਟ ਤੇ ਪਲਟੀਮਾਰ ਨਾਵਾਂ ਦੇ ਨਾਲ ਸੰਬੋਧਨ ਕੀਤਾ ਜਾ ਰਿਹਾ ਹੈ ਪਰ ਪਲਟੀ 'ਕੱਲੀ ਨਿਤੀਸ਼ ਨੇ ਹੀ ਨਹੀਂ ਮਾਰੀ ਸਗੋਂ ਭਾਜਪਾ ਦੇ ਵੀ ਨਾਮੀ ਨੇਤਾਵਾਂ ਨੇ ਵੀ ਮਾਰੀ ਹੈ। ਸਵਾਲ ਇਹ ਉੱਠਦਾ ਹੈ ਕਿ ਰਾਮ ਮੰਦਰ ਦੀ ਤੂਤੀ ਦੇ ਬਾਵਜੂਦ ਨਿਤੀਸ਼ ਦੀ ਜਰੂਰਤ ਕਿਉਂ ਪੈ ਗਈ ? ਕੁਝ ਚੀਜ਼ਾਂ ਤੱਥਾਂ 'ਤੇ ਆਧਾਰਿਤ ਹੁੰਦੀਆਂ ਹਨ ਪਰ ਨਿਤੀਸ਼ ਕੁਮਾਰ ਦੇ ਅੱਗੇ ਤਾਂ ਤੱਥ ਵੀ ਹੱਥ ਜੋੜਦੇ ਹਨ। " ਕਿ ਜਨਾਬ ਸਲਾਹ ਕਰ ਲਵੋ, ਕਿ ਤੁਸੀਂ ਪਲਟੀ ਕਿਧਰ ਨੂੰ ਮਾਰਨੀ ਹੈ " ਪਰ ਜਵਾਬ ਹੈ ਕਿ ਸੱਤਾ ਦਾ ਸੁੱਖ ਭੋਗਣ ਦੇ ਲਈ ਨਿਤੀਸ਼ ਕੁਝ ਵੀ ਕਰੇਗਾ। ਬਿਹਾਰ ਦੇ ਵਿੱਚ ਜਿੱਥੇ ਡਰਾਉਣ ਦੀ ਰਾਜਨੀਤੀ ਹਾਵੀ ਹੈ, ਉਥੇ ਇੱਕ ਇਨਸਾਨ ਅਜਿਹਾ ਵੀ ਸਰਗਰਮ ਹੈ, ਜੋ ਨਿਤੀਸ਼ ਕੁਮਾਰ ਨੂੰ ਤਾਂ ਛੱਡੋ, ਬੀਜੇਪੀ ਤੇ ਕਾਂਗਰਸ ਦੇ ਵੀ ਪੋਤੜਿਆਂ ਤੋਂ ਵਾਕਫ਼ ਹੈ। ਅਸੀਂ ਗੱਲ ਕਰ ਰਹੇ ਹਾਂ ਪ੍ਰਸ਼ਾਂਤ ਕਿਸ਼ੋਰ ਦੀ। ਬਿਹਾਰ ਦੇ ਵਿੱਚ ਉਹ ਕਾਫ਼ੀ ਲੰਬੇ ਸਮੇਂ ਤੋਂ ਸਰਗਰਮ ਨੇ। ਜਨ ਸੂਰਾਜ ਅੰਦੋਲਨ ਦੇ ਉਹ ਕਰਤਾ ਧਰਤਾ ਹਨ ਤੇ ਬਿਹਾਰ ਦੇ ਵਿੱਚ ਪਿਛਲੇ 16 ਮਹੀਨਿਆਂ ਤੋਂ ਵੱਧ ਸਮਾਂ ਹੋ ਗਿਆ, ਉਹ ਪੈਦਲ ਯਾਤਰਾ ਕਰ ਰਹੇ ਹਨ। ਬਿਹਾਰ ਦੇ ਲੋਕਾਂ ਦੀ ਗੱਲ ਕਰ ਰਹੇ ਹਨ ਪਰ ਅੱਜਕੱਲ੍ਹ ਨਿਤੀਸ਼ ਕੁਮਾਰ ਦੇ ਉੱਤੇ ਤਿੱਖੇ ਸ਼ਬਦੀ ਵਾਰ ਕਰ ਰਹੇ ਹਨ, ਤੇ ਦਾਅਵੇ ਵੀ। ਨਿਤੀਸ਼ ਪਲਟੀ ਤੋਂ ਬਾਅਦ ਪ੍ਰਸ਼ਾਂਤ ਕਿਸ਼ੋਰ ਨੇ ਭਵਿੱਖਬਾਣੀ ਕੀਤੀ ਕਿ 2025 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇੱਕ ਯੂ ਟਰਨ ਨਿਤੀਸ਼ ਹੋਰ ਲਵੇਗਾ ਤੇ ਇਹ ਵੀ ਕਿਹਾ ਕਿ ਭਾਜਪਾ ਨੇ ਨਿਤੀਸ਼ ਨੂੰ ਮੁੱਖ ਮੰਤਰੀ ਬਣਾਉਣ 'ਤੇ ਵੱਡੀ ਕੀਮਤ ਚੁਕਾਉਣੀ ਪਵੇਗੀ। ਜੇ ਭਾਜਪਾ ਇੱਕਲੀ ਬਿਹਾਰ ਵਿੱਚ ਲੜਦੀ ਤਾਂ ਫ਼ਾਇਦੇ ਵਿੱਚ ਰਹਿੰਦੀ। ਸਾਲ 2025 ਵਿੱਚ ਵਿਧਾਨ ਸਭਾ ਚੋਣਾਂ ਮੌਕੇ ਇਹ ਗਠਬੰਧਨ ਟੁੱਟੇਗਾ।

ਪ੍ਰਸ਼ਾਂਤ ਕਿਸ਼ੋਰ ਦੇ ਮੁਤਾਬਿਕ ਨਿਤੀਸ਼ ਦੇ ਦੋ ਚਿਹਰੇ ਹਨ, ਇੱਕ ਚਿਹਰਾ ਉਹ ਹੈ, ਜੋ 2014-15 ਵਿੱਚ ਸੀ। ਲੋਕ ਵੱਡੀ ਗਿਣਤੀ ਵਿੱਚ ਨਿਤੀਸ਼ ਦੀ ਹਾਮੀ ਭਰਦੇ ਸੀ ਤੇ ਕੰਮ ਵੀ ਬੋਲਦੇ ਸੀ ਪਰ 2022-23 ਵਾਲਾ ਨਿਤੀਸ਼ ਪਹਿਲਾਂ ਵਾਲਾ ਨਹੀਂ ਰਿਹਾ। ਹੁਣ ਵਾਲੇ ਨਿਤੀਸ਼ ਨੂੰ ਕੁਰਸੀ ਦੀ ਚਿੰਤਾ ਹੈ ਬਿਹਾਰੀਆਂ ਦੀ ਨਹੀਂ।

ਅੱਜਕੱਲ੍ਹ ਪ੍ਰਸ਼ਾਂਤ ਕਿਸ਼ੋਰ ਪੀ.ਕੇ. ਦੇ ਨਾਮ ਨਾਲ ਜ਼ਿਆਦਾ ਮਸ਼ਹੂਰ ਨੇ, ਪਰ ਇਹ ਉਹ ਸਖ਼ਸ਼ ਹੈ, ਜਿਹੜਾ ਵੱਖ ਵੱਖ ਸਰਕਾਰਾਂ ਦਾ ਰਣਨੀਤੀਕਾਰ ਰਿਹਾ ਹੈ ਤੇ ਜਿਸ ਲਈ ਇਹ ਕੁਝ ਉਲੀਕਦਾ ਸੀ, ਉਸ ਪਾਰਟੀ ਦੀ ਜਿੱਤ ਪੱਕੀ ਮਿੱਥੀ ਜਾਂਦੀ ਸੀ। ਸਾਲ 2014 ਦੇ ਵਿੱਚ ਨਰਿੰਦਰ ਮੋਦੀ ਦੀ ਜਿੱਤ ਦੇ ਪਿੱਛੇ ਵੱਡਾ ਰੋਲ ਰਿਹਾ। ਆਂਧਰਾ ਪ੍ਰਦੇਸ਼, ਬਿਹਾਰ, ਤਮਿਲਨਾਡੂ ਤੇ ਫਿਰ ਪੰਜਾਬ ਦੀ ਸਿਆਸਤ ਦੀ ਨਬਜ਼ ਟੋਹਣ ਦੇ ਵਿੱਚ ਕਾਮਯਾਬ ਰਿਹਾ। ਪਿਛਲੇ ਕੁਝ ਲੰਬੇ ਸਮੇਂ ਤੋਂ ਉਸ ਨੇ ਸੋਚਿਆ ਕਿ ਕਿੰਨੀ ਕੁ ਦੇਰ ਰਣਨੀਤੀਕਾਰ ਬਣਿਆ ਰਹਾਂਗਾ, ਚੱਲੋ ਕੁਝ ਰਾਜਨੀਤੀ 'ਤੇ ਸਿਆਸਤ ਕਰਦੇ ਹਾਂ। ਰੱਬ ਕਰੇ ਇਹ ਸਿਆਸਤ ਬਿਹਾਰ ਦੇ ਲੋਕਾਂ ਦੇ ਲਈ ਫ਼ਾਇਦੇ ਵਾਲੀ ਹੋਵੇ। ਕੋਈ ਸ਼ੱਕ ਨਹੀਂ ਹੈ, ਉਹ ਜ਼ੀਰੋ ਤੋਂ ਸ਼ੁਰੂਆਤ ਕਰ ਰਹੇ ਹਨ, ਪਹਿਲੀ ਵਾਰ ਜਨ ਸੁਰਾਜ ਯਾਤਰਾ ਨੂੰ ਲੈ ਕੇ ਕਾਨਫ਼ਰੰਸ ਕੀਤੀ ਸੀ, ਤੇ ਪਿੱਛੇ ਗਾਂਧੀ ਦੀ ਫ਼ੋਟੋ ਲੱਗੀ ਵੇਖ ਕੇ ਹੈਰਾਨੀ ਜਿਹੀ ਹੋਈ ਸੀ ਕਿਉਂਕਿ ਆਜ਼ਾਦੀ ਦੇ ਬਾਅਦ ਅਸੀਂ ਬਹੁਤ ਬਦਲਾਓ ਵੇਖੇ, ਸਮਾਜ ਦੇ ਵਿੱਚ, ਇਨਸਾਨਾਂ ਦੇ ਵਿੱਚ, ਚੇਤਨਾ ਦੇ ਵਿੱਚ ਪਰ ਗਾਂਧੀ ਜੀ ਦਾ ਕੰਨਸੈਪਟ ਨੇਤਾਵਾਂ ਨੇ ਠੰਡੇ ਬਸਤੇ ਵਿੱਚ ਪਾਇਆ ਹੋਇਆ ਸੀ, ਉਨ੍ਹਾਂ ਨੂੰ ਵਾਮਪੰਥੀ ਐਲਾਨ ਦਿੱਤਾ ਗਿਆ ਕਿਉਂਕਿ ਹੁਣ ਰਾਮ ਪੰਥ ਦੀ ਸੁਨਾਮੀ ਹੈ। ਜਦੋਂ ਪੁਰਾਣੀਆਂ ਪਾਰਟੀਆਂ ਇਹ ਨਹੀਂ ਸਮਝ ਪਾ ਰਹੀਆਂ ਕਿ ਰਾਮ ਦਾ ਮੁਕਾਬਲਾ ਕਿਵੇਂ ਕਰੀਏ ਇੱਥੋਂ ਤੱਕ ਕਿ ਰਾਮ ਯੁੱਗ ਦੇ ਵਿੱਚ ਖ਼ਤਰਨਾਕ ਐਲਾਨੇ ਗਾਂਧੀ ਦੀ ਤਸਵੀਰ ਲੈ ਕੇ ਕਾਂਗਰਸ ਨੇ ਕਦੇ ਹਿੰਮਤ ਨਹੀਂ ਕੀਤੀ ਜ਼ਮੀਨ 'ਤੇ ਉਤਰਨ ਦੀ। ਤੇ ਫਿਰ ਭਲਾ ਪੀ.ਕੇ. ਇਹ ਤਸਵੀਰ ਲੈ ਕੇ ਕਿਉਂ ਉੱਤਰ ਰਿਹਾ ਹੈ?

ਸੁਰਾਜ ਯਾਤਰਾਂ ਦੀਆਂ ਵੀਡੀਓ ਵੇਖ ਕੇ ਪਤਾ ਚਲਦੈ ਕਿ ਛੋਟੇ ਛੋਟੇ ਭਾਸ਼ਣ, ਛੋਟੀਆਂ ਛੋਟੀਆਂ ਸਭਾਵਾਂ, ਗੱਲਾਂ ਵਿੱਚ ਸਹਿਜਤਾ, ਤੇ ਗੱਲਾਂ ਉਹ ਜੋ ਲੋਕਾਂ ਦੇ ਰੋਜਾਨਾਂ ਜੀਵਨ ਨਾਲ ਜੁੜੀਆਂ ਹੋਈਆਂ ਨੇ। ਹਾਲ ਦੀ ਘੜੀ ਤਾਂ ਮੁੱਦੇ ਵਿਚਾਰੇ ਜਾ ਰਹੇ ਨੇ, ਵੋਟ ਨਹੀਂ ਮੰਗੀ ਜਾ ਰਹੀ ਪਰ ਇਹ ਤਰੀਕਾ ਗਾਂਧੀ, ਜਵਾਹਰ ਲਾਲ ਨਹਿਰੂ, ਸਰਦਾਰ ਪਟੇਲ ਤੇ ਸੁਭਾਸ਼ ਦਾ ਤਰੀਕਾ ਹੈ। 1920-25 ਦੇ ਦੌਰ ਦੀ ਗੱਲ ਕਰੀਏ ਤਾਂ ਕਹਿੰਦੇ ਨੇ ਕਿ ਉਸ ਸਮੇਂ ਟਰੰਕ ਦੇ ਵਿੱਚ ਚਾਰ ਕੱਪੜੇ ਪਾ ਕੇ ਜਵਾਹਰ ਲਾਲ ਨਹਿਰੂ ਪਿੰਡ- ਪਿੰਡ ਕਾਂਗਰਸ ਦਾ ਸੰਗਠਨ ਬਣਾਉਂਦੇ ਫ਼ਿਰਦੇ ਸਨ, ਨੇਤਾ ਲੱਭਦੇ ਫ਼ਿਰਦੇ ਸੀ। ਸੰਘਰਸ਼ ਦੀ ਗੁਰੂ ਦੱਖਣਾ ਦੇ ਰਹੇ ਸੀ। ਪੀ. ਕੇ. ਵੀ ਏਹੀ ਮਾਡਲ ਅਪਣਾਅ ਰਿਹਾ ਹੈ। ਖੁੱਲ੍ਹ ਕੇ ਕਹਿੰਦਾ ਹੈ ਕਿ ਆਜ਼ਾਦੀ ਤੋਂ ਪਹਿਲਾਂ ਦੀ ਨੈਸ਼ਨਲ ਕਾਂਗਰਸ ਉਸ ਦਾ ਮਾਡਲ ਹੈ। ਇਹ ਰਸਤਾ ਲੰਬਾ ਵੀ ਹੈ ਤੇ ਗੁੰਝਲਦਾਰ ਵੀ, ਜਿਸ 'ਤੇ ਉਹ ਚੱਲ ਰਿਹਾ ਹੈ।

ਸੋਚਣ ਵਾਲੀ ਗੱਲ ਹੈ ਕਿ ਜੇ ਪੀ.ਕੇ. ਨੂੰ ਲੀਡਰੀ ਦੀ ਭੁੱਖ ਹੁੰਦੀ, ਸਾਂਸਦ ਜਾਂ ਮੰਤਰੀ ਬਣਨਾ ਹੁੰਦਾ ਤਾਂ ਉਹਦੇ ਲਈ ਇੱਕ ਫ਼ੋਨ ਕਾਲ ਹੀ ਕਾਫ਼ੀ ਸੀ ਪਰ ਉਹ ਇਸ ਤੋਂ ਜ਼ਿਆਦਾ ਚਾਹੁੰਦਾ ਹੈ ਤੇ ਖ਼ਾਸ ਗੱਲ ਇਹ ਹੈ ਜੋ ਉਹ ਚਾਹੁੰਦਾ, ਉਹ ਉਸ ਨੂੰ ਕਿਸੇ ਪਾਰਟੀ ਜਾਂ ਨੇਤਾ ਦੀ ਪਰਿਕਰਮਾ ਜਾਂ ਜੋੜ ਤੋੜ ਕਰਕੇ ਨਹੀਂ ਮਿਲਣਾ, ਉਹ ਸਿੱਧਾ ਜਨਤਾ ਤੋਂ ਮੰਗਣਾ ਚਾਹੁੰਦਾ ਤੇ ਮੰਗ ਵੀ ਰਿਹੈ ਤੇ ਗਾਂਧੀ ਨੂੰ ਸਾਹਮਣੇ ਰੱਖ ਕੇ ਮੰਗ ਰਿਹੈ। ਪੀ.ਕੇ. ਬੁੱਧੀਮਾਨ ਵਿਅਕਤੀ ਹੈ, ਉਹ ਜਾਣਦਾ ਹੈ ਕਿ ਸਿਰਫ਼ ਗਾਂਧੀ ਦਾ ਸੰਦੇਸ਼ ਹੀ ਹਿੰਦੂ ਕਹਿਲਾਉਣ ਵਾਲੀ ਰਾਜਨੀਤੀ ਨੂੰ ਮਾਤ ਦੇ ਸਕਦੈ ਪਰ ਮਾਰਕੀਟਿੰਗ ਦੇ ਦੌਰ ਵਿੱਚ ਗਾਂਧੀ ਨੂੰ ਵੀ ਮਾਰਕੀਟਿੰਗ ਦੀ ਜ਼ਰੂਰਤ ਹੈ। ਜੋ ਕੰਮ ਕਾਂਗਰਸ ਨੂੰ ਕਰਨਾ ਚਾਹੀਦਾ ਸੀ, ਉਹ ਕੰਮ ਕੋਈ ਹੋਰ ਕਰ ਰਿਹਾ ਹੈ।

ਪੀ. ਕੇ. ਦਾ ਦਾਅਵਾ ਹੈ ਕਿ ਜਨ ਸੁਰਾਜ ਮੁਹਿੰਮ ਦਰਵਾਜ਼ੇ ਦਰਵਾਜ਼ੇ ਘੁੰਮਦੀ ਰਾਜਨੀਤੀ ਨੂੰ ਖ਼ਤਮ ਕਰਨ ਦੇ ਲਈ ਵਚਨਬੱਧ ਹੈ। ਪਹਿਲਾਂ ਉਹ ਦਲਾਂ ਦੇ ਰਸਤੇ ਲੋਕਾਂ ਤੱਕ ਪਹੁੰਚਦਾ ਰਿਹਾ ਸੀ, ਪਬਲਿਕ ਦਾ ਮੂਡ ਪਹਿਚਾਣਦਾ ਰਿਹਾ ਸੀ, ਪਰ ਹੁਣ ਉਸਦਾ ਕੈਨਵਸ ਵੱਡਾ ਹੈ, ਕਿਉਂਕਿ ਉਹ ਸਿੱਧਾ ਲੋਕਾਂ ਨਾਲ ਜੁੜ ਗਿਆ ਹੈ। । ਇੱਥੋਂ ਤੱਕ ਕਿ 'ਪੀ. ਕੇ. ਯੂਥ ਕਲੱਬ' ਇੱਕ ਲੱਖ ਬਿਹਾਰੀ ਬੱਚਿਆਂ ਨੂੰ ਰਾਜਨੀਤੀ ਦੇ ਵਿੱਚ ਆਉਣ ਦੇ ਗੁਰ ਦਸ ਰਿਹਾ ਹੈ। ਉਸ ਦੀ ਸੋਚ ਹੈ ਕਿ ਗਰੀਬ ਦੀ ਸੁਣਵਾਈ ਹੋਵੇ, ਕਾਨੂੰਨ ਦਾ ਰਾਜ ਹੋਵੇ, ਡੈਮੋਕ੍ਰਿਟਿਵ ਸਿਸਟਮ ਹੋਵੇ, ਦੇਸ਼ ਨੂੰ ਸਵਰਾਜ ਦੇ ਅਸਲ ਮਾਇਨੇ ਮਿਲਣ, ਰਾਜਨੀਤੀ ਦਾ ਤਾਪ ਘਟੇ, ਸਮਾਜ ਦਾ ਸੰਤਾਪ ਹਟੇ, ਜ਼ੀਰੋ ਬਣਾਏ ਗਏ ਗਾਂਧੀ ਜੀ ਨੂੰ ਫੇਰ ਉਚਾਈ ਮਿਲੇ, ਇਹੋ ਜਿਹੇ ਸਾਰੇ ਮਾਹੌਲ ਦੇ ਲਈ ਜੇ ਪੀ. ਕੇ. ਐਨਰਜੀ ਡਰਿੰਕ ਹੈ ਤਾਂ ਫਿਰ ਦੁੱਖ ਕਿਸ ਗੱਲ ਦਾ ?

# ਕੈਦੀਆਂ ਉੱਪਰ ਨਜ਼ਰ ਰੱਖਣ ਲਈ ਪੰਜਾਬ ਦੀਆਂ ਜੇਲ੍ਹਾਂ 'ਚ ਲੱਗਣਗੇ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਕੈਮਰੇ

## ਅੰਦਰੋਂ ਸ਼ੱਕੀ ਗਤੀਵਿਧੀ ਹੋਣ 'ਤੇ ਵੱਜੇਗਾ ਅਲਾਰਮ

ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬ ਦੀਆਂ ਜੇਲ੍ਹਾਂ ਵਿੱਚ ਨਸ਼ੀਲੇ ਪਦਾਰਥਾਂ ਅਤੇ ਮੋਬਾਈਲ ਫੋਨਾਂ ਦੇ ਪਾਏ ਜਾਣ ਦੇ ਮਾਮਲਿਆਂ ਨੂੰ ਰੋਕਣ ਲਈ ਸਰਕਾਰ ਹੁਣ ਜੇਲ੍ਹਾਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਨਾਲ ਲੈਸ ਕੈਮਰੇ ਲਗਾਏਗੀ। ਕੈਮਰੇ ਲਗਾਏ ਜਾਣ ਤੋਂ ਬਾਅਦ ਜੇਲ੍ਹ ਜਾਂ ਕੈਦੀਆਂ ਦੀ ਬੈਰਕ ਦੇ ਨੇੜੇ ਕੋਈ ਸ਼ੱਕੀ ਗਤੀਵਿਧੀ ਹੁੰਦੀ ਹੈ, ਤਾਂ ਤੁਰੰਤ ਅਧਿਕਾਰੀਆਂ ਨੂੰ ਅਲਰਟ ਪਹੁੰਚ ਜਾਵੇਗਾ। ਇਸ ਦੇ ਨਾਲ ਹੀ ਜੇਲ੍ਹ ਵਿੱਚ ਆਉਣ-ਜਾਣ ਵਾਲਿਆਂ ਦੀ ਪੂਰੀ ਬਾਡੀ ਸਕੈਨ ਕੀਤੀ ਜਾਵੇਗੀ। ਕੈਦੀਆਂ ਦੀ ਅਜਿਹੀ ਨਿਗਰਾਨੀ ਕਰਨ ਵਾਲਾ ਪੰਜਾਬ ਦੇਸ਼ ਦਾ ਦੂਜਾ ਸੂਬਾ ਹੋਵੇਗਾ। ਇਸ ਤੋਂ ਪਹਿਲਾਂ ਗੁਜਰਾਤ ਦੀ ਵਡੋਦਰਾ ਜੇਲ੍ਹ ਵਿੱਚ ਕੈਦੀਆਂ ਦੀ ਨਿਗਰਾਨੀ ਅਤੇ ਸੁਰੱਖਿਆ ਪ੍ਰਬੰਧਾਂ ਨੂੰ ਸਖ਼ਤ ਕਰਨ ਲਈ ਅਜਿਹੀ ਤਕਨੀਕ ਦੀ ਵਰਤੋਂ ਕੀਤੀ ਜਾ ਚੁੱਕੀ ਹੈ।

ਜੇਲ੍ਹ ਦੇ ਪਰਿਸਰ ਵਿੱਚ ਏ.ਆਈ. ਅਧਾਰਿਤ ਸੀ.ਸੀ.ਟੀ.ਵੀ. ਨਿਗਰਾਨੀ ਪ੍ਰਣਾਲੀ ਸਥਾਪਤ ਕੀਤੀ ਜਾ ਰਹੀ ਹੈ। ਹੁਣ ਪੰਜਾਬ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਵੱਲੋਂ ਪੰਜਾਬ ਦੀਆਂ ਅੱਠ ਜੇਲ੍ਹਾਂ ਵਿੱਚ ਇਸ ਸਬੰਧੀ ਕੰਮ ਚੱਲ ਰਿਹਾ ਹੈ। ਜੇਕਰ ਕੋਈ ਵੀ ਵਸਤੂ ਜੇਲ ਦੀ ਚਾਰਦੀਵਾਰੀ ਜਾਂ ਬੈਰਕਾਂ ਦੇ ਬਾਹਰ ਜਾਂ ਆਲ਼ੇ ਦੁਆਲੇ ਸੁੱਟੀ ਜਾਂਦੀ ਹੈ ਤਾਂ ਤੁਰੰਤ ਅਲਾਰਮ ਵੱਜ ਜਾਵੇਗਾ। ਇਸ ਨਾਲ ਜੇਲ੍ਹ ਵਿੱਚ ਹਰ ਕੈਦੀ 'ਤੇ ਨਜ਼ਰ ਰੱਖਣੀ ਆਸਾਨ ਹੋ ਜਾਵੇਗੀ।

ਪੰਜਾਬ ਦੀਆਂ ਵੱਡੀਆਂ ਜੇਲ੍ਹਾਂ ਵਿੱਚ ਏਆਈ ਕੈਮਰੇ ਅਤੇ ਬਾਡੀ ਸਕੈਨਰ ਲਗਾਉਣ ਵਿੱਚ ਚਾਰ ਤੋਂ ਪੰਜ ਮਹੀਨੇ ਲੱਗਣਗੇ।

ਗੁਜਰਾਤ ਤੋਂ ਬਾਅਦ ਹੁਣ ਪੰਜਾਬ ਦੀਆਂ ਜੇਲ੍ਹਾਂ ਵਿੱਚ ਐਕਸਰੇ ਆਧਾਰਿਤ ਫੁੱਲ ਬਾਡੀ ਸਕੈਨਰ ਅਤੇ ਹੋਰ ਸਾਜ਼ੋ-ਸਾਮਾਨ ਲਗਾਇਆ ਜਾਵੇਗਾ ਤਾਂ ਜੋ ਕੋਈ ਵੀ ਵਿਅਕਤੀ ਨਸ਼ਾ, ਮੋਬਾਈਲ ਜਾਂ ਹੋਰ ਪਾਬੰਦੀਸ਼ੁਦਾ ਵਸਤੂਆਂ ਨੂੰ ਚੋਰੀ-ਛਿਪੇ ਲੈ ਕੇ ਜਾਣ ਤੋਂ ਰੋਕਿਆ ਜਾ ਸਕੇ। ਪੰਜਾਬ ਪੁਲਿਸ ਨੇ ਪੰਜਾਬ ਦੀਆਂ ਜੇਲ੍ਹਾਂ ਵਿੱਚ ਸੁਰੱਖਿਆ ਦੇ ਨਵੇਂ



ਪ੍ਰਬੰਧ ਅਪਣਾਏ ਜਾਣ ਸਬੰਧੀ ਵੀ 7 ਫਰਵਰੀ ਨੂੰ ਪੰਜਾਬ-ਹਰਿਆਣਾ ਹਾਈ ਕੋਰਟ ਵਿੱਚ ਪ੍ਰਗਤੀ ਰਿਪੋਰਟ ਪੇਸ਼ ਕਰਨੀ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

**Editor: Malkeet Singh  Manager: Pardeep Singh  Sub: Editor: Balwinderpal Singh, Dr. Sarbjeet Kaur Jang  Online Interview Host: Balraj Pannu**

**Designer: A.K.V.  Content Composer: S. Jagmohan Singh  US Distributor: Amritsar Times Inc.  Owner: Amritsar Times Pvt Ltd.**

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕੌਮਾਂਤਰੀ ਨਿਆਂ ਅਦਾਲਤ ਗਾਜ਼ਾ ਵਿੱਚ ਜੰਗਬੰਦੀ ਦੇ ਹੁਕਮ ਦੇਣ ਤੋਂ ਇਨਕਾਰੀ

## ਇਜ਼ਰਾਈਲ ਨੇ ਨਸਲਕੁਸ਼ੀ ਦੇ ਦੋਸ਼ਾਂ ਨੂੰ ਨਕਾਰਿਆ




ਹੇਗ/ਏ.ਟੀ.ਨਿਊਜ਼ : ਸੰਯੁਕਤ ਰਾਸ਼ਟਰ ਦੀ ਕੌਮਾਂਤਰੀ ਨਿਆਂ ਅਦਾਲਤ ਨੇ ਗਾਜ਼ਾ 'ਚ ਜੰਗਬੰਦੀ ਦੇ ਹੁਕਮ ਦੇਣ ਤੋਂ ਇਨਕਾਰ ਕਰ ਦਿੱਤਾ ਹੈ, ਪਰ ਇਜ਼ਰਾਈਲ ਨੂੰ ਜਾਨ-ਮਾਲ ਦਾ ਨੁਕਸਾਨ ਰੋਕਣ ਲਈ ਯਤਨ ਕਰਨ ਲਈ ਕਿਹਾ ਹੈ। ਦੱਖਣੀ ਅਫਰੀਕਾ, ਜਿਸ ਨੇ ਇਹ ਕੇਸ ਦਾਇਰ ਕੀਤਾ ਸੀ, ਨੇ ਅਦਾਲਤ ਤੋਂ ਬੇਨਤੀ ਕੀਤੀ ਸੀ ਕਿ ਇਜ਼ਰਾਈਲ ਨੂੰ ਫ਼ੌਜੀ ਕਾਰਵਾਈ ਰੋਕਣ ਦਾ ਹੁਕਮ ਦਿੱਤਾ ਜਾਵੇ । ਹਾਲਾਂਕਿ ਸਿਖਰਲੀ ਅਦਾਲਤ ਨੇ ਉਸ ਮਾਮਲੇ ਨੂੰ ਖਾਰਜ ਨਹੀਂ ਕੀਤਾ, ਜਿਸ 'ਚ ਇਜ਼ਰਾਈਲ 'ਤੇ ਗਾਜ਼ਾ 'ਚ ਨਸਲਕੁਸ਼ੀ ਦੇ ਇਲਜ਼ਾਮ ਲਾਏ ਗਏ ਹਨ ।ਇਸ ਮਾਮਲੇ 'ਚ 17 ਜੱਜਾਂ ਦੀ ਕਮੇਟੀ ਵੱਲੋਂ ਕੌਮਾਂਤਰੀ ਨਿਆਂ ਅਦਾਲਤ (ਆਈ.ਸੀ.ਜੇ.) 'ਚ ਸੁਣਾਏ ਫ਼ੈਸਲੇ 'ਚ ਕੇਸ ਨੂੰ ਖਾਰਜ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ। ਕਮੇਟੀ ਨੇ ਕਿਹਾ ਕਿ ਅਦਾਲਤ ਮਾਨਵੀ ਤ੍ਰਾਸਦੀ ਬਾਰੇ ਪੂਰੀ ਤਰ੍ਹਾਂ ਜਾਣੂ ਹੈ ਤੇ ਉੱਥੇ ਹੋ ਰਹੇ ਜਾਨ-ਮਾਲ ਦੇ ਨੁਕਸਾਨ ਤੋਂ ਚਿੰਤਤ ਹੈ ।ਅਦਾਲਤ ਦਾ ਫ਼ੈਸਲਾ ਅੰਤ੍ਰਿਮ ਹੈ ਤੇ ਵਿਚਾਰ ਲਈ ਪੂਰਾ ਕੇਸ ਲਿਆਉਣ ਵਾਸਤੇ ਦੱਖਣੀ ਅਫਰੀਕਾ ਨੂੰ ਕਈ ਸਾਲਾਂ ਦਾ ਸਮਾਂ ਲੱਗ ਸਕਦਾ ਹੈ। ਦੱਖਣੀ ਅਫਰੀਕਾ ਨੇ ਜੱਜਾਂ ਨੂੰ ਬੇਨਤੀ ਕੀਤੀ ਹੈ ਕਿ ਗੰਭੀਰ ਸਥਿਤੀ ਦੇ ਮੱਦੇਨਜ਼ਰ ਗਾਜ਼ਾ 'ਚ ਫਲਸਤੀਨੀਆਂ ਨੂੰ ਬਚਾਉਣ ਲਈ ਆਰਜ਼ੀ ਕਦਮ ਚੁੱਕੇ ਜਾਣ । ਉਨ੍ਹਾਂ ਬੇਨਤੀ ਕੀਤੀ ਕਿ ਇਜ਼ਰਾਈਲ ਨੂੰ ਗਾਜ਼ਾ 'ਚ ਫ਼ੌਜੀ ਕਾਰਵਾਈ ਤੋਂ ਤੁਰੰਤ ਰੋਕਿਆ ਜਾਵੇ। ਇਜ਼ਰਾਈਲ ਨੇ ਨਸਲਕੁਸ਼ੀ ਦੇ ਦੋਸ਼ਾਂ ਨੂੰ ਨਕਾਰ ਦਿੱਤਾ ਹੈ ਤੇ ਅਦਾਲਤ ਨੂੰ ਦੋਸ਼ ਖਾਰਜ ਕਰਨ ਲਈ ਕਿਹਾ ਹੈ। ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਕਿ ਇਜ਼ਰਾਈਲ ਆਪਣੀ ਰਾਖੀ ਲਈ ਉਹ ਸਭ ਕਰੇਗਾ ਜਿਸ ਦੀ ਲੋੜ ਹੈ। ਜ਼ਿਕਰਯੋਗ ਹੈ ਕਿ ਫ਼ੈਸਲੇ ਤੋਂ ਪਹਿਲਾਂ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਦੇਸ਼ ਦੇ ਚੋਟੀ ਦੇ ਕਾਨੂੰਨੀ, ਰੱਖਿਆ ਤੇ ਕੂਟਨੀਤਕ ਮਾਹਿਰਾਂ ਨਾਲ ਮੀਟਿੰਗ ਕੀਤੀ ਸੀ ।

# ਮਾਣਹਾਨੀ ਦੇ ਮਾਮਲੇ 'ਚ ਟਰੰਪ ਨੂੰ ਦੇਣਾ ਪਵੇਗਾ 83 ਮਿਲੀਅਨ ਡਾਲਰ ਦਾ ਮੁਆਵਜ਼ਾ

## 9 ਮੈਂਬਰੀ ਜਿਊਰੀ ਨੇ ਦਿੱਤਾ ਆਦੇਸ਼



ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ : ਇੱਕ ਸੰਘੀ ਜਿਊਰੀ ਵੱਲੋਂ ਇੱਕ ਮਾਣਹਾਨੀ ਮਾਮਲੇ ਵਿੱਚ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੂੰ 83 ਮਿਲੀਅਨ ਡਾਲਰ ਤੋਂ ਵਧ ਮੁਆਵਜ਼ਾ ਕਾਲਮਨਵੀਸ ਈ ਜੀਨ ਕੈਰੋਲ ਨੂੰ ਦੇਣ ਦੇ ਆਦੇਸ਼ ਜਾਰੀ ਕਰਨ ਦੀ ਖ਼ਬਰ ਹੈ। ਜਿਊਰੀ ਨੇ ਕਿਹਾ ਕਿ 2019 ਵਿੱਚ ਮੈਨਹਟਨ ਡਿਪਾਰਟਮੈਂਟ ਸਟੋਰ ਵਿੱਚ ਸਰੀਰਕ ਸ਼ੋਸ਼ਣ ਕਰਨ ਦੇ ਕੈਰੋਲ ਵੱਲੋਂ ਲਾਏ

ਦੋਸ਼ਾਂ ਤੋਂ ਇਨਕਾਰ ਕਰਕੇ ਸਾਬਕਾ ਰਾਸ਼ਟਰਪਤੀ ਨੇ ਝੂਠੇ ਦੋਸ਼ਾਂ ਦਾ ਸਹਾਰਾ ਲਿਆ ਹੈ ਤੇ ਸਾਬਕਾ ਰਾਸ਼ਟਰਪਤੀ ਨੇ ਸ਼ੋਸਲ ਮੀਡੀਆ ਉੱਪਰ ਨਿਰੰਤਰ ਕੈਰੋਲ ਨੂੰ ਨਿਸ਼ਾਨਾ ਬਣਾਇਆ ਹੈ। ਸੁਣਵਾਈ ਦੌਰਾਨ ਕੈਰੋਲ ਦੇ ਵਕੀਲਾਂ ਨੇ 9 ਮੈਂਬਰ ਜਿਊਰੀ ਨੂੰ ਕਿਹਾ ਕਿ ਉਹ ਸਾਬਕਾ ਰਾਸ਼ਟਰਪਤੀ ਨੂੰ ਮਿਸਾਲੀ ਵਿੱਤੀ ਸਜ਼ਾ ਦੇਵੇ। ਜਿਊਰੀ ਨੇ ਵਕੀਲਾਂ ਨੂੰ ਨਿਰਾਸ਼ ਨਹੀਂ ਕੀਤਾ ਤੇ 3 ਘੰਟਿਆਂ ਦੀ ਸੁਣਵਾਈ ਉਪਰੰਤ ਸਾਬਕਾ ਰਾਸ਼ਟਰਪਤੀ ਨੂੰ ਆਦੇਸ਼ ਦਿੱਤਾ ਕਿ ਉਹ ਹਰ ਹਾਲਤ ਵਿੱਚ 83.3 ਮਿਲੀਅਨ ਡਾਲਰ ਕੈਰੋਲ ਨੂੰ ਦੇਵੇ।

ਟਰੰਪ ਜੋ ਫ਼ੈਸਲਾ ਸੁਣਾਉਣ ਤੋਂ ਪਹਿਲਾਂ ਹੀ ਮੈਨਹਟਨ ਅਦਾਲਤ ਵਿਚੋਂ ਚਲੇ (ਬਾਕੀ ਸਫ਼ਾ 31 'ਤੇ)

# ਅਮਰੀਕਾ ਦੇ ਰਿਚਮੌਂਡ ਹਿਲ ਖੇਤਰ ਵਿੱਚ ਮਹਾਤਮਾ ਗਾਂਧੀ ਦਾ ਨਵਾਂ ਬੁੱਤ ਲਾਇਆ

## ਅਗਸਤ 2022 ਵਿੱਚ ਬੁੱਤ ਦੀ ਕੀਤੀ ਸੀ ਭੰਨਤੋੜ

ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ : ਨਿਊਯਾਰਕ ਸਿਟੀ ਦੇ ਮੇਅਰ ਏਰਿਕ ਐਡਮਜ ਤੇ ਭਾਰਤੀ ਅਮਰੀਕੀ ਸਟੇਟ ਅਸੰਬਲੀ ਮੈਂਬਰ ਜੈਨੀਫ਼ਰ ਰਾਜਕੁਮਾਰ ਨੇ ਇੱਕ ਸਥਾਨਕ ਹਿੰਦੂ ਮੰਦਿਰ ਦੇ ਬਾਹਰ ਮਹਾਤਮਾ ਗਾਂਧੀ ਦੇ ਨਵੇਂ ਬੁੱਤ ਤੋਂ ਪਰਦਾ ਹਟਾਉਣ ਦੀ ਰਸਮ ਨਿਭਾਈ। ਰਿਚਮੌਂਡ ਹਿਲ ਵਿੱਚ 111ਵੀਂ ਸਟਰੀਟ 'ਤੇ ਸਥਿਤ ਸ਼੍ਰੀ ਤੁਲਸੀ ਮੰਦਿਰ ਦੇ ਸਾਹਮਣੇ ਸਥਾਪਿਤ ਮਹਾਤਮਾ ਗਾਂਧੀ ਦੇ ਬੁੱਤ ਦੀ ਅਗਸਤ 2022 ਵਿੱਚ ਦੋ ਵਾਰ ਭੰਨਤੋੜ ਕੀਤੀ ਗਈ ਸੀ ਤੇ ਬੁੱਤ ਉਪਰ ਅਪਮਾਨਜਨਕ ਸ਼ਬਦ ਲਿਖ ਦਿੱਤੇ ਗਏ ਸਨ। ਇਸ ਮੌਕੇ ਮੇਅਰ ਐਡਮਜ ਨੇ ਕਿਹਾ ਕਿ ਬੁੱਤ ਨੂੰ ਭਾਵੇਂ ਕੁਝ ਲੋਕਾਂ ਵੱਲੋਂ ਤੋੜ ਦਿੱਤਾ ਗਿਆ ਸੀ ਪਰੰਤੂ ਉਹ ਲੋਕ ਬੁੱਤ ਨੂੰ ਦੁਬਾਰਾ ਬਣਾਉਣ ਲਈ ਸਾਡੀ ਇਕਜੁੱਟਤਾ ਤੇ ਭਾਵਨਾ ਨੂੰ ਨਹੀਂ ਤੋੜ ਸਕੇ। ਉਨ੍ਹਾਂ ਕਿਹਾ ਕਿ ਅੱਜ ਅਸੀਂ ਭਾਰਤੀ ਭਾਈਚਾਰੇ ਦੇ ਨਾਲ ਖੜੇ ਹਾਂ ਤੇ ਇੱਕ ਆਵਾਜ਼ ਵਿੱਚ ਐਲਾਨ ਕਰਦੇ ਹਾਂ ਕਿ ਨਫ਼ਰਤ ਨੂੰ ਸਾਡੇ ਦੇਸ਼ ਵਿੱਚ ਕੋਈ ਥਾਂ ਨਹੀਂ ਹੈ।

ਸਮਾਗਮ ਵਿੱਚ ਅਸੰਬਲੀ ਮੈਂਬਰ ਡੇਵਿਡ ਵੈਪਰਿਨ, ਕੌਂਸਲ ਮੈਂਬਰ ਲਿਨ ਸ਼ੁਲਮੈਨ ਤੇ ਪੰਡਿਤ ਲੇਖਰਾਮ ਮਹਾਰਾਜ ਸੰਸਥਾਪਕ ਤੁਲਸੀ ਮੰਦਿਰ ਤੋਂ ਇਲਾਵਾ ਭਾਰਤੀ ਅਮਰੀਕੀ ਭਾਈਚਾਰੇ ਦੀਆਂ ਕਈ ਹੋਰ ਅਹਿਮ ਸ਼ਖਸੀਅਤਾਂ ਹਾਜ਼ਰ ਸਨ।

# ਕੈਲੀ.ਫੋਰਨੀਆ ਦੇ ਫਰੀਮਾਂਟ ਸ਼ਹਿਰ ਦੇ 2 ਸਕੂਲਾਂ ਵਿੱਚ ਅਗਲੇ ਸੈਸ਼ਨ ਤੋਂ ਪੜ੍ਹਾਈ ਜਾਵੇਗੀ ਹਿੰਦੀ

## ਸਕੂਲ ਬੋਰਡ ਨੇ 4-1 ਵੋਟਾਂ ਨਾਲ ਲਿਆ ਫ਼ੈਸਲਾ

ਸੈਕਰਾਮੈਂਟੋ, ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : ਕੈਲੀਫੋਰਨੀਆ ਦੇ ਫਰੀਮਾਂਟ ਸ਼ਹਿਰ ਦੇ 2 ਪਬਲਿਕ ਸਕੂਲਾਂ ਵਿੱਚ ਅਗਲੇ ਸੈਸ਼ਨ 2024-25 ਵਿੱਚ ਹਿੰਦੀ ਨੂੰ ਸਿਲੇਬਸ ਵਿੱਚ ਸ਼ਾਮਿਲ ਕੀਤਾ ਜਾਵੇਗਾ। ਫਰੀਮਾਂਟ ਯੂਨਾਈਟਿਡ ਸਕੂਲ ਡਿਸਟ੍ਰਿਕਟ ਬੋਰਡ ਦੀ ਹੋਈ ਮੀਟਿੰਗ ਵਿੱਚ 4-1 ਵੋਟਾਂ ਦੇ ਫਰਕ ਨਾਲ ਹਿੰਦੀ ਸਬੰਧੀ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਹਰੀ ਝੰਡੀ ਦਿੱਤੀ। ਫਰੀਮਾਂਟ ਯੂਨਾਈਟਿਡਸਕੂਲ ਡਿਸਟ੍ਰਿਕਟ ਬੋਰਡ ਵੱਲੋਂ ਜਾਰੀ ਪ੍ਰੈਸ ਬਿਆਨ ਵਿੱਚ ਕਿਹਾ ਗਿਆ ਹੈ ਕਿ ਫਰੀਮਾਂਟ ਵਿੱਚ ਭਾਰੀ ਗਿਣਤੀ ਵਿੱਚ ਭਾਰਤੀ ਅਮਰੀਕੀ ਭਾਈਚਾਰੇ ਦੇ ਲੋਕ ਰਹਿੰਦੇ ਹਨ ਜਿਸ ਨੂੰ ਵੇਖਦੇ ਹੋਏ ਹੌਰਨਰ ਮਿਡਲ ਸਕੂਲ ਤੇ ਇਰਵਿੰਗਟਨ ਹਾਈ ਸਕੂਲ ਵਿੱਚ ਹਿੰਦੀ ਨੂੰ ਲਾਗੂ ਕੀਤਾ ਜਾਵੇਗਾ। ਇਨ੍ਹਾਂ ਸਕੂਲਾਂ ਵਿੱਚ ਭਾਰਤੀ ਅਮਰੀਕੀ ਭਾਈਚਾਰੇ ਦੇ ਬੱਚੇ ਬਹੁਗਿਣਤੀ ਵਿੱਚ ਹਨ। ਬਿਆਨ ਵਿੱਚ ਕਿਹਾ

ਗਿਆ ਹੈ ਕਿ ਮੀਟਿੰਗ ਵਿੱਚ ਬੋਰਡ ਦੇ ਮੈਂਬਰਾਂ ਜਿਨ੍ਹਾਂ ਵਿੱਚ ਵਿਵੇਕ ਪ੍ਰਸਾਦ, ਸ਼ਰੋਨ ਕੋਕੋ, ਲੈਰੀ ਸਵੀਨੀ ਤੇ ਪ੍ਰਧਾਨ ਯਾਜਿੰਗ ਝੰਗ ਸ਼ਾਮਿਲ ਹਨ, ਨੇ ਵਿਦਿਆਰਥੀਆਂ ਦੀ ਭਲਾਈ ਲਈ ਹਿੰਦੀ ਪੜਾਉਣ ਦੀ ਤਜਵੀਜ਼ ਦਾ ਜ਼ੋਰਦਾਰ ਸਮਰਥਨ ਕੀਤਾ। ਪ੍ਰੈਸ ਬਿਆਨ ਅਨੁਸਾਰ ਬਹੁਤ ਸਾਰੇ ਪਰਿਵਾਰਾਂ ਨੇ ਸਕੂਲ ਡਿਸਟ੍ਰਿਕਟ ਨੂੰ ਆਪਸ਼ਨ ਵਿਸ਼ੇ ਵਜੋਂ ਹਿੰਦੀ ਪੜਾਉਣ ਲਈ ਬੇਨਤੀ ਕੀਤੀ ਸੀ ਜਿਸ ਨੂੰ ਪ੍ਰਵਾਨ ਕਰ ਲਿਆ ਗਿਆ ਹੈ। ਵਿਵੇਕ ਪ੍ਰਸਾਦ ਨੇ ਹਿੰਦੀ ਸਬੰਧੀ ਪ੍ਰੋਗਰਾਮ ਦੇ ਸਮਰਥਨ ਵਿੱਚ ਬੋਲਦਿਆਂ ਕਿਹਾ ਕਿ ਹਿੰਦੀ ਭਾਰਤੀ ਅਮਰੀਕੀ ਭਾਈਚਾਰੇ ਲਈ ਵੱਡੀ ਅਹਿਮੀਅਤ ਰਖਦੀ ਹੈ ਇਸ ਲਈ ਮੇਰੇ ਲਈ ਹਿੰਦੀ ਲਾਗੂ ਕਰਨਾ ਮਾਣ ਵਾਲੀ ਗੱਲ ਹੋਵੇਗੀ।

ਸ਼ਰੋਨ ਕੋਕੋ ਨੇ ਕਿਹਾ ਕਿ ਜੇਕਰ ਉਕਤ ਸਕੂਲਾਂ ਵਿੱਚ ਹਿੰਦੀ ਸਬੰਧੀ ਪ੍ਰੋਗਰਾਮ ਸਫਲ ਰਿਹਾ ਤਾਂ ਹੋਰ ਸਕੂਲਾਂ ਵਿੱਚ ਵੀ ਹਿੰਦੀ ਲਾਗੂ ਕਰਨ ਦੀਆਂ ਸੰਭਾਵਨਾਵਾਂ ਦਾ ਪਤਾ ਲਾਇਆ ਜਾਵੇਗਾ। ਲੈਰੀ ਸਵੀਨੀ ਨੇ ਤਜਵੀਜ਼ ਦੇ ਸਮਰਥਨ ਵਿੱਚ ਬੋਲਦਿਆਂ ਕਿਹਾ ਕਿ ਮੈਂ ਸਾਰੇ ਹਾਈ ਸਕੂਲਾਂ ਤੇ ਸਾਰੇ ਮਿਡਲ ਸਕੂਲਾਂ ਵਿੱਚ ਇਸ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਹਾਂ ਪੱਖੀ ਪਹੁੰਚ ਰਖਦਾ ਹਾਂ। ਯਾਜਿੰਗ ਝੰਗ ਨੇ ਕਿਹਾ ਕਿ ਅਸੀਂ ਵਿਦਿਆਰਥੀਆਂ ਦੀ ਭਲਾਈ ਲਈ ਬੈਠੇ ਹਾਂ ਤੇ ਜੇਕਰ ਹਿੰਦੀ ਪੜਾਉਣ ਦੀ ਵੱਡੀ ਮੰਗ ਹੈ ਤਾਂ ਅਸੀਂ ਇਸ ਲਈ ਤਿਆਰ ਹਾਂ।

# ਜਾਰਡਨ 'ਚ ਅਮਰੀਕੀ ਫ਼ੌਜੀ ਅੱਡੇ 'ਤੇ ਹਮਲਾ, ਤਿੰਨ ਫ਼ੌਜੀਆਂ ਦੀ ਮੌਤ

ਸੀਰੀਆ/ਏ.ਟੀ.ਨਿਊਜ਼ : ਬੀਤੇ ਦਿਨੀਂ ਜਾਰਡਨ 'ਚ ਸੀਰੀਆ ਦੀ ਸਰਹੱਦ ਨੇੜੇ ਸਥਿਤ ਅਮਰੀਕੀ ਫੌਜੀ ਅੱਡੇ 'ਤੇ ਅੱਤਵਾਦੀ ਹਮਲਾ ਹੋਇਆ ਸੀ। ਯੂ.ਐਸ. ਸੈਂਟਰਲ ਕਮਾਂਡ (ਸੈਂਟਕਾਮ) ਨੇ ਕਿਹਾ ਕਿ ਹਮਲਾ ਸ਼ਨੀਵਾਰ ਰਾਤ ਨੂੰ ਹੋਇਆ, ਜਿਸ ਵਿੱਚ ਤਿੰਨ ਅਮਰੀਕੀ ਸੈਨਿਕ ਮਾਰੇ ਗਏ ਅਤੇ 25 ਹੋਰ ਜ਼ਖਮੀ ਹੋ ਗਏ। ਗਾਜ਼ਾ ਵਿੱਚ ਜੰਗ ਸ਼ੁਰੂ ਹੋਣ ਤੋਂ ਬਾਅਦ ਇਹ ਪਹਿਲੀ ਵਾਰ ਹੈ ਕਿ ਮੱਧ ਪੂਰਬ ਵਿੱਚ ਦੁਸ਼ਮਣ ਦੀ ਗੋਲੀ ਨਾਲ ਅਮਰੀਕੀ ਸੈਨਿਕ ਮਾਰੇ ਗਏ ਹਨ। ਦੱਸਿਆ ਜਾ ਰਿਹਾ ਹੈ ਕਿ ਇਸ ਹਮਲੇ ਪਿੱਛੇ ਇਰਾਨ ਸਮਰਥਿਤ ਮਿਲੀਸ਼ੀਆ ਦਾ ਹੱਥ ਹੈ। ਇਹ ਮਿਲੀਸ਼ੀਆ ਸੀਰੀਆ, ਇਰਾਕ, ਲੇਬਨਾਨ ਅਤੇ ਲੀਬੀਆ ਵਿੱਚ ਸਰਗਰਮ ਹਨ। ਇਸ ਤੋਂ ਪਹਿਲਾਂ ਵੀ ਇਰਾਕ 'ਚ ਅਮਰੀਕੀ ਏਅਰਬੇਸ 'ਤੇ ਹਮਲਾ ਹੋਇਆ ਸੀ ਪਰ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਸੀ। ਇਸ ਹਮਲੇ ਤੋਂ ਬਾਅਦ ਰਾਸ਼ਟਰਪਤੀ ਜੋਅ ਬਿਡੇਨ ਨੇ ਬਦਲਾ ਲੈਣ ਦੀ ਧਮਕੀ ਦਿੱਤੀ ਹੈ। ਬਿਡੇਨ ਨੇ ਕਿਹਾ, "ਅਸੀਂ ਜਿਨ੍ਹਾਂ ਤਿੰਨ ਅਮਰੀਕੀ ਫੌਜੀਆਂ ਨੂੰ ਗੁਆਇਆ ਹੈ, ਉਹ ਸਭ ਤੋਂ ਉੱਚੇ ਅਰਥਾਂ ਵਿੱਚ ਦੇਸ਼ਭਗਤ ਸਨ ਅਤੇ ਸਾਡਾ ਦੇਸ਼ ਉਨ੍ਹਾਂ ਦੀ ਸਰਵਉੱਚ ਕੁਰਬਾਨੀ ਨੂੰ ਕਦੇ ਨਹੀਂ ਭੁੱਲੇਗਾ। ਅਸੀਂ ਇਕੱਠੇ ਮਿਲ ਕੇ ਉਨ੍ਹਾਂ ਦੇ ਪਰਿਵਾਰਾਂ ਪ੍ਰਤੀ ਆਪਣੀ ਪਵਿੱਤਰ ਜ਼ਿੰਮੇਵਾਰੀ ਨਿਭਾਵਾਂਗੇ। ਅਸੀਂ ਉਨ੍ਹਾਂ ਦੇ ਸਨਮਾਨ ਅਤੇ ਬਹਾਦਰੀ ਦੇ ਯੋਗ ਬਣਨ ਦੀ ਕੋਸ਼ਿਸ਼ ਕਰਾਂਗੇ।"



### ਅਮਰੀਕਾ ਕਿਉਂ ਨਿਸ਼ਾਨੇ ਉੱਪਰ

ਅਮਰੀਕੀ ਟਿਕਾਣਿਆਂ ਦੀ ਸੁਰੱਖਿਆ ਨੂੰ ਸੰਨ੍ਹ ਲਾਉਣਾ ਆਮ ਤੌਰ 'ਤੇ ਅਸੰਭਵ ਹੀ ਹੁੰਦਾ ਹੈ ਕਿਉਂਕਿ ਇਨ੍ਹਾਂ ਦੀ ਹਵਾਈ ਸੁਰੱਖਿਆ ਦਾ ਪ੍ਰਬੰਧ ਬਹੁਤ ਵਿਆਪਕ ਹੁੰਦਾ ਹੈ ਪਰ ਡਰੋਨ ਹਮਲੇ ਨੇ ਨਾ ਕੇਵਲ ਅਮਰੀਕੀ ਹਵਾਈ ਰੱਖਿਆ ਪ੍ਰਬੰਧ ਨੂੰ ਨਾਕਾਮ ਸਿੱਧ ਕਰ ਦਿੱਤਾ ਸਗੋਂ ਇਸ ਹਮਲੇ ਵਿੱਚ ਤਿੰਨ ਜਵਾਨ ਮਾਰੇ ਗਏ ਅਤੇ ਦੋ ਦਰਜਨ ਜਵਾਨ ਜ਼ਖ਼ਮੀ ਵੀ ਹੋ ਗਏ। ਪੈਂਟਾਗਨ (ਅਮਰੀਕੀ ਰੱਖਿਆ ਵਿਭਾਗ) ਨੇ ਆਪਣੇ ਫ਼ੌਜੀਆਂ ਦੇ ਮਾਰ ਜਾਣ ਦੀ ਗੱਲ ਸਵੀਕਾਰ ਕੀਤੀ ਹੈ ਕਿ ਪੱਛਮੀ ਏਸ਼ੀਆ ਵਿੱਚ ਚੱਲ ਰਹੇ ਟਕਰਾਅ ਦੌਰਾਨ ਇਜ਼ਰਾਈਲ ਦੀ ਹਮਾਇਤ ਕਰਨ ਕਰ ਕੇ ਉਸ ਨੂੰ ਇਹ ਨੁਕਸਾਨ ਝੱਲਣਾ ਪਿਆ ਹੈ।

ਉਂਝ, ਇਸ ਹਮਲੇ ਦੇ ਬਹੁਤ ਖ਼ਤਰਨਾਕ ਸਿੱਟੇ ਨਿਕਲ ਸਕਦੇ ਹਨ। ਰਾਸ਼ਟਰਪਤੀ ਚੋਣ ਲਈ ਤਿਆਰੀ ਵਿੱਚ ਰੁੱਝੇ ਰਾਸ਼ਟਰਪਤੀ ਜੋਅ ਬਾਇਡਨ ਨੇ ਸਖ਼ਤ ਰੱਦੇਅਮਲ ਦਾ ਵਾਅਦਾ ਕੀਤਾ ਹੈ ਅਤੇ ਇਸ ਲਈ ਉਨ੍ਹਾਂ ਜ਼ਾਹਰਾ ਤੌਰ 'ਤੇ ਇਰਾਨ ਨੂੰ ਕਸੂਰਵਾਰ ਠਹਿਰਾਇਆ ਹੈ। ਇਤਿਹਾਸਕ ਤੌਰ 'ਤੇ ਦੇਖਿਆ ਜਾਵੇ ਤਾਂ ਅਮਰੀਕਾ ਅਕਸਰ ਇਹੋ ਜਿਹੀਆਂ ਜੰਗਾਂ ਸ਼ੁਰੂ ਤਾਂ ਕਰ ਲੈਂਦਾ ਹੈ, ਫਿਰ ਇਹ ਫ਼ੌਜੀ ਦਲਦਲ ਵਿੱਚ ਧਸਦਾ ਚਲਿਆ ਜਾਂਦਾ ਹੈ। ਮੱਧ ਪੂਰਬ ਵਿੱਚ ਅਮਰੀਕੀ ਟਿਕਾਣਿਆਂ ਉੱਪਰ ਹੋ ਰਹੇ ਚੌਤਰਫ਼ਾ ਹਮਲਿਆਂ ਤੋਂ ਜ਼ਾਹਿਰ ਹੁੰਦਾ ਹੈ ਕਿ ਹੁਣ ਤਾਂ ਇਸ ਦੇ ਦੁਸ਼ਮਣਾਂ ਦੀ ਗਿਣਤੀ ਕਰਨੀ ਵੀ ਔਖੀ ਹੋ ਗਈ ਹੈ। ਇਸ ਮਾਮਲੇ ਵਿੱਚ ਇਰਾਨ ਨੂੰ ਨਿਸ਼ਾਨਾ ਬਣਾਉਣਾ ਮਖਿਆਲ ਦੇ ਛੱਤੇ ਵਿੱਚ ਰੋੜਾ ਮਾਰਨ ਵਰਗੀ ਗੱਲ ਹੋਵੇਗੀ। ਇਸ ਤਰ੍ਹਾਂ ਦੇ ਹਥਿਆਰਬੰਦ ਗਰੁਪ ਬਹੁਤ ਜ਼ਬਰਦਸਤ ਤਾਕਤ ਦੇ ਮਾਲਕ ਬਣ ਗਏ ਹਨ ਅਤੇ ਉਹ ਪਿਛਲੇ ਕਈ ਦਹਾਕਿਆਂ ਤੋਂ ਇਸ ਦੁਸ਼ਵਾਰਕੁਨ ਖਿੱਤੇ ਵਿੱਚ ਆਪਣੀ ਹੋਂਦ ਬਚਾਉਣ ਵਿੱਚ ਸਫ਼ਲ ਰਹੇ ਹਨ।

### ਇਸਲਾਮੀ ਗਰੁੱਪਾਂ ਵਿੱਚ ਰੋਸ

ਜੇ ਜੰਗ ਹੋਰ ਫੈਲ ਗਈ ਤਾਂ ਸਥਿਤੀ ਅਮਰੀਕਾ ਦੇ ਹੱਥੋਂ ਨਿਕਲ ਸਕਦੀ ਹੈ ਅਤੇ ਇਸ ਟਕਰਾਅ ਦੇ ਨਤੀਜੇ ਸਮੁੱਚੀ ਦੁਨੀਆ ਨੂੰ ਭੁਗਤਣੇ ਪੈਣਗੇ ਜਿਵੇਂ ਲਾਲ ਸਾਗਰ ਵਿੱਚ ਹੋ ਰਹੇ ਹਮਲਿਆਂ ਤੋਂ ਸਪੱਸ਼ਟ ਹੋ ਰਿਹਾ ਹੈ। ਇਸਲਾਮੀ ਗਰੁੱਪਾਂ ਅੰਦਰ ਵਧ ਰਹੇ ਰੋਸ ਦਾ ਕਾਰਨ ਸਾਫ਼ ਹੈ ਕਿ ਅਮਰੀਕਾ ਵੱਲੋਂ ਇਜ਼ਰਾਈਲ ਨੂੰ ਗਾਜ਼ਾ ਵਿੱਚ ਅੰਨ੍ਹੇਵਾਹ ਫ਼ੌਜੀ ਹਮਲੇ ਕਰਨ ਲਈ ਖੁੱਲ੍ਹੀ ਹਮਾਇਤ ਦਿੱਤੀ ਜਾ ਰਹੀ ਹੈ। ਇਸੇ ਕਰ ਕੇ ਪੱਛਮੀ ਦੇਸ਼ਾਂ ਨੂੰ ਆਪਣੇ ਉਸ ਸਿਆਸੀ ਸਾਂਚੇ ਦਾ ਨਵੇਂ ਸਿਰਿਓਂ ਜਾਇਜ਼ਾ ਲੈਣ ਦੀ ਲੋੜ ਹੈ ਜਿਸ ਦੇ ਮੱਦੇਨਜ਼ਰ ਇਜ਼ਰਾਈਲ ਨੂੰ ਗਾਜ਼ਾ ਵਿੱਚ ਆਮ ਲੋਕਾਂ ਦੀ ਕਤਲੋਗਾਰਤ ਕਰਨ ਦੀ ਖੁੱਲ੍ਹ ਮਿਲੀ ਸੀ। ਦੁਨੀਆਂ ਭਰ ਵਿੱਚ ਵੱਖ ਵੱਖ ਥਾਈਂ ਵਿਰੋਧ ਦੇ ਬਾਵਜੂਦ ਫ਼ਲਸਤੀਨੀਆਂ ਦੀ ਕਤਲੋਗਾਰਤ ਰੋਕੀ ਨਹੀਂ ਜਾ ਰਹੀ। ਇਜ਼ਰਾਈਲ ਦਾ ਹਮਲਾਵਰ ਰੁਖ਼ ਜਿਉਂ ਦਾ ਤਿਉਂ ਬਰਕਰਾਰ ਹੈ।

# ਹੱਤਿਆ ਦੇ ਮਾਮਲੇ ਵਿੱਚ ਸ਼ੱਕੀ ਨਬਾਲਗ ਦੋਸ਼ੀ ਹੋਇਆ ਫ਼ਰਾਰ

ਸੈਕਰਾਮੈਂਟ, ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : ਅਮਰੀਕਾ ਦੇ ਪੈਨਸਿਲਵਾਨੀਆ ਰਾਜ ਵਿੱਚ 2020 ਵਿੱਚ ਹੋਈ ਹੱਤਿਆ ਦੇ ਮਾਮਲੇ ਵਿੱਚ ਨਬਾਲਗ ਸ਼ੱਕੀ ਦੋਸ਼ੀ ਦੇ ਉਸ ਵੇਲੇ ਪੁਲਿਸ ਹਿਰਾਸਤ ਵਿਚੋਂ ਫਰਾਰ ਹੋ ਜਾਣ ਦੀ ਖ਼ਬਰ ਹੈ ਜਦੋਂ ਉਸ ਨੂੰ ਇਲਾਜ ਲਈ ਫਿਲਾਡੈਲਫੀਆ ਸ਼ਹਿਰ ਦੇ ਇੱਕ ਹਸਪਤਾਲ ਵਿੱਚ ਲਿਜਾਇਆ ਜਾ ਰਿਹਾ ਸੀ। ਪੁਲਿਸ ਨੇ ਕਿਹਾ ਹੈ ਕਿ 17 ਸਾਲਾ ਸ਼ੱਕੀ ਦੋਸ਼ੀ ਸ਼ੇਨ ਪਰਾਈਓਰ ਨੂੰ ਹੱਥ 'ਤੇ ਹੋਏ ਜ਼ਖਮ ਦੇ ਇਲਾਜ ਲਈ ਫਿਲਾਡੈਲਫੀਆ ਜੁਵੇਨਾਈਲ ਜਸਟਿਸ ਸਰਵਿਸਜ ਸੈਂਟਰ ਤੋਂ ਬੱਚਿਆਂ ਦੇ ਹਸਪਤਾਲ ਲਿਜਾਇਆ ਜਾ ਰਿਹਾ ਸੀ ਕਿ ਉਹ ਅਚਾਨਕ ਬਚ ਕੇ ਨਿਕਲ ਜਾਣ ਵਿੱਚ ਸਫਲ ਹੋ ਗਿਆ। ਰਾਬਰਟ ਕਲਾਰਕ ਡਿਪਟੀ ਯੂ ਐਸ ਮਾਰਸ਼ਲ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਸ਼ੇਨ ਇੱਕ ਖਤਰਨਾਕ ਨਿਰਾਸ਼ ਵਿਅਕਤੀ ਹੈ ਉਸ ਨੂੰ ਕਾਬੂ ਕਰਨ ਲਈ ਹਰ ਮੌਜੂਦ ਸਾਧਨ ਦੀ ਵਰਤੋਂ ਕੀਤੀ ਜਾਵੇਗੀ।

# ਅਮਰੀਕਾ ਨੇ ਨਵੇਂ ਤਰੀਕੇ ਨਾਲ ਦਿੱਤੀ ਕੈਨੇਥ ਸਮਿੱਥ ਨੂੰ ਸਜ਼ਾ-ਏ-ਮੌਤ



ਐਟਮੋਰ/ਅਮਰੀਕਾ/ਏ.ਟੀ.ਨਿਊਜ਼ : ਅਲਬਾਮਾ ਨੇ ਕਤਲ ਦੇ ਇੱਕ ਮਾਮਲੇ ਦੇ ਦੋਸ਼ੀ ਨੂੰ ਆਪਣੀ ਤਰ੍ਹਾਂ ਦਾ ਪਹਿਲਾ ਤਰੀਕਾ ਅਪਣਾਉਂਦੇ ਹੋਏ ਨਾਈਟ੍ਰੋਜਨ ਗੈਸ ਸੁੰਘਾ ਕੇ ਮੌਤ ਦੀ ਸਜ਼ਾ ਦੇ ਦਿੱਤੀ। ਇਸ ਦੇ ਨਾਲ ਹੀ ਅਮਰੀਕਾ ਵਿੱਚ ਮੌਤ ਦੀ ਸਜ਼ਾ ਨੂੰ ਲੈ ਕੇ ਬਹਿਸ ਫਿਰ ਛਿੜ ਗਈ ਹੈ। ਰਾਜ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਹ ਨਵਾਂ ਤਰੀਕਾ ਮਨੁੱਖੀ ਹੈ ਪਰ ਆਲੋਚਕਾਂ ਨੇ ਇਸ ਨੂੰ ਬੇਰਹਿਮ ਅਤੇ ਪ੍ਰਯੋਗਾਤਮਕ ਦੱਸਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ 58 ਸਾਲਾ ਕੈਨੇਥ ਯੂਜੀਨ ਸਮਿੱਥ ਨੂੰ ਇੱਕ 'ਫੇਸ ਮਾਸਕ' ਜ਼ਰੀਏ ਵੀਰਵਾਰ ਨੂੰ ਨਾਈਟ੍ਰੋਜਨ ਗੈਸ ਸੁੰਘਾਈ ਗਈ, ਜਿਸ ਕਾਰਨ ਸਰੀਰ ਵਿੱਚ ਆਕਸੀਜਨ ਦੀ ਕਮੀ ਨਾਲ ਉਸ ਦੀ ਮੌਤ ਹੋ ਗਈ। ਸਮਿੱਥ ਨੂੰ ਅਲਬਾਮਾ ਜੇਲ੍ਹ ਵਿੱਚ ਰਾਤ 8:25 'ਤੇ ਮ੍ਰਿਤਕ ਐਲਾਨ ਦਿੱਤਾ ਗਿਆ।

ਅਮਰੀਕਾ ਵਿੱਚ 1982 ਦੇ ਬਾਅਦ ਜਾਨਲੇਵਾ ਟੀਕਾ ਲਗਾ ਕੇ ਮੌਤ ਦੀ ਸਜ਼ਾ ਦੇਣ ਦੀ ਵਿਵਸਥਾ ਸ਼ੁਰੂ ਹੋਈ ਸੀ ਅਤੇ ਉਦੋਂ ਤੋਂ ਮੌਤ ਦੇਣ ਲਈ ਆਮ ਤੌਰ 'ਤੇ ਇਹੀ ਤਰੀਕਾ ਅਪਣਾਇਆ ਜਾਂਦਾ ਹੈ। ਅਮਰੀਕਾ ਵਿੱਚ ਨਾਈਟ੍ਰੋਜਨ ਸੁੰਘਾ ਕੇ ਮੌਤ ਦੀ ਸਜ਼ਾ ਦੇਣ ਦਾ ਇਹ ਪਹਿਲਾ ਮਾਮਲਾ ਹੈ। ਰਾਜ ਦੇ ਇੱਕ ਵਿਅਕਤੀ ਤੋਂ ਸੁਪਾਰੀ ਲੈ ਕੇ ਉਸ ਦੀ ਪਤਨੀ ਦਾ ਕਤਲ ਕਰਨ ਦੇ 1988 ਦੇ ਮਾਮਲੇ ਵਿੱਚ ਦੋਸ਼ੀ ਸਮਿੱਥ ਨੂੰ ਇਸ ਤੋਂ ਪਹਿਲਾਂ ਨਵੰਬਰ 2022 ਵਿੱਚ ਸਮਿੱਥ ਨੂੰ ਜ਼ਹਿਰੀਲਾ ਟੀਕਾ ਲਗਾ ਕੇ ਮਾਰਨ ਦੀ ਕੋਸ਼ਿਸ਼ ਕੀਤੀ ਗਈ ਸੀ ਪਰ ਉਹ ਬਚ ਗਿਆ। ਕਿਉਂਕਿ ਜੱਲਾਦ, ਜੋ ਆਮ ਤੌਰ 'ਤੇ ਡਾਕਟਰ ਹੁੰਦੇ ਹਨ, ਸਮਿਥ ਦੀ ਨਾੜੀ ਨਹੀਂ ਲੱਭ ਸਕੇ। ਨਾੜ ਨਾ ਮਿਲਣ ਕਾਰਨ ਸਮਿੱਥ ਦੇ ਕਈ ਵਾਰ ਸੂਈ ਖੁਭੋਈ ਗਈ। ਇਨ੍ਹਾਂ ਕੋਸ਼ਿਸ਼ਾਂ ਦੇ ਦੌਰਾਨ ਹੀ ਅੱਧੀ ਰਾਤ ਹੋ ਗਈ ਅਤੇ ਮੌਤ ਦੇ ਵਰੰਟਾਂ ਦੀ ਮਿਆਦ ਮੁੱਕ ਗਈ।

ਨਵੇਂ ਤਰੀਕੇ ਨਾਲ ਸਜ਼ਾ ਦਿੱਤੇ ਜਾਣ ਖ਼ਿਲਾਫ਼ ਕਾਨੂੰਨੀ ਲੜਾਈ ਹਾਰ ਜਾਣ ਮਗਰੋਂ ਸਮਿੱਥ ਨੂੰ ਨਾਈਟ੍ਰੋਜਨ ਸੁੰਘਾ ਕੇ ਸਜ਼ਾ-ਏ-ਮੌਤ ਦਿੱਤੀ ਗਈ। ਹਾਲਾਂਕਿ ਦੋਸ਼ੀ ਸਮਿਥ ਦੇ ਵਕੀਲਾਂ ਨੇ ਦਾਅਵਾ ਕੀਤਾ ਸੀ ਕਿ ਸਮਿੱਥ 'ਤੇ ਤਜ਼ਰਬੇ ਕੀਤੇ ਜਾ ਰਹੇ ਹਨ। ਉਨ੍ਹਾਂ ਦਲੀਲ ਦਿੱਤੀ ਸੀ ਕਿ ਇਹ ਤਰੀਕਾ ਨਾ ਸਿਰਫ਼ ਖਤਰੇ ਨਾਲ ਭਰਪੂਰ ਹੈ, ਸਗੋਂ ਇਹ ਸੰਵਿਧਾਨਕ ਉਲੰਘਣਾ ਵੀ ਹੈ ਪਰ ਫੈੱਡਲਰ ਕੋਰਟ ਨੇ ਇਸ ਸਜ਼ਾ 'ਤੇ ਰੋਕ ਲਗਾਉਣ ਦੀ ਅਪੀਲ ਨੂੰ ਰੱਦ ਕਰ ਦਿੱਤਾ ਹੈ। ਅਮਰੀਕੀ ਸੁਪਰੀਮ ਕੋਰਟ ਨੇ ਵੀਰਵਾਰ ਰਾਤ ਸਮਿੱਥ ਦੀ ਇਸ ਪਟੀਸ਼ਨ ਨੂੰ ਖ਼ਾਰਜ ਕਰ ਦਿੱਤਾ। ਉਥੇ ਹੀ ਸੰਯੁਕਤ ਰਾਸ਼ਟਰ ਨੇ ਵੀ ਇਸ 'ਤੇ ਇਤਰਾਜ਼ ਜਤਾਇਆ ਸੀ। ਸੰਯੁਕਤ ਰਾਸ਼ਟਰ ਨੇ ਇਸ ਨੂੰ ਅਣਮਨੁੱਖੀ ਅਤੇ ਜ਼ਾਲਮਾਨਾ ਕਰਾਰ ਦਿੰਦੇ ਹੋਏ ਸਜ਼ਾ 'ਤੇ ਰੋਕ ਲਗਾਉਣ ਦੀ ਮੰਗ ਕੀਤੀ ਸੀ। ਹਾਲਾਂਕਿ, ਅਲਾਬਾਮਾ ਸਰਕਾਰ ਨੇ ਕਿਹਾ ਹੈ ਕਿ ਇਸ ਤਰੀਕੇ ਨਾਲ ਤੁਰੰਤ ਬੇਹੋਸ਼ੀ ਆ ਜਾਵੇਗੀ ਪਰ ਇਸ ਦਾ ਵਿਰੋਧ ਕਰਨ ਵਾਲਿਆਂ ਦੀ ਦਲੀਲ ਹੈ ਕਿ ਇਹ ਵਿਧੀ ਪਹਿਲਾਂ ਕਦੇ ਨਹੀਂ ਵਰਤੀ ਗਈ ਅਤੇ ਉਨ੍ਹਾਂ ਨੇ ਇਸ ਦੀ ਤੁਲਨਾ ਮਨੁੱਖੀ ਪ੍ਰਯੋਗ ਨਾਲ ਕੀਤੀ ਹੈ।

# ਕੈਨੇਡਾ 'ਚੋਂ ਚੋਰੀ ਹੋਈਆਂ 251 ਗੱਡੀਆਂ ਇਟਲੀ ਦੀ ਜਿਓਆ ਟਾਓਰੋ ਬੰਦਰਗਾਹ ਤੋਂ ਹੋਈਆਂ ਬਰਾਮਦ



ਇਟਲੀ/ਏ.ਟੀ.ਨਿਊਜ਼: ਇਟਲੀ ਦੇ ਅਧਿਕਾਰੀਆਂ ਨੇ ਜਿਓਆ ਟਾਓਰੋ ਬੰਦਰਗਾਹ ਤੋਂ 250 ਤੋਂ ਵੱਧ ਚੋਰੀ ਦੀਆਂ ਗੱਡੀਆਂ ਬਰਾਮਦ ਕੀਤੀਆਂ ਹਨ, ਜੋ ਕਿ ਕੈਨੇਡਾ ਤੋਂ ਚੋਰੀ ਕੀਤੀਆਂ ਗਈਆਂ ਸਨ ਤੇ ਮੱਧ ਪੂਰਬੀ ਦੇਸ਼ਾਂ 'ਚ ਜਾਣ ਲਈ ਭੇਜੀਆਂ ਜਾ ਰਹੀਆਂ ਸਨ। ਇਹ ਬੰਦਰਗਾਹ ਦੱਖਣੀ ਇਟਲੀ 'ਚ ਆਯਾਤ-ਨਿਰਯਾਤ ਲਈ ਇੱਕ ਮਹੱਤਵਪੂਰਨ ਰਸਤਾ ਹੈ ਤੇ ਸਭ ਤੋਂ ਵੱਧ ਆਵਾਜ਼ਾਈ ਵਾਲੀਆਂ ਬੰਦਰਗਾਹਾਂ 'ਚ ਸ਼ਾਮਲ ਹੈ।

ਇਹ ਗੱਡੀਆਂ ਕੈਨੇਡਾ 'ਚੋਂ ਚੋਰੀ ਕੀਤੀਆਂ ਗਈਆਂ ਹਨ ਤੇ ਕਾਫ਼ੀ ਮਹਿੰਗੀਆਂ ਤੇ ਲਗਜ਼ਰੀ ਹਨ। ਇਹ ਗੱਡੀਆਂ ਕੰਟੇਨਰਾਂ 'ਚ ਲੋਡ ਕਰ ਕੇ 18 ਸਮੁੰਦਰੀ ਜਹਾਜ਼ਾਂ 'ਚ ਲਿਆਂਦੀਆਂ ਗਈਆਂ ਹਨ, ਜਿਨ੍ਹਾਂ ਨੂੰ ਮੱਧ ਪੂਰਬੀ ਦੇਸ਼ਾਂ 'ਚ ਵੇਚਿਆ ਜਾਣਾ ਸੀ। ਕੈਨੇਡਾ 'ਚ ਗੱਡੀਆਂ ਦਾ ਚੋਰੀ ਹੋਣਾ ਸਰਕਾਰ ਲਈ ਇੱਕ ਵੱਡਾ ਸਿਰਦਰਦ ਬਣਿਆ ਹੋਇਆ ਹੈ। ਕੈਨੇਡਾ ਸਰਕਾਰ ਨੇ ਚੋਰੀ ਦੀਆਂ ਗੱਡੀਆਂ ਦੇ ਮੱਧ ਪੂਰਬੀ ਦੇਸ਼ਾਂ 'ਚ ਪਹੁੰਚਣ ਅਤੇ ਇਨ੍ਹਾਂ ਗੱਡੀਆਂ ਦੀ ਗੈਰ-ਕਾਨੂੰਨੀ ਕੰਮਾਂ 'ਚ ਹੋ ਰਹੀ ਵਰਤੋਂ 'ਤੇ ਚਿੰਤਾ ਜ਼ਾਹਿਰ ਕੀਤੀ ਹੈ। ਇਸ ਬਾਰੇ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਮਸਲੇ ਨੂੰ ਇਕੋ ਝਟਕੇ 'ਚ ਹੱਲ ਨਹੀਂ ਕੀਤਾ ਜਾ ਸਕਦਾ। ਇਸ ਨੂੰ ਸੁਲਝਾਉਣ ਲਈ ਸਰਕਾਰ ਦੇ ਸਾਰੇ ਅਦਾਰਿਆਂ ਅਤੇ ਉਦਯੋਗਾਂ ਨੂੰ ਮਿਲ ਕੇ ਕੰਮ ਕਰਨਾ ਪਵੇਗਾ।

# ਬ੍ਰਿਟਿਸ਼ ਸਿੱਖ ਭਾਈਚਾਰੇ ਨੂੰ ਹਮਲਿਆਂ ਤੋਂ ਬਚਾਉਣ ਲਈ ਬਰਤਾਨੀਆ ਸਰਕਾਰ ਚੁੱਕੇ ਉਚਿਤ ਕਦਮ: ਪ੍ਰੀਤ ਕੌਰ ਗਿੱਲ

## ਬਰਤਾਨੀਆ 'ਚ ਰਹਿੰਦਾ ਸਿੱਖ ਭਾਈਚਾਰਾ ਸੁਰੱਖਿਆ ਨੂੰ ਲੈ ਕੇ ਹੋਇਆ



ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ: ਵਿਦੇਸ਼ਾਂ ਅੰਦਰ ਆਜ਼ਾਦੀ ਪਸੰਦ ਸਿੱਖਾਂ ਦੇ ਕੀਤੇ ਗਏ ਕਤਲ ਉਪਰੰਤ ਇੰਡੀਆ ਵੱਲੋਂ 20 ਸਿੱਖਾਂ ਦੀ ਲਿਸਟ ਜਾਰੀ ਕਰਨ ਨਾਲ ਬਰਤਾਨੀਆ ਵਿੱਚ ਰਹਿ ਰਹੇ ਸਿੱਖ ਕਾਰਕੁਨਾਂ ਦੀ ਸੁਰੱਖਿਆ ਨੂੰ ਲੈ ਕੇ ਸੰਸਦ ਮੈਂਬਰਾਂ ਦਾ ਇੱਕ ਕਰਾਸ ਪਾਰਟੀ ਵਫ਼ਦ ਸਰਕਾਰ ਦੇ ਰੱਖਿਆ ਮੰਤਰੀ ਨਾਲ ਮੁਲਾਕਾਤ ਕਰੇਗਾ ।

ਲੇਬਰ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਨੇ ਕਿਹਾ ਕਿ ਕਈ ਹਿੰਦੁਸਤਾਨੀ ਮੀਡੀਆ ਚੈਨਲਾਂ 'ਤੇ 'ਖ਼ੁਫੀਆ ਹਿੱਟ ਲਿਸਟ' ਦੇ ਸਾਹਮਣੇ ਆਉਣ ਤੋਂ ਬਾਅਦ ਚਿੰਤਾਵਾਂ ਪੈਦਾ ਹੋਈਆਂ ਹਨ। ਉਨ੍ਹਾਂ ਕਿਹਾ ਕਿ ਇਸ ਵਿੱਚ 20 ਸਿੱਖਾਂ ਬਾਰੇ ਗੱਲ ਕੀਤੀ ਗਈ ਹੈ ਜੋ ਹਿੰਦੁਸਤਾਨ ਵਿੱਚ ਨਹੀਂ ਰਹਿੰਦੇ ਹਨ ਅਤੇ ਉਨ੍ਹਾਂ ਨੂੰ ਹਿੰਦੁਸਤਾਨ ਰਾਜ ਦੇ ਦੁਸ਼ਮਣ ਦੱਸਿਆ ਗਿਆ ਹੈ।

ਉਨ੍ਹਾਂ ਨੇ ਕਿਹਾ ਕਿ ਜਾਰੀ ਕੀਤੀ ਗਈ ਲਿਸਟ ਅੰਦਰ ਛੇ ਬ੍ਰਿਟਿਸ਼ ਸਿੱਖਾਂ ਦੇ ਨਾਮ ਵੀ ਲਏ ਗਏ ਸਨ, ਜਿਨ੍ਹਾਂ ਵਿੱਚੋਂ ਕੁਝ ਹੁਣ ਪੁਲਿਸ ਸੁਰੱਖਿਆ ਹੇਠ ਹਨ। ਕੁਝ ਸਿੱਖ ਕਾਰਕੁੰਨਾਂ ਨਾਲ ਪੁਲਿਸ ਨੇ ਸੰਪਰਕ ਕੀਤਾ ਅਤੇ ਦੱਸਿਆ ਕਿ ਉਨ੍ਹਾਂ ਦੀ ਜਾਨ ਨੂੰ ਖ਼ਤਰਾ ਹੈ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਧਮਕੀਆਂ ਮਿਲੀਆਂ ਹਨ । ਅਸੀਂ ਕੌਮਾਂਤਰੀ ਦਮਨ ਬਾਰੇ ਚਿੰਤਾਵਾਂ ਦੇ ਪੱਧਰ ਨੂੰ ਦੇਖ ਰਹੇ ਹਾਂ ਜਿੱਥੇ ਬਰਤਾਨੀਆ ਦੇ ਲੋਕਾਂ ਨੂੰ ਦਬਾ ਕੇ ਉਨ੍ਹਾਂ 'ਤੇ ਆਪਣੀ ਵਿਚਾਰਧਾਰਾ ਥੋਪਣ ਦਾ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਦਸਿਆ ਕਿ ਜਦੋਂ ਤੋਂ ਕੈਨੇਡਾ ਤੋਂ ਮਿਲੇ ਸਬੂਤਾਂ ਤੋਂ ਪਤਾ ਲੱਗਦਾ ਹੈ ਕਿ ਕੈਨੇਡੀਅਨ ਸਿੱਖ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਹਿੰਦੁਸਤਾਨ ਸਰਕਾਰ ਦੀ ਭੂਮਿਕਾ ਸੀ, ਵਿਦੇਸ਼ਾਂ ਅੰਦਰ ਰਹਿੰਦੇ ਸਿੱਖ ਕਾਰਕੁਨ ਹਾਈ ਅਲਰਟ 'ਤੇ ਹਨ। ਇਸਦੇ ਨਾਲ ਹੀ ਨਵੰਬਰ ਵਿੱਚ ਅਮਰੀਕੀ ਵਕੀਲਾਂ ਨੇ ਇੱਕ ਹਿੰਦੁਸਤਾਨੀ ਵਿਅਕਤੀ ਉੱਤੇ ਉੱਤਰੀ ਅਮਰੀਕਾ ਵਿੱਚ ਘੱਟੋ-ਘੱਟ ਚਾਰ ਸਿੱਖ ਵੱਖਵਾਦੀਆਂ ਨੂੰ ਮਾਰਨ ਦੀ ਸਾਜ਼ਿਸ਼ ਦਾ ਇਲਜ਼ਾਮ ਵੀ ਲਗਾਇਆ ਸੀ। ਯੂ.ਕੇ. ਰਹਿੰਦੇ ਖਾਲਸਾ ਰਾਜ ਦੇ ਹਮਾਇਤੀ ਅਵਤਾਰ ਸਿੰਘ ਖੰਡਾ ਦੀ ਪਿਛਲੇ ਸਾਲ ਬਰਮਿੰਘਮ ਵਿੱਚ ਸ਼ੱਕੀ ਹਾਲਾਤਾਂ ਅੰਦਰ ਮੌਤ ਹੋ ਗਈ ਸੀ, ਉਸ ਦੇ ਕੁਝ ਨਜ਼ਦੀਕੀਆਂ ਦਾ ਕਹਿਣਾ ਸੀ ਕਿ ਇਸ ਵਿੱਚ ਕੁਝ ਗ਼ਲਤ ਹੋਇਆ ਹੈ।

ਪ੍ਰੀਤ ਕੌਰ ਗਿੱਲ ਨੇ ਕਿਹਾ ਕਿ ਅਸੀਂ ਅਸਲ ਵਿੱਚ ਰੱਖਿਆ ਮੰਤਰੀ ਤੋਂ, ਸਰਕਾਰ ਤੋਂ ਇਹ ਭਰੋਸਾ ਚਾਹੁੰਦੇ ਹਾਂ ਕਿ ਉਹ ਬ੍ਰਿਟਿਸ਼ ਸਿੱਖ ਭਾਈਚਾਰੇ ਨੂੰ ਕਿਸੇ ਵੀ ਗ਼ੈਰ-ਕਾਨੂੰਨੀ ਖ਼ਤਰਿਆਂ ਜਾਂ ਹਮਲਿਆਂ ਤੋਂ ਬਚਾਉਣ ਅਤੇ ਸਮਰਥਨ ਲਈ ਉਚਿਤ ਕਦਮ ਚੁੱਕ ਰਹੀ ਹੈ ਅਤੇ ਸਾਨੂੰ ਇਹ ਯਕੀਨੀ ਬਣਾਉਣਾ ਪਏਗਾ ਕਿ ਸਰਕਾਰ ਇਸ ਮਾਮਲੇ ਨੂੰ ਬਹੁਤ ਗੰਭੀਰਤਾ ਨਾਲ ਲੈ ਰਹੀ ਹੈ। ਸਰਕਾਰ ਨੂੰ ਉਨ੍ਹਾਂ ਵਿਅਕਤੀਆਂ ਨੂੰ ਸੁਣਨਾ ਹੋਵੇਗਾ ਕਿ ਉਨ੍ਹਾਂ ਕੀ ਤਜ਼ਰਬਾ ਕੀਤਾ ਹੈ ਤਾਂ ਜੋ ਅਸੀਂ ਇਨ੍ਹਾਂ ਸਾਰੀਆਂ ਚਿੰਤਾਵਾਂ ਨੂੰ ਹਿੰਦੁਸਤਾਨੀ ਹਮਰੁਤਬਾ ਅਹੁਦੇਦਾਰਾਂ ਕੋਲ ਚੁੱਕ ਸਕੀਏ। ਮੀਡੀਆ ਅੰਦਰ ਜਾਰੀ ਹੋਈ ਖ਼ਬਰ ਮੁਤਾਬਿਕ ਲੰਡਨ ਸਥਿਤ ਭਾਰਤੀ ਦੂਤਾਵਾਸ ਨੇ ਕਿਹਾ ਕਿ ਉਨ੍ਹਾਂ ਕੋਲ ਕੋਈ ਟਿੱਪਣੀ ਨਹੀਂ ਹੈ ਅਤੇ ਯੂਕੇ ਸਰਕਾਰ ਨੇ ਕਿਹਾ ਕਿ ਉਹ ਵਿਅਕਤੀਆਂ ਦੇ ਅਧਿਕਾਰਾਂ, ਆਜ਼ਾਦੀ ਅਤੇ ਰੱਖਿਆ ਦੀ ਸੁਰੱਖਿਆ ਨੂੰ ਗੰਭੀਰਤਾ ਨਾਲ ਲੈਂਦੀ ਹੈ। ਇਸ ਤੋਂ ਪਹਿਲਾਂ ਸਿੱਖ ਪਾਰਲੀਮੈਂਟ ਮੈਂਬਰ ਤਨਮਨਜੀਤ ਸਿੰਘ ਢੇਸੀ ਵੀ ਬ੍ਰਿਟਿਸ਼ ਸੰਸਦ ਅੰਦਰ ਹਿੰਦੁਸਤਾਨ ਮੀਡੀਆ ਵੱਲੋਂ ਜਾਰੀ ਕੀਤੀ ਹਿੱਟ ਲਿਸਟ ਬਾਰੇ ਗੱਲ ਚੁੱਕ ਚੁੱਕੇ ਹਨ।

# ਆਈ.ਵੀ.ਐਫ. ਤਕਨੀਕ ਦੀ ਮਦਦ ਨਾਲ ਪਹਿਲੀ ਵਾਰ ਸਫ਼ੈਦ ਮਾਦਾ ਗੈਂਡਾ ਹੋਈ ਗਰਭਵਤੀ



ਨੈਰੋਬੀ/ਏ.ਟੀ.ਨਿਊਜ਼ : ਆਈ.ਵੀ.ਐਫ. ਤਕਨੀਕ ਦੀ ਮਦਦ ਨਾਲ ਪਹਿਲੀ ਵਾਰ ਚਿੱਟੀ ਮਾਦਾ ਗੈਂਡਾ ਗਰਭਵਤੀ ਹੋਈ ਹੈ। ਇਸ ਸਫਲ ਪ੍ਰਯੋਗ ਤੋਂ ਬਾਅਦ, ਖੋਜਕਰਤਾਵਾਂ ਨੂੰ ਉਮੀਦ ਹੈ ਕਿ ਲਗਪਗ ਅਲੋਪ ਹੋ ਚੁੱਕੀ ਉੱਤਰੀ ਚਿੱਟੇ ਗੈਂਡੇ ਦੀਆਂ ਉਪ-ਪ੍ਰਜਾਤੀਆਂ ਨੂੰ ਬਚਾਉਣਾ ਸੰਭਵ ਹੋਵੇਗਾ।

ਇੱਕ ਹੋਰ ਉਪ-ਪ੍ਰਜਾਤੀ ਦੇ ਨਾਲ ਟੈਸਟਾਂ ਵਿੱਚ, ਖੋਜਕਰਤਾਵਾਂ ਨੇ ਪ੍ਰਯੋਗਸ਼ਾਲਾ ਵਿੱਚ ਆਂਡੇ ਅਤੇ ਸ਼ੁਕਰਾਣੂ ਦੀ ਵਰਤੋਂ ਕਰਦੇ ਹੋਏ ਇੱਕ ਦੱਖਣੀ ਚਿੱਟੇ ਗੈਂਡੇ ਦੇ ਭਰੂਣ ਨੂੰ ਬਣਾਇਆ। ਇਸ ਨੂੰ ਪਹਿਲਾਂ ਹੋਰ ਗੈਂਡਿਆਂ ਤੋਂ ਇਕੱਠਾ ਕੀਤਾ ਗਿਆ ਸੀ ਅਤੇ ਪਿਛਲੇ ਸਾਲ 24 ਸਤੰਬਰ ਨੂੰ ਕੀਨੀਆ ਵਿੱਚ ਓਲ-ਪੇਜੇਟਾ ਕੰਜ਼ਰਵੈਂਸੀ ਵਿੱਚ ਇੱਕ ਦੱਖਣੀ ਚਿੱਟੇ ਸਰੋਗੇਟ ਗੈਂਡੇ ਵਿੱਚ ਤਬਦੀਲ ਕੀਤਾ ਗਿਆ ਸੀ।

ਵਿਗਿਆਨੀਆਂ ਅਤੇ ਸੰਭਾਲਵਾਦੀਆਂ ਦੇ ਬਾਇਓਰੇਸਕਿਊ ਕੰਸੋਰਟੀਅਮ ਨੇ ਕਿਹਾ ਕਿ ਸਰੋਗੇਟ ਹੁਣ 70 ਦਿਨਾਂ ਦੀ ਗਰਭਵਤੀ ਹੈ ਅਤੇ ਇੱਕ ਚੰਗੀ ਤਰ੍ਹਾਂ ਵਿਕਸਤ 6.4 ਸੈਂਟੀਮੀਟਰ ਨਰ ਭਰੂਣ ਹੈ। ਗੈਂਡੇ ਵਿੱਚ ਗਰਭ ਅਵਸਥਾ 16-18 ਮਹੀਨੇ ਹੁੰਦੀ ਹੈ, ਭਾਵ ਅਗਲੇ ਸਾਲ ਦੇ ਸ਼ੁਰੂ ਵਿੱਚ ਜਨਮ ਹੋ ਸਕਦਾ ਹੈ।

# ਸੈਕਰਾਮੈਂਟੋ ਦੇ ਗੁਰਦੁਆਰਾ ਸੈਕਰਾਮੈਂਟੋ ਸਿੱਖ ਸੋਸਾਇਟੀ ਦੀ ਬਿਲਡਿੰਗ ਨੂੰ ਧਮਾਕੇ ਕਾਰਨ ਲੱਗੀ ਅੱਗ

ਸੈਕਰਾਮੈਂਟੋ, ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : ਸਾਊਥ ਸੈਕਰਾਮੈਂਟੋ ਦੇ ਗੁਰਦੁਆਰਾ ਸੈਕਰਾਮੈਂਟੋ ਸਿੱਖ ਸੋਸਾਇਟੀ ਜੋ ਕਿ ਬ੍ਰੈਡਸ਼ਾਅ ਰੋਡ 'ਤੇ ਸਥਿਤ ਹੈ, ਬੀਤੇ ਦਿਨ ਕਰੀਬ 3:30 ਵਜੇ ਗੈਸ ਦਾ ਸਿਲੰਡਰ ਫੱਟਣ ਕਾਰਣ ਹੋਏ ਧਮਾਕੇ ਨਾਲ ਪੁਰਾਣੀ ਇਮਾਰਤ ਨੂੰ ਅੱਗ ਲੱਗ ਗਈ ਤੇ ਨਾਲ ਖੜੀਆਂ ਕਾਰਾਂ ਵੀ ਅੱਗ ਨਾਲ ਸੜ ਗਈਆਂ । ਫਾਇਰ ਡਿਪਾਰਟਮੈਂਟ ਨੇ ਅੱਗ 'ਤੇ ਕਾਬੂ ਪਾਇਆ ਪਰ ਪੁਰਾਣੀ ਬਿਲਡਿੰਗ ਦਾ ਇੱਕ ਹਿੱਸਾ ਸੜ ਚੁੱਕਾ ਹੈ। ਇਹ ਧਮਾਕਾ ਐਨਾ ਜਬਰਦਸਤ ਸੀ ਕਿ ਜਿਸ ਦੀ ਆਵਾਜ਼ ਦੂਰ ਦੂਰ ਤੱਕ ਸੁਣਾਈ ਦਿੱਤੀ। ਇਸ ਧਮਾਕੇ ਨੇ ਆਪਣਾ ਆਲਾ ਦੁਆਲਾ ਅੱਗ ਦੀ ਲਪੇਟ 'ਚ ਲੈ ਲਿਆ। ਜ਼ਬਰਦਸਤ ਧਮਾਕੇ ਨਾਲ ਲੱਗੀ ਅੱਗ ਦੀ ਸੈਕਰਾਮੈਂਟੋ ਕੈਲੀਫੋਰਨੀਆ ਦੀਆਂ ਲਾਅ ਇੰਨਫੋਰਸਮੈਂਟ ਏਜੰਸੀਆਂ ਵੱਖ- ਵੱਖ ਪਹਿਲੂ ਤੋਂ ਜਾਂਚ ਕਰ ਰਹੀਆਂ ਹਨ ਤੇ ਆਵਾਜ਼ਾਈ ਬੰਦ ਹੈ। ਵਰਨਣਯੋਗ ਹੈ ਕਿ ਕੱਲ੍ਹ ਹੀ ਸੈਨ ਫਰਾਂਸਿਸਕੋ ਵਿੱਚ ਸਿੱਖ ਹੋਮਲੈਂਡ ਲਈ ਹੋਏ ਰੈਫਰੈਂਡਮ ਲਈ ਭਾਰੀ ਗਿਣਤੀ 'ਚ ਸਵਾ ਲੱਖ ਤੋਂ ਉਪਰ ਸਿੱਖਾਂ



ਨੇ ਵੋਟਿੰਗ ਕੀਤੀ ਸੀ ਤੇ ਕਰੀਬ 50 ਹਜ਼ਾਰ ਲੋਕ ਵੋਟ ਹੀ ਨਹੀਂ ਪਾ ਸਕੇ ਸਨ ਇਸ ਪਹਿਲੂ ਤੋਂ ਵੀ ਪੁਲਿਸ ਜਾਂਚ ਪੜਤਾਲ ਕਰ ਰਹੀ ਸੀ ਕਿਓਂ ਕਿ ਇਸ ਗੁਰੂ ਘਰ ਤੋਂ ਭਾਰੀ ਗਿਣਤੀ 'ਚ ਸਿੱਖ ਵੋਟਿੰਗ ਲਈ ਗਏ ਸਨ। ਦੂਸਰਾ ਇਹ ਕਿ ਮਾਰਚ ਦੀ 24 ਮਾਰਚ ਨੂੰ ਵਿਸ਼ਾਲ ਨਗਰ ਕੀਰਤਨ ਕੱਢਿਆ ਜਾ ਰਿਹਾ ਹੈ ਤੇ ਪਿਛਲੇ ਸਾਲ ਇਸ ਨਗਰ ਕੀਰਤਨ ਗੋਲੀ ਵੀ ਚੱਲੀ ਸੀ। ਇਸ ਹੋਏ ਧਮਾਕੇ ਦੀ ਹੈਲੀਕਾਪਟਰ ਰਾਹੀਂ ਪੁਲੀਸ ਲਗਾਤਾਰ ਨਜ਼ਰ ਰੱਖ ਰਹੀ ਸੀ। ਇੱਕ ਵੀਡੀਓ ਵਿੱਚ, ਬ੍ਰੈਡਸ਼ਾਅ ਰੋਡ

'ਤੇ ਗੁਰਦੁਆਰਾ ਸਾਹਿਬ ਦੇ ਮੁੱਖ ਗੇਟ 'ਤੇ ਇੱਕ ਕਾਰ ਨੂੰ ਅੱਗ ਲੱਗਦੀ ਦਿਖਾਈ ਦਿੱਤੀ ਹੈ ਤੇ ਧਮਾਕਾ ਹੁੰਦਾ ਹੈ। ਗੁਰੂ ਘਰ ਦੇ ਪ੍ਰਬੰਧਕਾਂ ਨੇ ਸੰਗਤਾਂ ਨੂੰ ਅਫਵਾਹਾਂ ਤੋਂ ਬਚਣ ਦੀ ਅਪੀਲ ਕੀਤੀ। ਇਸ ਬਿਲਡਿੰਗ ਵਿੱਚ ਪੰਜਾਬੀ ਸਕੂਲ ਦੇ ਬੱਚੇ ਵੀ ਪੜਦੇ ਹਨ। ਵਾਹਿਗੁਰੂ ਦਾ ਸ਼ੁਕਰ ਹੈ ਕਿ ਇਸ ਦਿਨ ਐਤਵਾਰ ਨਹੀਂ ਸੀ ਤੇ ਗੁਰੂ ਘਰ ਸੰਗਤਾਂ ਵੀ ਨਹੀਂ ਸਨ, ਨਹੀਂ ਤਾਂ ਕਾਫੀ ਜਾਨੀ ਨੁਕਸਾਨ ਹੋਣ ਦਾ ਖਦਸ਼ਾ ਸੀ।

# ਭਾਨਾ ਦੀ ਗ੍ਰਿਫ਼ਤਾਰੀ 'ਆਪ' ਸਰਕਾਰ ਲਈ ਸਿਰਦਰਦੀ ਬਣੀ

## ਗ੍ਰਿਫ਼ਤਾਰੀ ਦੇ ਵਿਰੋਧ ਵਿੱਚ ਕੋਟਦੁੱਨਾ ਵਿਖੇ ਵਿਸ਼ਾਲ ਇਕੱਠ



ਧਨੌਲਾ/ਏ.ਟੀ.ਨਿਊਜ਼ : ਭਾਨਾ ਸਿੱਧੂ ਦੀ ਗ੍ਰਿਫ਼ਤਾਰੀ ਆਪ ਸਰਕਾਰ ਲਈ ਵੱਡੀ ਚੁਣੌਤੀ ਬਣ ਗਈ ਹੈ। ਭਾਨਾ ਸਿੱਧੂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ (ਆਪ) ਸਰਕਾਰ ਦਾ ਸਖ਼ਤ ਆਲੋਚਕ ਹੈ। ਇਹ ਪਹਿਲੀ ਵਾਰ ਨਹੀਂ ਹੋਇਆ ਕਿ ਜਦੋਂ ਆਪ ਸਰਕਾਰ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਸਰਕਾਰ ਦੇ ਆਲੋਚਕ ਰਹੇ ਕਾਰਕੁਨਾਂ ਅਤੇ ਸਿਆਸੀ ਵਿਰੋਧੀਆਂ ਵਿਰੁੱਧ ਅਪਰਾਧਿਕ ਕੇਸ ਦਰਜ ਕਰਨ ਦੇ ਇਲਜ਼ਾਮ ਲੱਗ ਰਹੇ ਹਨ। ਉਹ ਵੀ ਉਦੋਂ ਜਦੋਂ ਮੁੱਖ ਮੰਤਰੀ ਕੇਜਰੀਵਾਲ ਦੀ ਅਗਵਾਈ ਵਾਲੀ ਨਵੀਂ ਦਿੱਲੀ ਦੀ 'ਆਪ' ਸਰਕਾਰ, ਕੇਂਦਰ ਸਰਕਾਰ 'ਤੇ ਕਥਿਤ ਤੌਰ 'ਤੇ ਕੇਂਦਰੀ ਏਜੰਸੀਆਂ ਨੂੰ ਬਦਲਾਖੋਰੀ ਦੀ ਰਾਜਨੀਤੀ ਲਈ ਵਰਤਣ ਦਾ ਇਲਜ਼ਾਮ ਲਗਾ ਰਹੇ ਹੋਣ।

ਭਾਨਾ ਸਿੱਧੂ ਹਾਲ ਹੀ ਵਿੱਚ ਉਨ੍ਹਾਂ ਟਰੈਵਲ ਏਜੰਟਾਂ ਨੂੰ ਫੋਨ ਕਰਕੇ ਲੋਕਾਂ ਦੇ ਪੈਸੇ ਵਾਪਸ ਕਰਨ ਲਈ ਕਹਿ ਰਿਹਾ ਸੀ ਜਿਨ੍ਹਾਂ ਨੇ ਲੋਕਾਂ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਕਥਿਤ ਤੌਰ 'ਤੇ ਠੱਗੀ ਮਾਰੀ ਜਾਂ ਪੈਸੇ ਨਹੀਂ ਮੋੜ ਰਹੇ ਸਨ। ਭਾਨਾ ਸਿੱਧੂ, ਜੋ ਟਰੈਵਲ ਏਜੇਂਟ ਕਥਿਤ ਤੌਰ 'ਤੇ ਲੋਕਾਂ ਦੇ ਪੈਸੇ ਵਾਪਿਸ ਨਹੀਂ ਕਰਦੇ, ਉਨ੍ਹਾਂ ਦੇ ਖਿਲਾਫ ਸੋਸ਼ਲ ਮੀਡਿਆ 'ਤੇ ਵੀਡੀਓ ਪਾਉਂਦਾ ਹੈ। ਭਾਨਾ ਸਿੱਧੂ ਬਰਨਾਲਾ ਜ਼ਿਲ੍ਹੇ ਦੇ ਪਿੰਡ ਕੋਟ ਦੂਨਾ ਦਾ ਨਿਵਾਸੀ ਹੈ। ਉਨ੍ਹਾਂ ਦੇ ਫੇਸਬੁੱਕ ਉੱਤੇ 10 ਲੱਖ ਤੋਂ ਵੱਧ ਫਾਲੋਅਰਜ਼ ਹਨ ਅਤੇ ਇੰਸਟਾਗ੍ਰਾਮ 'ਤੇ 9.74 ਲੱਖ ਫਾਲੋਅਰਜ਼ ਹਨ। 33 ਸਾਲਾ ਭਾਨਾ ਸਿੱਧੂ ਮਸ਼ਹੂਰ ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦਾ ਨਜ਼ਦੀਕੀ ਸਾਥੀ ਰਿਹਾ ਹੈ। ਉਸਨੇ ਵੱਖ-ਵੱਖ ਪੰਜਾਬੀ ਫਿਲਮਾਂ ਜਿਵੇਂ ਮੂਸਾ ਜੱਟ ਅਤੇ ਹੋਰ ਕਈ ਪੰਜਾਬੀ ਗੀਤਾਂ ਵਿੱਚ ਕੰਮ ਕੀਤਾ ਹੈ। ਪਰਿਵਾਰ ਵਿੱਚ ਭਾਨਾ ਸਿੱਧੂ ਦੀ ਦਾਦੀ, ਪਿਤਾ ਅਤੇ ਤਿੰਨ ਭੈਣ-ਭਰਾ ਹਨ।

ਬੀਤੇ ਦਿਨੀ ਭਾਨਾ ਦੀ ਗ੍ਰਿਫ਼ਤਾਰੀ ਖ਼ਿਲਾਫ਼ ਪਿੰਡ ਕੋਟਦੁੱਨਾ ਵਿੱਚ ਉਸ ਦੇ ਹਮਾਇਤੀਆਂ ਨੇ ਵਿਸ਼ਾਲ ਇਕੱਠ ਕੀਤਾ। ਇਸ ਮੌਕੇ ਸਿਮਰਨਜੀਤ ਸਿੰਘ ਮਾਨ, ਸੁਖਪਾਲ ਸਿੰਘ ਖਹਿਰਾ, ਪਰਮਿੰਦਰ ਸਿੰਘ ਝੋਟਾ, ਇਕਬਾਲ ਸਿੰਘ ਝੂੰਦਾਂ, ਕਿਸਾਨ ਆਗੂ ਰੁਲਦੂ ਸਿੰਘ ਮਾਨਸਾ, ਕਿਸਾਨ ਆਗੂ ਬਲਦੇਵ ਸਿੰਘ ਸਿਰਸਾ, ਜਸਕਰਨ ਸਿੰਘ ਕਾਹਨ ਸਿੰਘ ਵਾਲਾ ਤੋਂ ਇਲਾਵਾ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਗਸੀਰ ਸਿੰਘ ਛੀਨੀਵਾਲ ਅਤੇ ਲੱਖਾ ਸਿਧਾਣਾ ਨੇ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰ ਜਾਣਬੁੱਝ ਕੇ ਭਾਨਾ ਸਿੱਧੂ 'ਤੇ ਜ਼ੁਲਮ ਢਾਹ ਰਹੀ ਹੈ ਜਦਕਿ ਉਹ ਲੋਕ ਆਵਾਜ਼ ਬਣ ਰਿਹਾ ਹੈ ਤੇ ਲੋਕ ਭਲਾਈ ਦੇ ਕੰਮ ਕਰ ਰਿਹਾ ਹੈ, ਦੂਜੇ ਪਾਸੇ ਨਸ਼ਿਆਂ ਦੇ ਕਾਰੋਬਾਰੀ ਸ਼ਰ੍ਹੇਆਮ ਘੁੰਮ ਰਹੇ ਹਨ। ਆਗੂਆਂ ਨੇ ਕਿਹਾ ਕਿ ਵਿਦੇਸ਼ ਭੇਜਣ ਦੇ ਨਾਂ 'ਤੇ ਮੋਟੀਆਂ ਠੱਗੀਆਂ ਦਾ ਸ਼ਿਕਾਰ ਹੋਏ ਲੋਕ ਭਾਨਾ ਸਿੱਧੂ ਕੋਲ ਆ ਕੇ ਏਜੰਟਾਂ ਤੋਂ ਪੈਸੇ ਵਾਪਸ ਕਰਾਉਣ ਵਿੱਚ ਮਦਦ ਮੰਗਦੇ ਹਨ। (**ਬਾਕੀ ਸਫ਼ਾ 30 'ਤੇ**)

# ਬਾਦਲ ਦਲ ਲੋਕ ਸਭਾ ਚੋਣਾਂ ਕਾਰਨ ਢੀਂਡਸਾ ਤੇ ਬੀਬੀ ਜਗੀਰ ਕੌਰ ਦੀ ਘਰ ਵਾਪਸੀ ਲਈ ਉਤਾਵਲਾ

## ਸੁਖਦੇਵ ਸਿੰਘ ਢੀਂਡਸਾ ਅਤੇ ਬੀਬੀ ਜਗੀਰ ਕੌਰ ਦੁਚਿੱਤੀ ਵਿੱਚ





ਚੰਡੀਗੜ੍ਹ/ਏ.ਟੀ.ਨਿਊਜ਼ : ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪੰਥਕ ਆਗੂਆਂ ਨੂੰ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਕਜੁੱਟ ਹੋਣ ਦਾ ਸੱਦਾ ਦਿੱਤਾ ਗਿਆ ਹੈ। ਇਸ ਤੋਂ ਬਾਅਦ ਪਾਰਟੀ ਦੀਆਂ ਨਜ਼ਰਾਂ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਅਤੇ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ 'ਤੇ ਟਿਕੀਆਂ ਹੋਈਆਂ ਹਨ। ਹਾਲਾਂਕਿ ਦੋਵੇਂ ਆਗੂ ਇਸ ਵੇਲੇ ਦੁਚਿੱਤੀ 'ਚ ਹਨ ਅਤੇ ਆਖ਼ਰੀ ਫ਼ੈਸਲਾ ਲੈਣ ਲਈ ਸਮਾਂ ਲੈ ਰਹੇ ਹਨ। ਅਕਾਲੀ ਦਲ ਦੇ ਬੁਲਾਰੇ ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਅਕਾਲੀ ਦਲ ਪੰਜਾਬ 'ਚ ਇਕਜੁੱਟ ਮੋਰਚਾ ਬਣਾ ਕੇ ਮੁੜ ਸੁਰਜੀਤ ਹੋਣ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਪਾਰਟੀ ਦੋਹਾਂ ਆਗੂਆਂ ਦੀ ਉਡੀਕ ਕਰ ਰਹੀ ਹੈ। ਇਸ ਦੇ ਜਲਦ ਹੀ ਸਾਰਥਕ ਨਤੀਜੇ ਆਉਣਗੇ। ਉਨ੍ਹਾਂ ਨੇ ਕਿਹਾ ਕਿ ਪਾਰਟੀ ਦੇ ਨੁਮਾਇੰਦੇ ਰੋਜ਼ਾਨਾ ਦੇ ਆਧਾਰ 'ਤੇ ਦੋਹਾਂ ਆਗੂਆਂ ਦੇ ਸੰਪਰਕ 'ਚ ਹਨ ਅਤੇ ਉਨ੍ਹਾਂ ਵੱਲੋਂ ਚੁੱਕੇ ਗਏ ਮੁੱਦਿਆਂ ਨੂੰ ਹੱਲ ਕੀਤਾ ਜਾਵੇਗਾ। ਸੁਖਦੇਵ ਸਿੰਘ ਢੀਂਡਸਾ ਚਾਹੁੰਦੇ ਹਨ ਕਿ ਪਾਰਟੀ ਪ੍ਰਧਾਨ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਾਲ 2015 'ਚ ਵਾਪਰੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਲਈ ਮੁਆਫ਼ੀ ਮੰਗਣ, ਜਦੋਂ ਕਿ ਬੀਬੀ ਜਗੀਰ ਕੌਰ ਚਾਹੁੰਦੇ ਹਨ ਕਿ ਐੱਸ.ਜੀ.ਪੀ.ਪੀ. ਨੂੰ ਬਿਨਾਂ ਕਿਸੇ ਸਿਆਸੀ ਦਖ਼ਲ ਦੇ ਆਜ਼ਾਦ ਸੰਸਥਾ ਬਣਾਇਆ ਜਾਵੇ। ਦੂਜੇ ਪਾਸੇ ਸ੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਬਾਬਾ ਸਰਬਜੋਤ ਸਿੰਘ ਬੇਦੀ ਨਾਲ ਸੰਪਰਕ ਕਰ ਰਹੇ ਹਨ ਤਾਂ ਜੋ ਪੰਥਕ ਮੰਚ ਤਿਆਰ ਕੀਤਾ ਜਾ ਸਕੇ। ਪਹਿਲਾਂ ਜਾਪਦਾ ਸੀ ਕਿ ਬੀਬੀ ਜਾਗੀਰ ਕੌਰ ਸੁਖਪਾਲ ਸਿੰਘ ਖਹਿਰਾ ਨਾਲ ਮਿਲਕੇ ਨਵਾਂ ਸਿਆਸੀ ਮੰਚ ਖੜਾ ਕਰਨਗੇ ਪਰ ਬੀਬੀ ਜਾਗੀਰ ਕੌਰ ਨੇ ਕਹਿ ਦਿੱਤਾ ਕਿ ਉਹ ਪੰਥਕ ਸਿਆਸਤ ਨੂੰ ਹੀ ਉਭਾਰਨਗੇ। ਹਾਲਾਂਕਿ ਬਾਦਲ ਦਲ ਨੂੰ ਉਮੀਦ ਹੈ ਕਿ ਦੋਵੇਂ ਆਗੂ 1 ਫਰਵਰੀ ਨੂੰ ਸ਼ੁਰੂ ਹੋਣ ਵਾਲੀ 'ਪੰਜਾਬ ਬਚਾਓ ਯਾਤਰਾ' ਤੋਂ ਪਹਿਲਾਂ ਅਕਾਲੀ ਦਲ 'ਚ ਵਾਪਸ ਆ ਜਾਣਗੇ। ਦੱਸਣਯੋਗ ਹੈ ਕਿ 40 ਦਿਨਾਂ ਦੀ ਉਕਤ ਯਾਤਰਾ ਦੌਰਾਨ ਅਕਾਲੀ ਦਲ ਨੇ 117 ਵਿਧਾਨ ਸਭਾ ਹਲਕਿਆਂ 'ਚੋਂ 40 ਹਲਕਿਆਂ ਨੂੰ ਕਵਰ ਕਰਨ ਦੀ ਯੋਜਨਾ ਬਣਾਈ ਹੈ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ

ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੰਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic 43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Drug and Alcohol Test
Capital DRUG TESTING
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਕਿਉਂ ਖੇਰੂੰ-ਖੇਰੂੰ ਹੋਣ ਲੱਗਿਆ 'ਇੰਡੀਆ' ਗਠਜੋੜ ?

## ਵਿਰੋਧੀ ਪਾਰਟੀਆਂ ਦੇ ਗਠਜੋੜ ਦਾ 'ਇੰਡੀਆ' ਤੋਂ 'ਇੰਡੀ' ਬਣਨ ਤੱਕ ਦਾ ਸਫ਼ਰ



ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਆਪਣਾ ਪੁਰਾਣਾ ਪੈਂਤੜਾ ਅਪਣਾਉਂਦਿਆਂ ਮਹਾਗੱਠਜੋੜ ਨਾਲੋਂ ਤੋੜ-ਵਿਛੋੜਾ ਕਰ ਕੇ ਕੌਮੀ ਜਮਹੂਰੀ ਮੁਹਾਜ਼ (ਐੱਨਡੀਏ) 'ਚ ਪਰਤ ਗਏ ਹਨ। ਜਨਤਾ ਦਲ (ਯੂਨਾਈਟਡ) (ਜੇਡੀਯੂ) ਦੇ ਮੁਖੀ ਨੇ ਭਾਰਤੀ ਜਨਤਾ ਪਾਰਟੀ (ਭਾਜਪਾ) ਨਾਲ ਰਲ ਕੇ ਸਰਕਾਰ ਬਣਾ ਲਈ ਹੈ। ਨਤਿਸ਼ ਕੁਮਾਰ ਨੇ ਨੌਂਵੀਂ ਵਾਰ ਬਿਹਾਰ ਦੇ ਮੁੱਖ ਮੰਤਰੀ ਵਜੋਂ ਹਲਫ਼ ਲੈ ਲਿਆ ਹੈ। ਨਿਤੀਸ਼ ਦੇ ਨਾਲ ਭਾਜਪਾ ਆਗੂਆਂ ਵਿਜੇ ਕੁਮਾਰ ਸਿਨਹਾ, ਸਮਰਾਟ ਚੌਧਰੀ ਤੇ ਪ੍ਰੇਮ ਕੁਮਾਰ ਨੇ ਨਵੀਂ ਸਰਕਾਰ ਦੇ ਮੰਤਰੀਆਂ ਵਜੋਂ ਹਲਫ਼ ਲਿਆ। ਭਾਜਪਾ ਵਿਧਾਇਕ ਦਲ ਨੇ ਚੌਧਰੀ ਤੇ ਸਿਨਹਾ ਨੂੰ ਆਪਣੇ ਆਗੂ ਤੇ ਉੱਪ ਆਗੂ ਵਜੋਂ ਨਾਮਜ਼ਦ ਕੀਤਾ ਸੀ। ਇਨ੍ਹਾਂ ਤੋਂ ਇਲਾਵਾ ਜੇਡੀ (ਯੂ) ਮੈਂਬਰਾਂ ਵਿਜੇ ਕੁਮਾਰ ਚੌਧਰੀ, ਵਿਜੇਂਦਰ ਯਾਦਵ ਤੇ ਸ਼ਰਵਣ ਕੁਮਾਰ ਨੇ ਵੀ ਮੰਤਰੀਆਂ ਵਜੋਂ ਸਹੁੰ ਚੁੱਕੀ। ਸਾਬਕਾ ਮੁੱਖ ਮੰਤਰੀ ਜੀਤਨ ਰਾਮ ਮਾਂਝੀ ਦੀ ਅਗਵਾਈ ਵਾਲੇ ਹਿੰਦੁਸਤਾਨ ਅਵਾਮ ਮੋਰਚਾ ਦੇ ਸੰਤੋਸ਼ ਕੁਮਾਰ ਸੁਮਨ ਤੇ ਆਜ਼ਾਦ ਵਿਧਾਇਕ ਸੁਮਿਤ ਸਿੰਘ ਨੇ ਵੀ ਮੰਤਰੀਆਂ ਦੇ ਤੌਰ 'ਤੇ ਹਲਫ਼ ਲਿਆ।

ਨਿਤਿਸ਼ ਦੇ ਇਸ ਦਲ ਬਦਲੂ ਕਦਮ ਕਾਰਨ ਇੰਡੀਆ ਮਹਾਂ ਗੱਠਜੋੜ ਨੂੰ ਝਟਕਾ ਲੱਗਿਆ ਹੈ। ਦਰਅਸਲ, ਨਿਤੀਸ਼ ਕੁਮਾਰ ਖ਼ੁਦ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਇਸ ਮਹਾਗੱਠਜੋੜ ਦੇ ਚਿਹਰੇ ਵਜੋਂ ਪੇਸ਼ ਕਰ ਰਹੇ ਸਨ ਪਰ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ 'ਇੰਡੀਆ' ਦਾ ਉਮੀਦਵਾਰ ਬਣਾਉਣ ਦੀਆਂ ਤਜਵੀਜ਼ਾਂ ਤੋਂ ਉਹ ਖ਼ਫ਼ਾ ਹੋ ਗਏ ਸਨ।

### ਨਿਤਿਸ਼ ਦੀ ਮੌਕਾਪ੍ਰਸਤੀ ਵਾਲੀ ਸਿਆਸਤ

ਨਿਤੀਸ਼ ਕੁਮਾਰ ਲਈ ਸਾਥੀ ਪਾਰਟੀਆਂ ਬਦਲਣਾ ਕੋਈ ਨਵੀਂ ਗੱਲ ਨਹੀਂ ਪਰ ਇੱਕ ਦਹਾਕੇ ਤੋਂ ਉਹ ਲਗਾਤਾਰ ਵਾਰ ਵਾਰ ਅਜਿਹਾ ਕਰ ਰਹੇ ਹਨ। ਇੱਕ ਵਾਰ ਤਾਂ ਉਨ੍ਹਾਂ ਬਹੁਤ ਜ਼ੋਰ ਦੇ ਕੇ ਕਿਹਾ ਸੀ, ਮਿੱਟੀ ਮੇਂ ਮਿਲ ਜਾਏਂਗੇ ਮਗਰ ਭਾਜਪਾ ਕੇ ਸਾਥ ਨਹੀਂ ਜਾਏਂਗੇ। ਉਂਝ, ਅਜਿਹਾ ਆਖਣ ਦੇ ਬਾਵਜੂਦ ਸਿਆਸਤ ਵਿੱਚ ਟਿਕੇ ਅਤੇ ਵਧਦੇ-ਫੁੱਲਦੇ ਰਹਿਣ ਲਈ ਨਿਰੋਲ ਮੌਕਾਪ੍ਰਸਤੀ ਵਰਤਦਿਆਂ ਉਨ੍ਹਾਂ ਨੇ ਭਾਜਪਾ ਨਾਲ ਮੁੜ ਸੁਲ੍ਹਾ ਕਰ ਲਈ ਹੈ।

ਬਿਹਾਰ ਦੀ ਨਵੀਂ ਸਰਕਾਰ ਵਿੱਚ ਹੁਣ ਭਾਵੇਂ ਭਾਜਪਾ ਦੀ ਭੂਮਿਕਾ ਵਧੇਰੇ ਫ਼ੈਸਲਾਕੁਨ ਹੋਵੇਗੀ ਪਰ ਭਾਜਪਾ ਲਈ ਨਿਤੀਸ਼ ਕੁਮਾਰ ਨੂੰ ਐੱਨਡੀਏ 'ਚ ਮੁੜ ਸ਼ਾਮਲ ਕਰਨ ਦੇ ਕਦਮ ਨੂੰ ਵਾਜਬ ਠਹਿਰਾਉਣਾ ਸੁਖਾਲਾ ਨਹੀਂ ਹੋਵੇਗਾ।

(ਬਾਕੀ ਸਫ਼ਾ 31 'ਤੇ)

## ਕਾਂਗਰਸ ਤੇ ਇੰਡੀਆ ਗੱਠਜੋੜ ਵਿੱਚ ਘਬਰਾਹਟ

2024 ਦੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਜਿਸ ਇੰਡੀਆ ਗੱਠਜੋੜ ਦੇ ਦਮ 'ਤੇ ਮੋਦੀ ਸਰਕਾਰ ਨੂੰ ਸੱਤਾ ਤੋਂ ਪਾਸੇ ਕਰਨ ਦਾ ਦਮ ਭਰ ਰਹੀ ਸੀ, ਦੇ ਮੁੱਖ ਸੂਤਰਧਾਰ ਨਿਤਿਸ਼ ਕੁਮਾਰ ਦੇ ਵੱਖ ਹੋਣ 'ਤੇ ਕਾਂਗਰਸ ਸਮੇਤ ਸਮੁੱਚੀ ਵਿਰੋਧੀ ਧਿਰ ਬੈਕਫੁੱਟ 'ਤੇ ਨਜ਼ਰ ਆ ਰਹੀ ਸੀ। ਕਾਂਗਰਸ ਪਾਰਟੀ ਦੇ ਅੰਦਰ ਇਸ ਨੂੰ ਲੈ ਕੇ ਬੇਚੈਨੀ ਸਾਫ਼ ਦਿਖਾਈ ਦਿੱਤੀ। ਕਾਂਗਰਸ ਪ੍ਰਧਾਨ ਮਲਿੱਕਾਰਜੁਨ ਖੜਗੇ ਨੇ ਨਿਤਿਸ਼ 'ਤੇ ਨਿਸ਼ਾਨਾ ਵਿੰਨ੍ਹਦਿਆਂ ਹੋਇਆ ਕਿਹਾ ਕਿ ਦੇਸ਼ ਵਿੱਚ 'ਆਇਆ ਰਾਮ, ਗਿਆ ਰਾਮ' ਦੀ ਤਰਜ਼ 'ਤੇ ਚੱਲਣ ਵਾਲੇ ਕਈ ਜਣੇ ਹੁੰਦੇ ਹਨ। ਉਨ੍ਹਾਂ ਕਿਹਾ ਕਿ ਸਾਨੂੰ ਤਾਂ ਪਹਿਲਾਂ ਹੀ ਲੱਗਦਾ ਸੀ ਕਿ ਨਿਤਿਸ਼ ਨੇ ਚਲੇ ਜਾਣਾ ਹੈ। ਉਥੇ ਕਾਂਗਰਸ ਦੇ ਸੀਨੀਅਰ ਆਗੂ ਤੇ ਸੰਸਦ ਮੈਂਬਰ ਜੈਰਾਮ ਰਮੇਸ਼ ਨੇ ਕਿਹਾ ਕਿ ਨਿਤਿਸ਼ ਨੇ ਤਾਂ ਰੰਗ ਬਦਲਣ ਵਿੱਚ ਗਿਰਗਿਟ ਵੀ ਪਿੱਛੇ ਛੱਡ ਦਿੱਤਾ।

ਰਾਸ਼ਟਰੀ ਜਨਤਾ ਦਲ (ਆਰ.ਜੇ.ਡੀ.) ਦੇ ਨੇਤਾ ਤੇਜਸਵੀ ਯਾਦਵ ਨੇ ਦਾਅਵਾ ਕੀਤਾ ਹੈ ਕਿ ਆਗਾਮੀ ਲੋਕ ਸਭਾ ਚੋਣਾਂ 'ਚ ਜਨਤਾ ਦਲ (ਯੂ) ਖ਼ਤਮ ਹੋ ਜਾਵੇਗਾ । ਸਾਬਕਾ ਉਪ-ਮੁੱਖ ਮੰਤਰੀ ਨੇ ਆਪਣੇ ਸਾਬਕਾ ਬੌਸ ਨੂੰ ਸਤਿਕਾਰਯੋਗ, ਪਰ ਥੱਕਿਆ ਹੋਇਆ ਨੇਤਾ ਦੱਸਿਆ ਤੇ ਭਾਜਪਾ ਨੂੰ ਚਿਤਾਵਨੀ ਦਿੱਤੀ ਕਿ ਉਸ ਨੂੰ ਨਤੀਜੇ ਭੁਗਤਣੇ ਪੈਣਗੇ ।

ਸਪਾ ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਕਿਹਾ ਹੈ ਕਿ ਅੱਜ ਭਰੋਸਾ ਤੋੜਨ ਦੀ ਨਵੀਂ ਮਿਸਾਲ ਸਿਰਜੀ ਗਈ ਹੈ। ਬਿਹਾਰ ਦੀ ਜਨਤਾ ਇਸ ਦਾ ਜਵਾਬ ਦੇਵੇਗੀ। ਇਵੇਂ ਹੀ ਸ਼ਿਵ ਸੈਨਾ ਯੂਟੀਬੀ ਨੇ ਵੀ ਨਿਤਿਸ਼ 'ਤੇ ਤਿੱਖਾ ਹਮਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਬਿਹਾਰ ਨਾਲ ਨਿਤਿਸ਼ ਨੇ ਧੋਖਾ ਕੀਤਾ ਹੈ। ਵਿਰੋਧੀ ਦਲਾਂ ਨੇ ਭਾਰਤੀ ਜਨਤਾ ਪਾਰਟੀ ਨੂੰ ਲੰਮੇਂ ਹੱਥੀਂ ਲੈਂਦਿਆਂ ਕਿਹਾ ਹੈ ਕਿ ਕੀ ਇਹ ਪਾਰਟੀ ਇਹੋ ਜਿਹਾ ਰਾਮ-ਰਾਜ ਲਿਆਉਣਾ ਚਾਹੁੰਦੀ ਹੈ। ਜੇ ਭਾਜਪਾ ਦੇ ਲੋਕ ਇੰਡੀਆ ਗੱਠਜੋੜ ਨੂੰ ਕਮਜ਼ੋਰ ਕਰਨਾ ਚਾਹੁੰਦੇ ਹਨ ਤਾਂ ਇਹ ਇਨ੍ਹਾਂ ਦੀ ਗ਼ਲਤ ਧਾਰਨਾ ਹੈ। ਦੂਜੇ ਪਾਸੇ ਡੀਐੱਮਕੇ ਨੇ ਵੀ ਨਿਤਿਸ਼ ਦੇ ਫ਼ੈਸਲੇ ਨੂੰ ਵਿਰੋਧੀ ਗੱਠਜੋੜ ਨੂੰ ਕਮਜ਼ੋਰ ਕਰਨ ਵਾਲਾ ਦੱਸਿਆ ਹੈ।

## ਲੋਕ ਸਭਾ ਚੋਣਾਂ 'ਤੇ ਟਿਕੀਆਂ ਸਭ ਦੀਆਂ ਨਜ਼ਰਾਂ

### ਪਹਿਲੀ ਵਾਰ ਨੌਜਵਾਨ ਵੋਟਰਾਂ ਦੀ ਗਿਣਤੀ 'ਚ ਰਿਕਾਰਡ ਵਾਧਾ



ਨਵੀਂ ਦਿੱਲੀ/ਏ.ਟੀ.ਨਿਊਜ਼ : ਭਾਰਤ ਲੋਕਤੰਤਰੀ ਦੇਸ਼ ਹੈ ਅਤੇ ਹਰ ਇੱਕ ਦੀ ਨਜ਼ਰ ਹੁਣ 2024 ਦੀਆਂ ਲੋਕ ਸਭਾ ਚੋਣਾਂ 'ਤੇ ਟਿਕੀਆਂ ਹਨ। ਜ਼ਿਆਦਾਤਰ ਫੋਕਸ ਪਹਿਲੀ ਵਾਰ ਵੋਟ ਪਾਉਣ ਵਾਲੇ ਵੋਟਰਾਂ 'ਤੇ ਹੋਣਾ ਲਾਜ਼ਮੀ ਹੈ। 18-19 ਸਾਲ ਦੇ ਨੌਜਵਾਨ ਜੋ ਆਪਣੀ ਜ਼ਿੰਦਗੀ 'ਚ ਪਹਿਲੀ ਵਾਰ ਚੋਣ ਮੈਦਾਨ ਵਿੱਚ ਉਤਰ ਰਹੇ ਹਨ। ਪਹਿਲੀ ਵਾਰ ਵੋਟ ਪਾਉਣ ਵਾਲਿਆਂ ਦੀ ਅਹਿਮੀਅਤ ਨੂੰ ਸਮਝਦੇ ਹੋਏ ਸਿਆਸੀ ਪਾਰਟੀਆਂ ਨੇ ਨੌਜਵਾਨਾਂ ਨੂੰ ਲੁਭਾਉਣ ਦੀ ਯੋਜਨਾ ਵੀ ਤਿਆਰ ਕੀਤੀ ਹੈ। ਭਾਜਪਾ ਨੇ ਐਲਾਨ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸ਼ੁੱਕਰਵਾਰ ਨੂੰ 5,000 ਥਾਵਾਂ 'ਤੇ ਪਹਿਲੀ ਵਾਰ ਵੋਟ ਪਾਉਣ ਵਾਲੇ ਵੋਟਰਾਂ ਨੂੰ ਵਰਚੁਅਲੀ ਜੁੜਨਗੇ। ਪੱਛਮੀ ਬੰਗਾਲ, ਓਡੀਸ਼ਾ, ਮਹਾਰਾਸ਼ਟਰ, ਕੇਰਲ ਅਤੇ ਤਾਮਿਲਨਾਡੂ ਸਮੇਤ ਕਈ ਸੂਬੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਪ੍ਰਕਾਸ਼ਿਤ ਹੋਣ ਵਾਲੀਆਂ ਅੰਤਿਮ ਵੋਟਰ ਸੂਚੀਆਂ ਵਿੱਚ ਨੌਜਵਾਨ ਵੋਟਰਾਂ ਦੀ ਗਿਣਤੀ ਵਿੱਚ ਵਾਧੇ ਦੀ ਰਿਪੋਰਟ ਕਰ ਰਹੇ ਹਨ।

ਕੇਰਲ ਦੀ ਅੰਤਿਮ ਸੂਚੀ ਦਰਸਾਉਂਦੀ ਹੈ ਕਿ ਅਕਤੂਬਰ 2023 ਦੇ ਮਸੌਦੇ ਵਿੱਚ ਨੌਜਵਾਨ ਵੋਟਰਾਂ ਦੀ ਗਿਣਤੀ ਸਿਰਫ 77,176 ਤੋਂ ਵਧ ਕੇ ਇਸ ਮਹੀਨੇ ਪ੍ਰਕਾਸ਼ਿਤ ਕੀਤੀ ਗਈ ਅੰਤਿਮ ਸੂਚੀ ਵਿੱਚ 2.88 ਲੱਖ ਹੋ ਗਈ ਹੈ। ਇਸ ਵਿੱਚ 1.74 ਲੱਖ ਦਾ ਰਿਕਾਰਡ ਵਾਧਾ ਹੋਇਆ। ਇਸੇ ਤਰ੍ਹਾਂ ਬਿਹਾਰ ਦੇ 7.6 ਕਰੋੜ ਵੋਟਰਾਂ ਦੀ ਅੰਤਿਮ ਸੂਚੀ ਵਿੱਚ 18-19 ਉਮਰ ਵਰਗ ਦੇ ਨੌਜਵਾਨ ਵੋਟਰਾਂ ਦੀ ਗਿਣਤੀ ਵਿੱਚ ਜ਼ਿਕਰਯੋਗ ਵਾਧਾ ਹੋਇਆ ਹੈ, ਜੋ 1,47,062 ਤੋਂ ਵੱਧ ਕੇ 9,26,422 ਹੋ ਗਿਆ ਹੈ।

ਕਰਨਾਟਕ ਦੇ ਨੌਜਵਾਨ ਵੋਟਰਾਂ (18-19 ਸਾਲ) ਦੀ ਗਿਣਤੀ ਮਸੌਦਾ ਸੂਚੀਆਂ ਵਿੱਚ 6,45,491 ਤੋਂ ਵੱਧ ਕੇ ਅੰਤਿਮ ਸੂਚੀਆਂ 'ਚ 10,34,018 ਹੋ ਗਈ ਹੈ, ਜਿਸ ਵਿੱਚ 3,88,527 ਨੌਜਵਾਨ ਵੋਟਰਾਂ ਦਾ ਮਹੱਤਵਪੂਰਨ ਵਾਧਾ ਹੋਇਆ ਹੈ। ਤਾਮਿਲਨਾਡੂ ਦੇ 6.18 ਕਰੋੜ ਵੋਟਰਾਂ ਵਿਚੋਂ 5.26 ਲੱਖ ਵੋਟਰ 18-19 ਸਾਲ ਉਮਰ ਵਰਗ ਦੇ ਹਨ। ਦਿੱਲੀ 'ਚ 1.47 ਲੱਖ ਨੌਜਵਾਨ ਵੋਟਰ ਹਨ, ਜੋ 2023 ਦੇ ਮਸੌਦਾ ਰੋਲ ਤੋਂ 9.69 ਫ਼ੀਸਦੀ ਵੱਧ ਹਨ। ਦੱਸ ਦੇਈਏ ਕਿ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਪਹਿਲੀ ਵਾਰ 15 ਮਿਲੀਅਨ ਵੋਟਰ ਸਨ ਅਤੇ ਇਸ ਸਾਲ ਗਿਣਤੀ ਵਧਣ ਦੀ ਉਮੀਦ ਹੈ ਕਿਉਂਕਿ ਭਾਰਤੀ ਆਬਾਦੀ ਦੀ ਔਸਤ ਉਮਰ 30 ਤੋਂ ਘੱਟ ਰਹਿੰਦੀ ਹੈ। ਭਾਰਤੀ ਚੋਣ ਕਮਿਸ਼ਨ ਵੱਲੋਂ ਪਹਿਲੀ ਵਾਰ ਵੋਟਰਾਂ ਦੀ ਰਜਿਸਟ੍ਰੇਸ਼ਨ ਲਈ ਜ਼ੋਰ ਦਿੱਤਾ ਜਾ ਰਿਹਾ ਹੈ।

## ਪੂਰੇ ਵਿਸ਼ਵ ਵਿੱਚ ਸੁੰਗੜਦੇ ਜਾ ਰਹੇ ਹਨ ਪਰਿਵਾਰ

### ਘਟ ਰਹੀ ਹੈ ਚਚੇਰੇ ਤੇ ਮਮੇਰੇ ਭੈਣ ਭਰਾਵਾਂ ਦੀ ਗਿਣਤੀ, ਵਧ ਰਹੀ ਹੈ ਬਜ਼ੁਰਗਾਂ ਦੀ ਗਿਣਤੀ



ਨਵੀਂ ਦਿੱਲੀ/ ਏ.ਟੀ.ਨਿਊਜ਼ :ਸਿਰਫ਼ ਭਾਰਤ ਹੀ ਨਹੀਂ, ਸਗੋਂ ਪੂਰੇ ਵਿਸ਼ਵ ਵਿੱਚ ਹੀ ਸਾਂਝੇ ਪਰਿਵਾਰਾਂ ਦੀ ਥਾਂ ਇਕਹਿਰੇ ਪਰਿਵਾਰਾਂ ਦਾ ਰੁਝਾਨ ਵੱਧ ਰਿਹਾ ਹੈ। ਇਸ ਦੇ ਨਾਲ ਹੀ ਨੌਜਵਾਨਾਂ ਦੀ ਗਿਣਤੀ ਘੱਟ ਰਹੀ ਹੈ ਅਤੇ ਬਜ਼ੁਰਗਾਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ। ਹੁਣ ਹਾਲਾਤ ਅਜਿਹੇ ਬਣ ਗਏ ਹਨ ਕਿ ਇਨਸਾਨ ਦੇ ਚਚੇਰੇ ਤੇ ਮਮੇਰੇ ਭੈਣ ਭਰਾਵਾਂ ਦੀ ਗਿਣਤੀ ਤੇਜ਼ੀ ਨਾਲ ਘੱਟ ਰਹੀ ਹੈ, ਜੇ ਇਹੋ ਹਾਲ ਰਿਹਾ ਤਾਂ ਆਉਣ ਵਾਲੇ ਕੁਝ ਦਹਾਕਿਆਂ ਦੌਰਾਨ ਚਚੇਰੇ ਤੇ ਮਮੇਰੇ ਭੈਣ ਭਰਾਵਾਂ ਦੀ ਗਿਣਤੀ ਹੋਰ ਵੀ ਘੱਟ ਜਾਵੇਗੀ ਅਤੇ ਬਜ਼ੁਰਗਾਂ ਦੀ ਗਿਣਤੀ ਵੱਧ ਜਾਵੇਗੀ। ਇਸ ਤਰਾਂ ਪੂਰੇ ਵਿਸ਼ਵ ਵਿੱਚ ਹੀ ਪਰਿਵਾਰਾਂ ਦਾ ਰੂਪ ਸੁੰਗੜਦਾ ਜਾ ਰਿਹਾ ਹੈ।

ਕੀ ਤੁਸੀਂ ਕਈ ਮੌਕਿਆਂ 'ਤੇ ਮਹਿਸੂਸ ਕੀਤਾ ਹੈ ਕਿ ਪਿਛਲੀ ਪੀੜ੍ਹੀ ਦੀ ਤੁਲਨਾ ਵਿੱਚ ਤੁਹਾਡੇ ਚਚੇਰੇ ਤੇ ਮਮੇਰੇ ਭੈਣ ਭਰਾ ਘੱਟ ਹਨ ? ਅਜਿਹਾ ਹੈ ਤਾਂ ਤੁਸੀਂ ਸਹੀ ਹੋ। ਤਾਜ਼ਾ ਸਟੱਡੀ ਦਾ ਦਾਅਵਾ ਹੈ ਕਿ ਪਰਿਵਾਰ ਦੀ ਸੰਰਚਨਾ ਅਤੇ ਮੈਂਬਰਾਂ ਦੀ ਗਿਣਤੀ ਵਿੱਚ ਨਾਟਕੀ ਰੂਪ ਨਾਲ ਬਦਲਾਓ ਹੋਣ ਜਾ ਰਿਹਾ ਹੈ। ਮਾਹਿਰ ਕਹਿੰਦੇ ਹਨ ਕਿ ਕੁ ਦਹਾਕਿਆਂ ਦੌਰਾਨ ਪਰਿਵਾਰ ਦਾ ਆਕਾਰ ਘਟੇਗਾ। ਉਹ ਜਿਆਦਾ ਵਰਟੀਕਲ ਹੋਣਗੇ ਯਾਨੀ ਦਾਦਾ, ਦਾਦੀ ਅਤੇ ਪੜਦਾਦਾ ਵਰਗੇ ਮੈਂਬਰ ਜ਼ਿਆਦਾ ਅਤੇ ਚਚੇਰੇ ਭਰਾ, ਭਤੀਜੇ ਘੱਟ ਹੋਣਗੇ। ਸਾਡੀ ਅਗਲੀ ਪੀੜ੍ਹੀ ਨੂੰ ਹੋਰ ਵੀ ਘੱਟ ਹਮ ਉਮਰ ਰਿਸ਼ਤੇਦਾਰ ਮਿਲਣਗੇ।

ਪ੍ਰੋਸੀਡਿਂਗਸ ਆਫ਼ ਨੈਸ਼ਨਲ ਅਕੈਡਮੀ ਆਫ਼ ਸਾਇੰਸਜ਼ ਵਿੱਚ ਪ੍ਰਕਾਸ਼ਿਤ ਸਟੱਡੀ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਅਗਲੇ ਕੁੱਝ ਦਹਾਕਿਆਂ ਵਿੱਚ ਪਰਿਵਾਰ ਦੇ ਆਕਾਰ ਵਿੱਚ ਘਾਟ ਦੇਖੀ ਜਾ ਸਕਦੀ ਹੈ।

ਜਰਮਨੀ ਵਿੱਚ ਮੈਕਸ ਫਲੈਂਕ ਇੰਸਟੀਚਿਊਟ ਫਾਰ ਡੇਮੋਗ੍ਰਾਫਿਕ ਰਿਸਰਚ ਐਕਪਰਟ ਡਾ. ਡਿਏਗੋ ਅਲਬੁਰੇਜ ਗੁਤਿਰੇਜ ਕਹਿੰਦੇ ਹਨ ਕਿ 2095 ਤੱਕ ਪਰਿਵਾਰਾਂ ਦੇ ਕੁਲ ਆਕਾਰ ਵਿੱਚ ਸਥਾਈ ਰੂਪ ਵਿੱਚ ਗਿਰਾਵਟ ਦਿਖੇਗੀ ਪਰ ਇਹ ਕਟੌਤੀ ਵੱਖ-ਵੱਖ ਦੇਸ਼ਾਂ ਵਿੱਚ ਵੱਖ- ਵੱਖ ਹੋਵੇਗੀ, ਕਿਉਂਕਿ ਕੁਝ ਦੇਸ਼ਾਂ ਵਿੱਚ ਪਰਿਵਾਰ ਤੁਲਨਾਤਮਕ ਰੂਪ ਵਿੱਚ ਵੱਡੇ ਹੁੰਦੇ ਹਨ। ਸਭ ਤੋਂ ਵੱਡੀ ਗਿਰਾਵਟ ਦੱਖਣੀ ਅਮਰੀਕਾ ਅਤੇ ਕੈਰੇਬਿਆਈ ਦੇਸ਼ਾਂ ਵਿੱਚ ਦਿਖੇਗੀ। ਖੋਜੀਆਂ ਨੇ ਯੂ. ਐਨ. ਵਰਲਡ ਦੇ ਡੇਟਾ ਦੇ ਰਾਹੀਂ ਦੁਨੀਆਂ ਭਰ ਵਿੱਚ ਪਰਿਵਾਰ ਦੇ ਬਦਲਦੇ ਅਕਾਰ ਅਤੇ ਜਨਸੰਖਿਆ ਸੰਭਾਵਨਾਵਾਂ ਦਾ ਵਿਸ਼ਲੇਸ਼ਣ ਕੀਤਾ। ਇਹਨਾਂ ਵਿਚੋਂ ਹਰ ਦੇਸ਼ ਵਿੱਚ 1 ਹਜ਼ਾਰ ਲੋਕਾਂ ਨੇ ਰਿਸ਼ਤੇਦਾਰੀ ਦੀ ਸਟੱਡੀ ਕੀਤੀ। ਨਤੀਜੇ ਦੱਸਦੇ ਹਨ ਕਿ ਜਿਵੇਂ ਜਿਵੇਂ ਮੌਤ ਦਰ ਘਟੇਗੀ, ਸਮਾਜਿਕ ਮਾਨ ਢੰਗ, ਆਰਥਿਕ ਫੈਕਟਰਸ ਅਤੇ ਪਰਿਵਾਰ ਨਿਯੋਜਨ ਦੇ ਟਰੇਂਡ ਵਿੱਚ ਬਦਲਾਓ ਦਿਖਾਈ ਦੇਵੇਗਾ। ਇਸ ਨਾਲ ਹਰ ਪੀੜ੍ਹੀ ਵਿੱਚ ਘੱਟ ਭੈਣ ਭਰਾ ਪੈਦਾ ਹੋਣਗੇ। ਇਸ ਦਾ ਕਾਰਨ ਘੱਟ ਅਤੇ ਦੇਰੀ ਨਾਲ ਬੱਚੇ ਹੋਣਾ ਵੀ ਹੈ। ਇਸ ਦੇ ਚਲਦੇ ਅੱਜ ਦੇ ਬੱਚਿਆਂ ਦੇ ਪਿਛਲੀ ਪੀੜ੍ਹੀ ਦੇ ਬੱਚਿਆਂ ਜਿੰਨੇ ਭੈਣ ਭਰਾ ਨਹੀਂ ਹਨ। ਰਿਸ਼ਤੇਦਾਰਾਂ ਵਿੱਚ ਘਾਟ ਦਾ ਕਾਰਨ ਵੀ ਇਹੀ ਹੈ। ਗੁਤਿਰੇਜ ਦੇ ਮੁਤਾਬਿਕ ਲੋਕਾਂ ਅਤੇ ਉਹਨਾਂ ਦੇ ਰਿਸ਼ਤੇਦਾਰਾਂ ਦੇ ਵਿਚਾਲੇ ਉਮਰ ਦਾ ਅੰਤਰ ਵਧਾਉਣ ਤੇ ਰਿਸ਼ਤੇਦਾਰਾਂ ਦੇ ਵਿਚਾਲੇ ਉਮਰ ਦਾ ਅੰਤਰ ਵਧਾਉਣ ਤੇ ਪਰਿਵਾਰਕ ਨੈਟਵਰਕ ਨਾ ਸਿਰਫ਼ ਛੋਟੇ ਬਲਕਿ ਪੁਰਾਣੇ ਵੀ ਹੋਣਗੇ। ਇਸ ਨਾਲ ਫੈਮਿਲੀ ਸਪੋਰਟ ਨੈਟਵਰਕ ਵੀ ਬਦਲੇਗਾ। ਇਹ ਬਦਲਾਓ ਸਮਾਜਿਕ ਚੁਣੌਤੀਆਂ ਲਿਆਉਣਗੇ। ਇਹਨਾਂ ਸੁੰਗੜਦੇ ਪਰਿਵਾਰਾਂ ਉਪਰ ਬਜ਼ੁਰਗ ਰਿਸ਼ਤੇਦਾਰਾਂ ਦੀ ਦੇਖ ਭਾਲ ਦੀ ਜ਼ਿੰਮੇਵਾਰੀ ਵਧੇਗੀ। ਇਸ ਦੇ ਚਲਦੇ ਸਮਾਜਿਕ ਮਦਦ ਪ੍ਰਣਾਲੀਆਂ ਵਿੱਚ ਨਿਵੇਸ਼ ਵਧੇਗਾ ਅਤੇ ਲੋਕਾਂ ਨੂੰ ਦੇਖ ਭਾਲ ਦੇ ਲਈ ਪਰਿਵਾਰਾਂ 'ਤੇ ਜ਼ਿਆਦਾ ਨਿਰਭਰ ਨਹੀਂ ਰਹਿਣਾ ਪਵੇਗਾ।

***ਮਾਹਿਰ ਦੱਸਦੇ ਹਨ ਕਿ 1950 ਵਿੱਚ 65 ਸਾਲ ਦੀ ਕਿਸੇ ਮਹਿਲਾ ਦੇ ਔਸਤ 41 ਜੀਵਿਤ ਰਿਸ਼ਤੇਦਾਰ ਰਹੇ ਹੋਣਗੇ, ਤਾਂ ਨਵੇਂ ਟਰੇਂਡ ਦੇ ਹਿਸਾਬ ਨਾਲ 2095 ਵਿੱਚ ਉਸੇ ਉਮਰ ਦੀ ਮਹਿਲਾ ਦੇ ਸਿਰਫ਼ 25 ਜਿਉਂਦੇ ਰਿਸ਼ਤੇਦਾਰ ਹੋਣਗੇ। ਇਹਨਾਂ ਵਿੱਚ ਵੀ ਬਜ਼ੁਰਗ ਜ਼ਿਆਦਾ ਹੋਣਗੇ। ਵਧਦੀ ਉਮਰ ਦੀ ਆਬਾਦੀ ਵਿੱਚ ਬਜ਼ੁਰਗਾਂ ਦੀ ਦੇਖ ਭਾਲ ਦੀ ਚੁਣੌਤੀ ਵੀ ਵਧੇਗੀ, ਖਾਸ ਕਰਕੇ ਉਹਨਾਂ ਲੋਕਾਂ ਦੇ ਲਈ, ਜਿਨ੍ਹਾਂ ਦੇ ਰਿਸ਼ਤੇਦਾਰ ਘੱਟ ਉਮਰ ਦੇ ਹਨ।***

**ਦਰਪਣ ਝੂਠ ਨਹੀਂ ਬੋਲਦਾ**

# ਭਾਰਤ ’ਚ ਦਲਿਤ, ਮੁਸਲਿਮ ਬਸਤੀਆਂ ਅਮਰੀਕਾ ਵਿੱਚ ‘ਕਾਲਿਆਂ ਦੀਆਂ ਬਸਤੀਆਂ’ ਵਾਂਗ ਅਲੱਗ-ਥਲੱਗ

## ☛ ਡਿਵੈਲਪਮੈਂਟ ਡੇਟਾ ਲੈਬ ਦੀ ਖੋਜ ਰਾਹੀਂ ਸਾਹਮਣੇ ਆਏ ਤੱਥ
## ☛ ਇਨ੍ਹਾਂ ਬਸਤੀਆਂ ਵਿੱਚ ਪਾਈ ਜਾ ਰਹੀ ਹੈ ਵਿੱਦਿਅਕ ਤੇ ਸਿਹਤ ਸਹੂਲਤਾਂ ਦੀ ਘਾਟ

ਭਾਰਤ ਵਿੱਚ ਪਾੜਾ ਸਿਰਫ਼ ਅਮੀਰਾਂ ਅਤੇ ਗਰੀਬਾਂ ਵਿੱਚ ਹੀ ਨਹੀਂ ਹੈ। ਦਲਿਤ ਬਸਤੀਆਂ ਅਤੇ ਉੱਚ ਜਾਤੀਆਂ ਦੀਆਂ ਬਸਤੀਆਂ ਵਿੱਚ ਵੀ ਡੂੰਘਾ ਪਾੜਾ ਹੈ। ਮੁਸਲਿਮ ਬਸਤੀਆਂ ਅਤੇ ਦੂਸਰੇ ਧਰਮਾਂ ਦੀਆਂ ਬਸਤੀਆਂ ਵਿੱਚ ਵੀ ਇਹੋ ਜਿਹਾ ਪਾੜਾ ਹੈ। ਇਹ ਪਾੜਾ ਅਸਲ ਵਿੱਚ ਇਨ੍ਹਾਂ ਬਸਤੀਆਂ ਤੱਕ ਸਰਕਾਰੀ ਸਹੂਲਤਾਂ ਦੀ ਪਹੁੰਚ ਬਾਰੇ ਹੈ। ਇਹ ਬਸਤੀਆਂ ਆਮ ਜਾਂ ਮੁੱਖ ਬਸਤੀਆਂ ਤੋਂ ਅਲੱਗ-ਥਲੱਗ ਹੋ ਜਾਂਦੀਆਂ ਹਨ, ਕਿਉਂਕਿ ਇਨ੍ਹਾਂ ਵਿੱਚ ਇੱਕੋ ਭਾਈਚਾਰਿਆਂ ਦੇ ਜ਼ਿਆਦਾਤਰ ਲੋਕ ਰਹਿੰਦੇ ਹਨ। ਦਲਿਤ ਬਸਤੀਆਂ ਵਿੱਚ ਜ਼ਿਆਦਾਤਰ ਦਲਿਤ ਅਤੇ ਮੁਸਲਮਾਨ ਬਸਤੀਆਂ ਵਿੱਚ ਜਿਆਦਾਤਰ ਮੁਸਲਮਾਨ ਰਹਿੰਦੇ ਹਨ। ਇਹ ਪਾੜਾ ਪੇਂਡੂ ਅਤੇ ਸ਼ਹਿਰੀ ਦੋਹਾਂ ਖੇਤਰਾਂ ਵਿੱਚ ਮੌਜੂਦ ਹੈ। ਇੱਥੋਂ ਤੱਕ ਕਿ ਸਕੂਲਾਂ ਵਰਗੀਆਂ ਆਮ ਨਾਗਰਿਕ ਸਹੂਲਤਾਂ ਵੀ ਅਜਿਹੀਆਂ ਬਸਤੀਆਂ ਵਿੱਚ ਨਹੀਂ ਪਹੁੰਚਦੀਆਂ ਹਨ। ਇਹ ਗੱਲ ਡਿਵੈਲਪਮੈਂਟ ਡੇਟਾ ਲੈਬ ਦੀ ਖੋਜ ਵਿੱਚ ਸਾਹਮਣੇ ਆਈ ਹੈ। ਡਿਵੈਲਪਮੈਂਟ ਡੇਟਾ ਲੈਬ ਨੇ ਇਸ ਬਾਰੇ ਸਥਾਨਕ ਜਨਤਕ ਸੇਵਾਵਾਂ ਬਾਰੇ ਅਸਮਾਨ ਪਹੁੰਚ ਸਿਰਲੇਖ ਵਾਲੀ ਇੱਕ ਰਿਪੋਰਟ ਤਿਆਰ ਕੀਤੀ ਹੈ। 15 ਲੱਖ ਘਰਾਂ ਦੇ ਸਰਵੇ ਨੂੰ ਆਧਾਰ ਬਣਾਇਆ ਗਿਆ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਹ ਮੌਜੂਦਾ ਸਥਿਤੀ ਦੀ ਖੋਜ ਨਹੀਂ ਹੈ ਅਤੇ ਇਸ ਦਾ ਮੁਲਾਂਕਣ ਦਸ ਸਾਲ ਪਹਿਲਾਂ ਕੀਤਾ ਗਿਆ ਸੀ। ਇਸ ਵਿੱਚ ਕਿਹਾ ਗਿਆ ਹੈ ਕਿ 2011-13 ਵਿੱਚ ਪੂਰੇ ਭਾਰਤ ਨੂੰ ਕਵਰ ਕਰਦੇ ਹੋਏ ਰਾਸ਼ਟਰੀ ਪੱਧਰ ’ਤੇ ਇਹ ਡਾਟਾ ਇਕੱਠਾ ਕੀਤਾ ਗਿਆ ਸੀ। ਇਸ ਖੋਜ ਨੂੰ ਤਿਆਰ





ਕਰਨ ਵਾਲਿਆਂ ਵਿੱਚ ਡਿਵੈਲਪਮੈਂਟ ਡੇਟਾ ਲੈਬ ਦੇ ਸਹਿ-ਸੰਸਥਾਪਕ ਅਤੇ ਇੰਪੀਰੀਅਲ ਕਾਲਜ ਲੰਡਨ ਦੇ ਪ੍ਰੋਫੈਸਰ ਸੈਮ ਆਸ਼ੇਰ, ਡਾਰਟਮਾਊਥ ਕਾਲਜ ਦੇ ਸਹਿ-ਸੰਸਥਾਪਕ ਅਤੇ ਪ੍ਰੋਫੈਸਰ ਪਾਲ ਨੋਵੋਸਾਦ, ਖੋਜ ਸਹਿਯੋਗੀ ਕ੍ਰਿਤਾਰਥ ਝਾਅ, ਸ਼ਿਕਾਗੋ ਯੂਨੀਵਰਸਿਟੀ ਦੀ ਫੈਕਲਟੀ ਅੰਜਲੀ ਅਦੁਕੀਆ ਅਤੇ ਬ੍ਰੈਂਡਨ ਜੌਲ ਟੈਨ ਸ਼ਾਮਲ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ ਪਿੰਡਾਂ ਨੂੰ ਇਤਿਹਾਸਿਕ ਤੌਰ ’ਤੇ ਜਾਤ ਦੇ ਆਧਾਰ ’ਤੇ ਅਲੱਗ ਥਲੱਗ ਰਹੇ ਹਨ । ਹਾਸ਼ੀਏ ’ਤੇ ਰਹਿਣ ਵਾਲੇ ਸਮੂਹ ਪਿੰਡਾਂ ਦੇ ਸਮਾਜਿਕ ਸਰਕਲਾਂ ਅਤੇ ਸਹੂਲਤਾਂ ਤੋਂ ਵਾਂਝੇ ਰਹਿ ਗਏ ਹਨ ਅਤੇ ਬਾਹਰਵਾਰ ਰਹਿੰਦੇ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਹ ਦੇਖਣ ਦੀ ਕੋਸ਼ਿਸ਼ ਕੀਤੀ ਗਈ ਸੀ ਕਿ ਕੀ ਸ਼ਹਿਰਾਂ ਵਿੱਚ ਸਥਿਤੀ ਵੱਖਰੀ ਹੈ ਅਤੇ ਕੀ ਬਾਜ਼ਾਰ ਸਮਾਜਿਕ ਪਾੜੇ ਨੂੰ ਖਤਮ ਕਰਦਾ ਹੈ। ਰਿਸਰਚ ਰਿਪੋਰਟ ’ਚ ਕਿਹਾ ਗਿਆ ਹੈ ਕਿ ਇਸ ਅਸਮਾਨਤਾ ਸੂਚਕ ਅੰਕ ਨੂੰ ਜਾਣਨ ਲਈ 15 ਲੱਖ ਸ਼ਹਿਰੀ ਅਤੇ ਪੇਂਡੂ ਇਲਾਕਿਆਂ ਉੱਪਰ ਪ੍ਰਸ਼ਾਸਨਿਕ ਅੰਕੜਿਆਂ ਦੀ ਵਰਤੋਂ ਕੀਤੀ ਗਈ। ਇਹ ਪਾਇਆ ਗਿਆ ਕਿ ਸ਼ਹਿਰ ਦੇ ਆਂਢ-ਗੁਆਂਢ ਵਿੱਚ ਲੋਕਾਂ ਦੇ ਸਮਾਨ ਭਾਈਚਾਰੇ ਦੇ ਲੋਕ ਰਹਿੰਦੇ ਹਨ।

ਖੋਜ ਵਿੱਚ ਕਿਹਾ ਗਿਆ ਹੈ ਕਿ ਅਨੁਸੂਚਿਤ ਜਾਤੀਆਂ ਯਾਨੀ ਦਲਿਤਾਂ ਲਈ ਬਸਤੀਆਂ ਸ਼ਹਿਰਾਂ ਵਿੱਚ ਉਨੀਆਂ ਹੀ ਵੱਖਰੀਆਂ ਹਨ ਜਿੰਨੀਆਂ ਉਹ ਪਿੰਡਾਂ ਵਿੱਚ ਹਨ। ਮੁਸਲਮਾਨਾਂ ਲਈ, ਸ਼ਹਿਰਾਂ ਵਿੱਚ ਅਜਿਹੀ ਅਲੱਗ-ਥਲੱਗਤਾ ਹੋਰ ਵੀ ਮਾੜੀ ਹੈ। ਖੋਜ ਤਿਆਰ ਕਰਨ ਵਾਲਿਆਂ ਵਿਚੋਂ ਇੱਕ, ਪੌਲ ਨੋਵੋਸਾਦ ਨੇ ਐਕਸ ਦੇ ਥ੍ਰੈਡ ਵਿੱਚ ਪੋਸਟ ਕੀਤਾ ਕਿ ‘ਐਸ ਸੀ ਅਤੇ ਮੁਸਲਿਮ

(ਬਾਕੀ ਸਫ਼ਾ 31 ’ਤੇ)

# ਮੋਦੀ ਨੇ ਲੋਕ ਸਭਾ ਚੋਣਾਂ ਲਈ ‘ਵਿਕਸਤ ਭਾਰਤ’ ਨੂੰ ਆਪਣੇ ਪ੍ਰਚਾਰ ਦਾ ਮੁੱਖ ਥੀਮ ਬਣਾਇਆ

## ਭਾਰਤ ’ਚ 16 ਕਰੋੜ ਲੋਕ ਅਤਿ ਦੀ ਗ਼ਰੀਬੀ ਦੀ ਹਾਲਤ ਵਿੱਚ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਗਲੀਆਂ ਲੋਕ ਸਭਾ ਚੋਣਾਂ ਲਈ ‘ਵਿਕਸਤ ਭਾਰਤ’ ਨੂੰ ਆਪਣੇ ਪ੍ਰਚਾਰ ਦਾ ਮੁੱਖ ਥੀਮ ਬਣਾਇਆ ਹੈ। ਉਹ 2047 ਤੱਕ (ਜਦੋਂ ਬਿਟ੍ਰਿਸ਼ ਰਾਜ ਤੋਂ ਭਾਰਤ ਦੀ ਆਜ਼ਾਦੀ ਦੇ ਸੌ ਸਾਲ ਪੂਰੇ ਹੋਣਗੇ) ਭਾਰਤ ਨੂੰ ਵਿਕਸਤ ਦੇਸ਼ ਬਣਾ ਦੇਣ ਦਾ ਇਰਾਦਾ ਰੱਖਦੇ ਹਨ।

ਇਸ ਤੋਂ ਪਹਿਲਾਂ 2014 ਵਿੱਚ ਮੋਦੀ ਨੇ ‘ਅੱਛੇ ਦਿਨ ਆਏਂਗੇ’ ਦਾ ਨਾਅਰਾ ਉਛਾਲਿਆ ਸੀ। ਰਾਜਨੀਤੀ ਸ਼ਾਸਤਰੀ ਅਰਨੈਸਤੋ ਲੇਕਲਾਊ ਨੇ ਚੋਣ ਰਾਜਨੀਤੀ ਦੀ ਵਿਆਖਿਆ ਕਰਦਿਆਂ ਦੱਸਿਆ ਸੀ ਕਿ ਇਹ ਨਾਅਰੇ ਇਸ ਹੱਦ ਤੱਕ ਅਸਪੱਸ਼ਟ ਹੁੰਦੇ ਹਨ ਕਿ ਵੱਖ-ਵੱਖ ਵਿਅਕਤੀ ਤੇ ਭਾਈਚਾਰੇ ਉਸ ਦਾ ਆਪਣੇ ਢੰਗ ਨਾਲ ਅਰਥ ਕੱਢ ਸਕਣ। ਮਸਲਨ ‘ਅੱਛੇ ਦਿਨ ਆਏਂਗੇ’ ਵਾਲੇ ਨਾਅਰੇ ਨਾਲ ਹਰ ਵਿਅਕਤੀ ਜਾਂ ਤਬਕੇ ਨੂੰ ਮਹਿਸੂਸ ਹੋਇਆ ਕਿ ਉਨ੍ਹਾਂ ਦਾ ਭਵਿੱਖ ਬਿਹਤਰ ਹੋਵੇਗਾ। ਜੋ ਹੋਇਆ, ਸਭ ਜਾਣਦੇ ਹਨ। ਉਸੇ ਅੰਦਾਜ਼ ਵਿੱਚ ਮੋਦੀ ‘ਵਿਕਸਤ ਭਾਰਤ’ ਦਾ ਨਾਅਰਾ ਉਛਾਲ ਰਹੇ ਹਨ, ਪਰ ਕਿਸੇ ਦੇਸ਼ ਦੇ ਵਿਕਸਤ, ਵਿਕਾਸਸ਼ੀਲ ਜਾਂ ਅਵਿਕਸਤ ਹੋਣ ਦੀਆਂ ਕੁਝ ਠੋਸ ਕਸੌਟੀਆਂ ਦੁਨੀਆ ਵਿੱਚ ਤੈਅ ਹਨ। ਸਭ ਤੋਂ ਆਮ ਪੈਮਾਨਾ ਪ੍ਰਤੀ ਵਿਅਕਤੀ ਕੁਲ ਘਰੇਲੂ ਉਤਪਾਦ (ਜੀ ਡੀ ਪੀ) ਦਾ ਹੈ। ਵਿਸ਼ਵ ਬੈਂਕ ਦੇ ਮੁਤਾਬਕ 2023 ਵਿੱਚ ਭਾਰਤ ਦੀ ਪ੍ਰਤੀ ਵਿਅਕਤੀ ਜੀ ਡੀ ਪੀ 2411 ਡਾਲਰ ਸੀ। ਉਹ ਵਿਸ਼ਵ ਬੈਂਕ ਦੀ 209 ਦੇਸ਼ਾਂ ਦੀ ਸੂਚੀ ਵਿੱਚ 159ਵੇਂ ਨੰਬਰ ’ਤੇ ਸੀ। ਇਸ ਲਿਹਾਜ਼ ਨਾਲ ਉਹ ਨਿਮਨ ਮੱਧ ਆਮਦਨ ਵਰਗ ਦੀ ਸ਼੍ਰੇਣੀ ਵਾਲੇ ਦੇਸ਼ਾਂ ਵਿੱਚ ਸੀ। ਜੀਵਨ ਪੱਧਰ ਦੇ ਪੈਮਾਨੇ ਵਿੱਚ ਜਿਹੜੀਆਂ ਗੱਲਾਂ ਦੇਖੀਆਂ ਜਾਂਦੀਆਂ ਹਨ, ਉਨ੍ਹਾਂ ਵਿੱਚ ਮਨੁੱਖੀ ਵਿਕਾਸ ਸੂਚਕ ਅੰਕ ’ਤੇ ਦੇਸ਼ ਦਾ ਦਰਜਾ, ਉਮਰ ਹੱਦ ਤੇ ਬਾਲ ਮੌਤ ਦਰ ਸ਼ਾਮਲ ਹਨ। ਜ਼ਿਆਦਾਤਰ ਵਿਕਸਤ ਦੇਸ਼ਾਂ ਵਿੱਚ ਪ੍ਰਤੀ 1000 ਜਨਮ ਦਰ ’ਤੇ ਬਾਲ ਮੌਤ ਦਰ 10 ਤੋਂ ਘੱਟ ਹੈ, ਜਦਕਿ ਵਿਅਕਤੀਆਂ ਦੀ ਜੀਵਨ ਉਮਰ 75 ਸਾਲ ਤੋਂ ਉੱਪਰ ਹੈ। ਆਮ ਸਮਝ ਹੈ ਕਿ ਜਿਸ ਦੇਸ਼ ਦਾ ਮਨੁੱਖੀ ਵਿਕਾਸ ਸੂਚਕ ਅੰਕ 0.9 ਜਾਂ ਉਸ ਤੋਂ ਉੱਪਰ ਹੋਵੇ, ਉਸ ਨੂੰ ਵਿਕਸਤ ਦੇਸ਼ ਦੀ ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ। ਭਾਰਤ ਦਾ 0.633 ਹੈ ਤੇ ਉਹ 132ਵੇਂ ਨੰਬਰ ’ਤੇ ਸੀ। ਭਾਰਤ ਵਿੱਚ 2023 ਵਿੱਚ ਜੀਵਨ ਮਿਆਦ 70.3 ਸਾਲ ਸੀ। ਬਾਲ ਮੌਤ ਦਰ 25 ਸੀ। 2023-24 ਵਿੱਚ ਭਾਰਤ ਦੀ ਜੀ ਡੀ ਪੀ ਵਿੱਚ 7.9 ਫੀਸਦੀ ਦਾ ਵਾਧਾ ਹੋਣ ਦਾ ਅਨੁਮਾਨ ਸਰਕਾਰ ਨੇ ਲਾਇਆ ਹੈ। ਅਰਥ ਵਿਵਸਥਾ ਦੇ ਤੇਜ਼ ਰਫਤਾਰ ਨਾਲ ਵਧਣ ਦਾ ਬਹੁਤ ਰੌਲਾ ਪਾਇਆ ਜਾ ਰਿਹਾ ਹੈ। ਇਸ ਦਰਮਿਆਨ ਇਹ ਖ਼ਬਰ ਵੀ ਹੈ ਕਿ ਚਾਲੂ ਮਾਲੀ ਸਾਲ ਵਿੱਚ ਪ੍ਰਤੀ ਵਿਅਕਤੀ ਆਮਦਨ ਵਿੱਚ ਵਾਧਾ ਦਰ 21 ਸਾਲ ਦੇ ਸਭ ਤੋਂ ਹੇਠਲੇ ਪੱਧਰ ’ਤੇ ਰਹਿਣ ਵਾਲੀ ਹੈ। ਵਿਸ਼ਵ ਬੈਂਕ ਮੁਤਾਬਕ 2.15 ਡਾਲਰ ਪ੍ਰਤੀ ਦਿਨ ਖਰਚ ਕਰਨ ਵਾਲੇ ਸਭ ਤੋਂ ਗਰੀਬਾਂ ਵਿੱਚ ਆਉਂਦੇ ਹਨ। ਭਾਰਤ ਵਿੱਚ ਅਜਿਹੇ 16 ਕਰੋੜ ਲੋਕ ਹਨ। ਇਸ ਸਭ ਦੇ ਮੱਦੇਨਜ਼ਰ ‘ਵਿਕਸਤ ਭਾਰਤ’ ਦਾ ਬਿਰਤਾਂਤ ਦੇਸ਼ ਨੂੰ ਕਿਸੇ ਮੁਕਾਮ ’ਤੇ ਲਿਜਾਣ ਦਾ ਸੰਕਲਪ ਨਹੀਂ, ਸਗੋਂ ਖੋਖਲਾ ਨਾਅਰਾ ਹੈ, ਜਿਹੜਾ ਚੋਣਾਂ ਜਿੱਤਣ ਲਈ ਘੜਿਆ ਗਿਆ ਹੈ। ਹੋ ਸਕਦਾ ਹੈ ਕਿ ਇਹ ਲੋਕ ਰਾਇ ਦੇ ਇਕ ਹਿੱਸੇ ਨੂੰ ਪ੍ਰਭਾਵਤ ਕਰ ਜਾਵੇ, ਪਰ ਇਸ ਨਾਲ ਦੇਸ਼ ਦੇ ਵਿਕਸਤ ਹੋਣ ਦਾ ਰਾਹ ਨਹੀਂ ਨਿਕਲੇਗਾ। ਹਾਂ, ਭਾਰਤ ਦੀ ਸਿਆਸੀ ਸ਼ਬਦਾਵਲੀ ਵਿੱਚ ਇਕ ਜੁਮਲਾ ਹੋਰ ਦਰਜ ਹੋ ਜਾਵੇਗਾ।

# ਬ੍ਰਿਟੇਨ ’ਚ ਅਮਰੀਕਾ ਤਾਇਨਾਤ ਕਰੇਗਾ ਪਰਮਾਣੂ ਹਥਿਆਰ

## ਹੀਰੋਸ਼ੀਮਾ ’ਤੇ ਸੁੱਟੇ ਗਏ ਬੰਬ ਤੋਂ ਤਿੰਨ ਗੁਣਾ ਜ਼ਿਆਦਾ ਹੋਵੇਗਾ ਤਾਕਤਵਰ



ਅਮਰੀਕਾ ਇੱਕ ਅਜਿਹਾ ਕਦਮ ਚੁੱਕਣ ਦੀ ਤਿਆਰੀ ਕਰ ਰਿਹਾ ਹੈ ਜੋ ਪੁਤਿਨ ਨੂੰ ਬਿਲਕੁਲ ਵੀ ਪਸੰਦ ਨਹੀਂ ਹੋਵੇਗਾ। ਇੱਕ ਰਿਪੋਰਟ ਮੁਤਾਬਕ ਰੂਸ ਤੋਂ ਵਧਦੇ ਖਤਰੇ ਦੇ ਵਿਚਕਾਰ ਅਮਰੀਕਾ 15 ਸਾਲਾਂ ’ਚ ਪਹਿਲੀ ਵਾਰ ਬ੍ਰਿਟੇਨ ਵਿੱਚ ਪ੍ਰਮਾਣੂ ਹਥਿਆਰ ਤਾਇਨਾਤ ਕਰਨ ਦੀ ਯੋਜਨਾ ਬਣਾ ਰਿਹਾ ਹੈ। ਟੈਲੀਗ੍ਰਾਫ ਦੀ ਰਿਪੋਰਟ ਮੁਤਾਬਕ ਪ੍ਰਸਤਾਵਾਂ ਦੇ ਤਹਿਤ ਹੀਰੋਸ਼ੀਮਾ ਤੋਂ ਤਿੰਨ ਗੁਣਾ ਜ਼ਿਆਦਾ ਤਾਕਤਵਰ ਪ੍ਰਮਾਣੂ ਬੰਬ ਤਾਇਨਾਤ ਕਰਨ ਦੀ ਯੋਜਨਾ ਹੈ। ਇਹ ਤੈਨਾਤੀ ਰਾਇਲ ਏਅਰ ਫੋਰਸ ਲੈਕਨਹੀਥ ਵਿਖੇ ਹੋਵੇਗੀ। ਇਹ ਤੈਨਾਤੀ ਅਜਿਹੇ ਸਮੇਂ ਹੋਵੇਗੀ ਜਦੋਂ ਰੂਸ ਅਤੇ ਯੂਕਰੇਨ ਵਿਚਾਲੇ ਜੰਗ ਚੱਲ ਰਹੀ ਹੈ। ਅਮਰੀਕਾ ਨੇ ਇਸ ਤੋਂ ਪਹਿਲਾਂ ਆਰਏਐਫ ਲੇਕਨਹੀਥ ਵਿਖੇ ਪ੍ਰਮਾਣੂ ਮਿਜ਼ਾਈਲਾਂ ਤਾਇਨਾਤ ਕੀਤੀਆਂ ਸਨ। ਮਾਸਕੋ ਤੋਂ ਸ਼ੀਤ ਯੁੱਧ ਦਾ ਖ਼ਤਰਾ ਘੱਟ ਹੋਣ ਤੋਂ ਬਾਅਦ ਉਸਨੂੰ 2008 ਵਿੱਚ ਹਟਾ ਦਿੱਤਾ ਗਿਆ ਸੀ। ਰਿਪੋਰਟ ਮੁਤਾਬਕ ਪੈਂਟਾਗਨ ਦੇ ਦਸਤਾਵੇਜ਼ਾਂ ਤੋਂ

(ਬਾਕੀ ਸਫ਼ਾ 31 ’ਤੇ)

# ਚੋਣਾਂ ਤੋਂ ਪਹਿਲਾਂ ਮੋਦੀ ਸਰਕਾਰ ਅਗਲੇ ਹ਼ਫਤੇ ਲਾਗੂ ਕਰ ਸਕਦੀ ਹੈ ਸੀ.ਏ.ਏ. ਕਾਨੂੰਨ

ਲੋਕ ਸਭਾ ਚੋਣਾਂ ਤੋਂ ਪਹਿਲਾਂ ਮੋਦੀ ਸਰਕਾਰ ਨਾਗਰਿਕਤਾ ਸੋਧ ਕਾਨੂੰਨ 2019 ਨੂੰ ਕੇਂਦਰ ਸਰਕਾਰ ਲਾਗੂ ਕਰਨ ਜਾ ਰਹੀ ਹੈ। ਇਸ ਤੋਂ ਪਹਿਲਾਂ ਨਾਗਰਿਕਤਾ ਸੋਧ ਕਾਨੂੰਨ ਖ਼ਿਲਾਫ਼ ਦੇਸ਼ ਭਰ ਵਿੱਚ ਵਿਰੋਧ ਉੱਠ ਗਿਆ ਸੀ ਜਿਸ ਕਰਕੇ ਸਰਕਾਰ ਨੇ ਇਸ ਨੂੰ ਲਾਗੂ ਨਹੀਂ ਕੀਤਾ ਸੀ। ਹੁਣ ਇਸ ਸਬੰਧੀ ਕੇਂਦਰੀ ਮੰਤਰੀ ਸ਼ਾਂਤਨੂ ਠਾਕੁਰ ਨੇ ਦੱਸਿਆ ਕਿ ਅਗਲੇ ਇੱਕ ਹ਼ਫ਼ਤੇ ਵਿੱਚ ਦੇਸ਼ ਵਿੱਚ ਨਾਗਰਿਕਤਾ ਸੋਧ ਕਾਨੂੰਨ ਲਾਗੂ ਹੋ ਜਾਵੇਗਾ।




ਇਸ ਕਾਨੂੰਨ ਵਿੱਚ ਬੰਗਲਾਦੇਸ਼, ਅਫ਼ਗਾਨਿਸਤਾਨ ਅਤੇ ਪਾਕਿਸਤਾਨ ਦੇ ਛੇ ਘੱਟ ਗਿਣਤੀ ਭਾਈਚਾਰੇ (ਹਿੰਦੂ, ਮੁਸਲਮਾਨ, ਬੋਧੀ, ਜੈਨ, ਪਾਰਸੀ, ਇਸਾਈ ਅਤੇ ਸਿੱਖ) ਨਾਲ ਸਬੰਧ ਰੱਖਣ ਵਾਲੇ ਲੋਕਾਂ ਨੂੰ ਭਾਰਤੀ ਨਾਗਰਿਕਤਾ ਦੇਣ ਦਾ ਪ੍ਰਸਤਾਵ ਰੱਖਿਆ ਗਿਆ ਹੈ। ਮੌਜੂਦਾ ਕਾਨੂੰਨ ਮੁਤਾਬਕ ਕਿਸੇ ਵੀ ਸ਼ਖ਼ਸ ਦਾ ਭਾਰਤੀ ਨਾਗਰਿਕਤਾ ਲੈਣ ਲਈ ਘੱਟੋ ਘੱਟ 11 ਸਾਲ ਭਾਰਤ ਵਿੱਚ ਰਹਿਣਾ ਜ਼ਰੂਰੀ ਹੈ। ਇਸ ਬਿੱਲ ਵਿੱਚ ਗੁਆਂਢੀ ਦੇਸ਼ਾਂ ਦੇ ਘੱਟ ਗਿਣਤੀ ਭਾਈਚਾਰਿਆਂ ਲਈ ਇਹ ਸਮਾਂ ਘੱਟ ਕਰਕੇ 11 ਤੋਂ 6 ਸਾਲ ਕਰ ਦਿੱਤਾ ਹੈ। ਇਸ ਦੇ ਲਈ ਨਾਗਰਿਕਤਾ ਐਕਟ, 1955 ਵਿੱਚ ਕੁਝ ਸੋਧ ਕੀਤੇ ਜਾਣਗੇ ਤਾਂ ਜੋ ਲੋਕਾਂ ਨੂੰ ਨਾਗਰਿਕਤਾ ਦੇਣ ਲਈ ਉਨ੍ਹਾਂ ਦੀ ਕਾਨੂੰਨੀ ਮਦਦ ਕੀਤੀ ਜਾ ਸਕੇ। ਮੌਜੂਦਾ ਕਾਨੂੰਨ ਦੇ ਤਹਿਤ ਭਾਰਤ ਵਿੱਚ ਗ਼ੈਰ ਕਾਨੂੰਨੀ ਤਰੀਕੇ ਨਾਲ ਦਾਖ਼ਲ ਹੋਣ ਵਾਲੇ ਲੋਕਾਂ ਨੂੰ ਨਾਗਰਿਕਤਾ ਨਹੀਂ ਮਿਲ ਸਕਦੀ ਹੈ ਅਤੇ ਉਨ੍ਹਾਂ ਨੂੰ ਵਾਪਿਸ ਉਨ੍ਹਾਂ ਦੇ ਮੁਲਕ ਭੇਜਣ ਜਾਂ ਹਿਰਾਸਤ ਵਿੱਚ ਰੱਖਣ ਦਾ ਪ੍ਰੋਵੀਜ਼ਨ ਹੈ।

ਵਿਰੋਧੀ ਪਾਰਟੀਆਂ ਦਾ ਕਹਿਣਾ ਹੈ ਕਿ ਇਹ ਕਾਨੂੰਨ ਮੁਸਲਮਾਨਾਂ ਖ਼ਿਲਾਫ਼ ਹੈ ਅਤੇ ਭਾਰਤੀ ਸੰਵਿਧਾਨ ਦੇ ਆਰਟੀਕਲ-14 ਦੀ ਉਲੰਘਣਾ ਕਰਦਾ ਹੈ। ਕਾਨੂੰਨ ਦਾ ਵਿਰੋਧ ਇਹ ਕਹਿ ਕੇ ਕੀਤਾ ਜਾ ਰਿਹਾ ਹੈ ਕਿ ਇੱਕ ਧਰਮ ਨਿਰਪੱਖ ਦੇਸ਼ ਕਿਸੇ ਦੇ ਨਾਲ ਧਰਮ ਦੇ ਆਧਾਰ ’ਤੇ ਭੇਦਭਾਵ ਕਿਵੇਂ ਕਰ ਸਕਦਾ ਹੈ? ਭਾਰਤ ਦੇ ਪੂਰਬੀ ਉੱਤਰ ਸੂਬਿਆਂ ਅਸਾਮ, ਮੇਘਾਲਿਆ, ਮਣੀਪੁਰ, ਮਿਜ਼ੋਰਮ, ਤ੍ਰਿਪੁਰਾ, ਨਾਗਾਲੈਂਡ ਅਤੇ ਅਰੁਣਾਚਲ ਪ੍ਰਦੇਸ਼ ਵਿੱਚ ਵੀ ਇਸ ਕਾਨੂੰਨ ਦਾ ਜ਼ੋਰ-ਸ਼ੋਰ ਨਾਲ ਵਿਰੋਧ ਹੋ ਰਿਹਾ ਹੈ ਕਿਉਂਕਿ ਇਹ ਸੂਬੇ ਬੰਗਲਾਦੇਸ਼ ਦੀ ਸਰਹੱਦ ਦੇ ਬੇਹੱਦ ਨੇੜੇ ਹਨ। ਇਨ੍ਹਾਂ ਸੂਬਿਆਂ ਵਿੱਚ ਇਸਦਾ ਵਿਰੋਧ ਇਸ ਗੱਲ ਨੂੰ ਲੈ ਕੇ ਹੋ ਰਿਹਾ ਹੈ ਕਿ ਇੱਥੇ ਕਥਿਤ ਤੌਰ ’ਤੇ ਗੁਆਂਢੀ ਸੂਬੇ ਬੰਗਲਾਦੇਸ਼ ਤੋਂ ਮੁਸਲਮਾਨ ਅਤੇ ਹਿੰਦੂ ਦੋਵੇਂ ਹੀ ਵੱਡੀ ਗਿਣਤੀ ਵਿੱਚ ਆ ਕੇ ਵਸੇ ਹਨ। ਇਲਜ਼ਾਮ ਇਹ ਵੀ ਹੈ ਕਿ ਮੌਜੂਦਾ ਸਰਕਾਰ ਹਿੰਦੂ ਵੋਟਰਾਂ ਨੂੰ ਆਪਣੇ ਪੱਖ ਵਿੱਚ ਕਰਨ ਦੀ ਕੋਸ਼ਿਸ਼ ’ਚ ਪਰਵਾਸੀ ਹਿੰਦੂਆਂ ਲਈ ਭਾਰਤੀ ਦੀ ਨਾਗਰਿਕਤਾ ਦਾ ਰਾਹ ਪੱਧਰਾ ਕਰ ਰਹੀ ਹੈ।

# ਬਾਦਲ ਦਲ ਨੇ 'ਪੰਜਾਬ-ਮੌਜੂਦਾ ਸੰਕਟ ਤੇ ਹੱਲ' ਵਿਸ਼ੇ 'ਤੇ ਕਰਵਾਇਆ ਸੈਮੀਨਾਰ

## ਚਿੰਤਕਾਂ ਨੇ ਕਿਹਾ ਕਿ ਪੰਜਾਬ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਖੇਤਰੀ ਰਾਜਨੀਤੀ ਦੇ ਬਿਰਤਾਂਤ ਨੂੰ ਕਰੋ ਉਜਾਗਰ

ਸ੍ਰੀ ਅਨੰਦਪੁਰ ਸਾਹਿਬ/ਏ.ਟੀ.ਨਿਊਜ਼ : ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬ ਨੂੰ ਦਰਪੇਸ਼ ਬਹੁਪੱਖੀ ਸੰਕਟਾਂ ਦੇ ਹੱਲ ਤਲਾਸ਼ਣ ਲਈ ਉਸਾਰੂ ਮਾਹੌਲ ਅਤੇ ਵਿਆਪਕ ਵਿਚਾਰ-ਪ੍ਰਬੰਧ ਦੀ ਸਿਰਜਣਾ ਦੀ ਪਹਿਲਕਦਮੀ ਕਰਦਿਆਂ ਆਰੰਭੀ ਸੈਮੀਨਾਰਾਂ ਦੀ ਲੜੀ ਤਹਿਤ 'ਪੰਜਾਬ-ਮੌਜੂਦਾ ਸੰਕਟ ਅਤੇ ਹੱਲ' ਵਿਸ਼ੇ 'ਤੇ ਪਹਿਲਾ ਵਿਸ਼ੇਸ਼ ਸੈਮੀਨਾਰ ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰਵਾਇਆ ਗਿਆ। ਸੈਮੀਨਾਰ ਵਿੱਚ ਬੁਲਾਰਿਆਂ ਦੇ ਕੁੰਜੀਵਤ ਭਾਸ਼ਨ ਵਿਚੋਂ ਇਹ ਸਿੱਟਾ ਨਿਕਲਿਆ ਕਿ ਪੰਜਾਬ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਖੇਤਰੀ ਰਾਜਨੀਤੀ ਦੇ ਬਿਰਤਾਂਤ ਨੂੰ ਉਜਾਗਰ ਕਰਨਾ ਪਵੇਗਾ ਅਤੇ ਅਕਾਲੀ ਦਲ ਨੂੰ ਅਣਡਿੱਠ ਕਰਕੇ ਪੰਜਾਬ ਦੀ ਰਾਜਨੀਤੀ ਦਾ ਪ੍ਰਸੰਗ ਸਿਰਜਣ ਦਾ ਕਿਆਸ ਵੀ ਨਹੀਂ ਕੀਤਾ ਜਾ ਸਕਦਾ। ਪ੍ਰਸਿੱਧ ਅਰਥ-ਸ਼ਾਸਤਰੀ ਡਾ.ਰਣਜੀਤ ਸਿੰਘ ਘੁੰਮਣ ਨੇ ਪੰਜਾਬ ਦੇ ਭਵਿੱਖ ਤੇ ਸੰਭਾਵਨਾਵਾਂ ਦੀ ਗੱਲ ਕਰਦਿਆਂ ਆਖਿਆ ਕਿ ਇੱਥੇ ਚੰਗਾ ਮਾਹੌਲ ਅਤੇ ਸ਼ਾਸਨ ਸਥਾਪਿਤ ਕਰਨ ਲਈ ਵੱਡੇ ਪੱਧਰ 'ਤੇ ਨਿਵੇਸ਼ ਅਤੇ ਗੁਆਂਢੀ ਦੇਸ਼ ਪਾਕਿਸਤਾਨ ਨਾਲ ਚੰਗਾ ਮਾਹੌਲ ਪੈਦਾ ਕਰਕੇ ਵਪਾਰ ਦੀ ਸਾਂਝ ਵਿਕਸਿਤ ਕਰਨ ਦੀ ਲੋੜ ਹੈ, ਜਿਸ ਦੇ ਲਈ ਇੱਕ ਖੇਤਰੀ ਪਾਰਟੀ ਹੀ ਨਿੱਠ ਕੇ ਅਗਵਾਈ ਕਰ ਸਕਦੀ ਹੈ, ਜੋ ਸਿਰਫ਼ ਸ਼੍ਰੋਮਣੀ ਅਕਾਲੀ ਦਲ ਹੈ। ਰੋਜ਼ਾਨਾ ਅਜੀਤ ਦੇ ਕਾਰਜਕਾਰੀ ਸੰਪਾਦਕ ਸਤਨਾਮ ਸਿੰਘ ਮਾਣਕ ਨੇ ਆਖਿਆ ਕਿ ਇਸ ਵੇਲੇ ਬਹੁ-ਸੱਭਿਆਚਾਰੀ ਅਤੇ ਬਹੁ-ਕੌਮੀ ਭਾਰਤ ਦੀ ਸੰਸਕ੍ਰਿਤੀ ਨੂੰ ਜਿਸ ਤਰੀਕੇ ਇੱਕ ਦੇਸ਼, ਇੱਕ ਰਾਸ਼ਟਰ ਵਿੱਚ ਤਬਦੀਲ ਕਰਨ ਦੀ ਵਿਆਪਕ ਮੁਹਿੰਮਕਾਰੀ ਚੱਲ ਰਹੀ ਹੈ, ਉਸ ਦੌਰਾਨ ਅਕਾਲੀ ਦਲ ਦੀ ਵੱਡੀ ਇਤਿਹਾਸਕ ਅਤੇ ਵਿਰਾਸਤੀ ਭੂਮਿਕਾ ਬਣਦੀ ਹੈ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਬਹੁਮੁਖੀ ਸੰਕਟਾਂ ਵਿਚੋਂ ਗੁਜ਼ਰ ਰਿਹਾ ਹੈ ਤਾਂ ਦੁਨੀਆ ਭਰ ਦੇ ਪੰਜਾਬੀ ਲਗਾਤਾਰ ਦੋ ਵਾਰ ਸੱਤਾ ਤੋਂ ਬਾਹਰ ਹੋਣ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਵੱਲ ਹੀ ਅਗਵਾਈ ਦੀ ਆਸ ਨਾਲ ਵੇਖ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਅੱਗੇ ਸਿੱਖਾਂ ਦੇ ਧਾਰਮਿਕ ਹਿਤਾਂ ਅਤੇ ਪੰਜਾਬ ਦੇ ਖੇਤਰੀ ਰਾਜਨੀਤਕ ਮੁੱਦਿਆਂ ਦਰਮਿਆਨ ਸੰਤੁਲਨ ਬਣਾ ਕੇ ਚੱਲਣਾ ਵੱਡੀ ਜਿੰਮੇਵਾਰੀ ਹੈ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸ਼ਹੀਦ



ਭਗਤ ਸਿੰਘ ਚੇਅਰ ਦੇ ਮੁਖੀ ਡਾ. ਰੌਣਕੀ ਰਾਮ ਨੇ ਕਿਹਾ ਕਿ ਪੰਜਾਬ ਦੇ ਬਹੁਪਰਤੀ ਸੰਕਟ ਦਾ ਮੂਲ ਕਾਰਨ ਪੰਜਾਬੀਆਂ ਦਾ ਆਪਣੀ ਵਿਚਾਰਧਾਰਾ ਤੋਂ ਬੇਮੁਖ ਹੋਣਾ ਹੈ, ਜੋ ਏਕਤਾ 'ਚ ਅਨੇਕਤਾ ਅੰਦਰ ਮਹਿਫ਼ੂਜ਼ ਹੈ। ਜੇਕਰ ਅਕਾਲੀ ਦਲ ਪੰਜਾਬ ਦੀ ਵਿਚਾਰਧਾਰਾ ਨੂੰ ਲੈ ਕੇ ਅੱਗੇ ਤੁਰੇ ਤਾਂ ਖੇਤਰੀ ਰਾਜਨੀਤੀ ਦੇ ਨਾਲ-ਨਾਲ ਪੰਜਾਬ ਦੇ ਭਵਿੱਖ ਨੂੰ ਵੀ ਸੁਰੱਖਿਅਤ ਕੀਤਾ ਜਾ ਸਕਦਾ ਹੈ। ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਪ੍ਰੋਫੈਸਰ ਡਾ. ਕੁਲਦੀਪ ਸਿੰਘ ਨੇ ਕਿਹਾ ਕਿ ਪੰਜਾਬ ਤੇ ਪੰਥ ਦੇ ਹਿਤਾਂ ਲਈ ਸ਼ੁਰੂ ਤੋਂ ਅਕਾਲੀ ਦਲ ਹਰ ਸੰਘਰਸ਼ ਲੜਦਾ ਰਿਹਾ ਹੈ। ਅਕਾਲੀ ਆਗੂ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ ਪੰਜਾਬ ਦੇ ਮੌਜੂਦਾ ਸੰਕਟ ਦੂਰ ਕਰਨ ਲਈ ਨੈਤਿਕ ਅਤੇ ਅਕਾਦਮਿਕ ਤੌਰ 'ਤੇ ਅਗਾਂਹਵਧੂ ਹੋਣ ਦੀ ਲੋੜ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸੈਮੀਨਾਰ ਵਿੱਚ ਆਏ ਬੁਲਾਰਿਆਂ ਦੇ ਵਿਚਾਰਾਂ ਦਾ ਸਵਾਗਤ ਕਰਦਿਆਂ ਆਖਿਆ ਕਿ ਪੰਜਾਬ ਦੀ ਵੱਡੀ ਤਰਾਸਦੀ ਇਹ ਹੈ ਕਿ ਇੱਥੇ ਆਮਦਨ ਦਾ ਕੋਈ ਕੁਦਰਤੀ ਸਰੋਤ ਅਤੇ ਬੰਦਰਗਾਹ ਨਹੀਂ ਹੈ, ਜੋ ਕਿ ਅੱਜ ਦੇ ਸਮੇਂ ਵਿੱਚ ਵਪਾਰ ਤੇ ਉਦਯੋਗੀਕਰਨ ਲਈ ਪਹਿਲੀ ਲੋੜ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਉੱਜਲ ਭਵਿੱਖ ਲਈ ਹਰ ਜਿੰਮੇਵਾਰੀ ਚੁੱਕਣ ਲਈ ਸਮਰੱਥ ਅਤੇ ਤਿਆਰ ਹੈ, ਬਸ਼ਰਤੇ ਇਸ ਦੇ ਲਈ ਪੰਜਾਬ ਵਿੱਚ ਸਾਕਾਰਾਤਮਕ ਸੋਚ ਬਣਾਈ ਜਾਵੇ। ਸਾਰਿਆਂ ਤੋਂ ਪਹਿਲਾਂ ਅਕਾਲੀ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਦੇਸ਼ ਤੇ ਪੰਜਾਬ ਦੀ ਤਰੱਕੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਮੰਚ ਸੰਚਾਲਨ ਕਰਦਿਆਂ ਅਕਾਲੀ ਦਲ ਦੇ ਸਕੱਤਰ ਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਅਕਾਲੀ ਦਲ ਦੇ ਖ਼ਿਲਾਫ਼ ਸਿਰਜੇ ਜਾ ਰਹੇ ਬਿਰਤਾਤਾਂ ਨੂੰ ਪੰਜਾਬ ਤੇ ਪੰਥ-ਵਿਰੋਧੀ ਤਾਕਤਾਂ ਦੀ ਵੱਡੀ ਸਾਜਿਸ਼ਕਾਰੀ ਦਾ ਹਿੱਸਾ ਕਰਾਰ ਦਿੰਦਿਆਂ ਆਖਿਆ ਕਿ ਅੰਕੜਿਆਂ ਨੂੰ ਸਾਹਮਣੇ ਰੱਖ ਲਿਆ ਜਾਵੇ ਤਾਂ ਅਕਾਲੀ ਸਰਕਾਰਾਂ ਦੌਰਾਨ ਹੀ ਪੰਥਕ ਮਸਲਿਆਂ ਦਾ ਸਰਲੀਕਰਨ ਅਤੇ ਪੰਥ ਦਾ ਜਾਹੋ-ਜਲਾਲ ਹੋਇਆ। ਇਸ ਮੌਕੇ ਹੀਰਾ ਸਿੰਘ ਗਾਬੜੀਆ, ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ, ਸ਼੍ਰੋਮਣੀ ਅਕਾਲੀ ਦਲ ਦਾ ਬੁਲਾਰਾ ਅਰਸ਼ਦੀਪ ਸਿੰਘ ਕਲੇਰ, ਸਿਮਰਨਜੀਤ ਸਿੰਘ ਚੰਦੂਮਾਜਰਾ, ਗੁਰਬਖਸ਼ ਸਿੰਘ ਖ਼ਾਲਸਾ, ਭਾਈ ਅਮਰਜੀਤ ਸਿੰਘ ਚਾਵਲਾ, ਸਿੱਖ ਵਿਦਵਾਨ ਭਾਈ ਹਰਸਿਮਰਨ ਸਿੰਘ, ਬੀਬੀ ਕੁਲਵਿੰਦਰ ਕੌਰ ਵਿਰਕ ਸਮੇਤ ਵੱਡੀ ਗਿਣਤੀ ਵਿੱਚ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।

## ਭਾਜਪਾ ਨਾਲ ਗੱਠਜੋੜ ਦੀਆਂ ਅਫ਼ਵਾਹਾਂ : ਸੁਖਬੀਰ ਬਾਦਲ

ਸੰਗਰੂਰ/ਏ.ਟੀ.ਨਿਊਜ਼ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਲੋਕ ਸਭਾ ਚੋਣਾਂ ਲਈ ਬਸਪਾ ਨਾਲ ਸਾਡਾ ਗੱਠਜੋੜ ਕਾਇਮ ਹੈ ਅਤੇ ਸੀਟਾਂ ਦੀ ਵੰਡ ਲਈ ਕਮੇਟੀ ਬਣ ਚੁੱਕੀ ਹੈ। ਕਮੇਟੀ ਦੀ ਰਿਪੋਰਟ ਆਉਣ 'ਤੇ ਅਗਲੀ ਕਾਰਵਾਈ ਆਰੰਭ ਕਰ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪਾਰਟੀ ਲੋਕ ਸਭਾ ਚੋਣਾਂ ਲਈ ਪੂਰੀ ਤਰ੍ਹਾਂ ਤਿਆਰ ਹੈ। ਭਾਜਪਾ ਨਾਲ ਸੰਭਾਵਿਤ ਗੱਠਜੋੜ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਭਾਜਪਾ ਨਾਲ ਗੱਠਜੋੜ ਦੀਆਂ ਕਿਆਸਅਰਾਈਆਂ ਮੀਡੀਆ ਦੀ ਉਪਜ ਹਨ, ਇਸ ਤੋਂ ਵਧ ਕੁਝ ਨਹੀਂ।

## ਸਿਮਰਨਜੀਤ ਸਿੰਘ ਮਾਨ ਵੱਲੋਂ ਪਾਕਿਸਤਾਨ ਨਾਲ ਵਪਾਰ ਖੋਲ੍ਹਣ ਦੀ ਮੰਗ

### 12 ਫ਼ਰਵਰੀ ਨੂੰ ਫ਼ਤਿਹਗੜ੍ਹ ਸਾਹਿਬ ਵਿਖੇ ਸੰਤ ਭਿੰਡਰਾਂਵਾਲਿਆਂ ਦਾ ਜਨਮ ਦਿਨ ਮਨਾਉਣ ਦਾ ਐਲਾਨ

ਜਲੰਧਰ/ਏ.ਟੀ.ਨਿਊਜ਼ : ਲੋਕ ਸਭਾ ਹਲਕਾ ਸੰਗਰੂਰ ਤੋਂ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਡੀਆਂ ਵੱਡੀਆਂ ਕੰਪਨੀਆਂ ਗੁਜਰਾਤ ਲੈ ਕੇ ਜਾ ਰਹੇ ਹਨ ਅਤੇ ਪੰਜਾਬ ਨੂੰ ਕਹਿ ਰਹੇ ਹਨ ਕਿ ਇਹ ਬਾਰਡਰ ਸਟੇਟ ਹੈ, ਜੋ ਬਹੁਤ ਜਿਆਦਾ ਨਿੰਦਨਯੋਗ ਹੈ, ਕਿਉਂਕਿ ਮੋਦੀ ਇਕੱਲੇ ਗੁਜਰਾਤ ਦੇ ਨਹੀਂ ਪੂਰੇ ਦੇਸ਼ ਦੇ ਪ੍ਰਧਾਨ ਮੰਤਰੀ ਹਨ। ਉਨ੍ਹਾਂ ਕਿਹਾ ਕਿ ਕੇਂਦਰ ਨੂੰ ਪਾਕਿਸਤਾਨ ਦਾ ਬਾਰਡਰ ਵੀ ਖੋਲ੍ਹਣਾ ਚਾਹੀਦਾ ਹੈ, ਜੇਕਰ ਚੀਨ ਨਾਲ ਵਪਾਰ ਹੋ ਸਕਦਾ ਹੈ, ਤਾਂ ਪਾਕਿ ਨਾਲ




ਕਿਉਂ ਨਹੀਂ? ਪਾਕਿ ਨਾਲ ਵਪਾਰ ਹੋਣ 'ਤੇ ਸਾਡੇ ਨੌਜਵਾਨਾਂ ਨੂੰ ਕੰਮ ਮਿਲੇਗਾ। ਉਨ੍ਹਾਂ ਨੇ ਪੰਜਾਬ ਦੀਆਂ ਮੌਜੂਦਾ ਪ੍ਰਸਥਿਤੀਆਂ ਵਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਪੰਜਾਬ ਵਿੱਚ

(ਬਾਕੀ ਸਫ਼ਾ 31 'ਤੇ)

## ਕਾਂਗਰਸ ਵੱਲੋਂ ਪੰਜਾਬ ਤੇ ਉੱਤਰਾਖੰਡ ਲਈ ਸੂਬਾ ਚੋਣ ਕਮੇਟੀਆਂ ਦਾ ਗਠਨ

### ਰਾਜਾ ਵੜਿੰਗ, ਸਿੱਧੂ, ਬਾਜਵਾ ਤੇ ਚੰਨੀ ਨੂੰ ਮਿਲੀ ਅਹਿਮ ਜ਼ਿੰਮੇਵਾਰੀ

ਨਵੀਂ ਦਿੱਲੀ/ਏ.ਟੀ.ਨਿਊਜ਼ : ਕਾਂਗਰਸ ਨੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪੰਜਾਬ ਤੇ ਉੱਤਰਾਖੰਡ ਲਈ ਸੂਬਾ ਚੋਣ ਕਮੇਟੀਆਂ ਦਾ ਗਠਨ ਕੀਤਾ। ਪਾਰਟੀ ਦੇ ਸੰਗਠਨ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ ਵੱਲੋਂ ਜਾਰੀ ਪ੍ਰੈੱਸ ਬਿਆਨ ਮੁਤਾਬਕ, ਕਾਂਗਰਸ ਪ੍ਰਧਾਨ ਮੱਲੀਕਾਰਜੁਨ ਖੜਗੇ ਨੇ ਇਨ੍ਹਾਂ ਕਮੇਟੀਆਂ ਦੇ ਗਠਨ ਨੂੰ ਮਨਜ਼ੂਰੀ ਦੇ ਦਿੱਤੀ ਹੈ।






ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ 'ਚ ਗਠਿਤ ਸੂਬਾ ਚੋਣ ਕਮੇਟੀ ਵਿੱਚ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਪ੍ਰਤਾਪ ਸਿੰਘ ਬਾਜਵਾ, ਅੰਬਿਕਾ ਸੋਨੀ, ਮਨੀਸ਼ ਤਿਵਾੜੀ, ਸੁਖਜਿੰਦਰ ਸਿੰਘ ਰੰਧਾਵਾ, ਨਵਜੋਤ ਸਿੰਘ ਸਿੱਧੂ, ਸੁਖਪਾਲ ਸਿੰਘ ਖਹਿਰਾ, ਰਜਿੰਦਰ ਕੌਲ ਭੱਠਲ, ਰਵਨੀਤ ਸਿੰਘ ਬਿੱਟੂ, ਪਰਗਟ ਸਿੰਘ ਸਮੇਤ 27 ਵਿਅਕਤੀਆਂ ਦੇ ਨਾਂ ਸ਼ਾਮਲ ਹਨ। ਇਸ ਤੋਂ ਇਲਾਵਾ ਸੂਬਾ ਮਹਿਲਾ ਕਾਂਗਰਸ ਪ੍ਰਧਾਨ, ਸੂਬਾ ਯੂਥ ਕਾਂਗਰਸ ਪ੍ਰਧਾਨ, ਸੇਵਾ ਦਲ ਪ੍ਰਧਾਨ ਅਤੇ ਐੱਨ. ਐੱਸ. ਯੂ. ਆਈ. ਪ੍ਰਧਾਨ ਨੂੰ ਕਮੇਟੀ ਵਿੱਚ ਰੱਖਿਆ ਗਿਆ ਹੈ। ਇਸੇ ਤਰ੍ਹਾਂ ਉੱਤਰਾਖੰਡ ਪ੍ਰਦੇਸ਼ ਕਮੇਟੀ ਦੇ ਪ੍ਰਧਾਨ ਕਰਨ ਮਹਾਰਾ ਦੀ ਪ੍ਰਧਾਨਗੀ ਹੇਠ ਗਠਿਤ ਕਮੇਟੀ ਵਿੱਚ ਸਾਬਕਾ ਮੁੱਖ ਮੰਤਰੀ ਹਰੀਸ਼ ਰਾਵਤ, ਸੀਨੀਅਰ ਆਗੂ ਪ੍ਰੀਤਮ ਸਿੰਘ, ਯਸ਼ਪਾਲ ਆਰਿਆ, ਆਲ ਇੰਡੀਆ ਕਾਂਗਰਸ ਕਮੇਟੀ ਦੇ ਸੰਚਾਰ ਵਿਭਾਗ ਦੇ ਸਕੱਤਰ ਵੈਭਵ ਵਾਲੀਆ ਤੇ ਹੋਰ ਆਗੂਆਂ ਨੂੰ ਸ਼ਾਮਲ ਕੀਤਾ ਗਿਆ ਹੈ।

## ਜ਼ਿਮਨੀ ਚੋਣ ਮਗਰੋਂ ਅਕਾਲੀ-ਬਸਪਾ ਗਠਜੋੜ ਨੇ ਲਾਵਾਰਿਸ ਛੱਡਿਆ ਜਲੰਧਰ ਲੋਕ ਸਭਾ ਹਲਕਾ

ਜਲੰਧਰ/ਏ.ਟੀ.ਨਿਊਜ਼ : ਸਾਲ 2023 'ਚ ਜਲੰਧਰ ਲੋਕ ਸਭਾ ਸੀਟ ਤੋਂ ਜ਼ਿਮਨੀ ਚੋਣ ਹਾਰਨ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ-ਬਸਪਾ ਗੱਠਜੋੜ ਨੇ ਇਸ ਸੀਟ ਨੂੰ ਇਕਦਮ ਲਾਵਾਰਿਸ ਛੱਡ ਦਿੱਤਾ ਹੈ। ਖ਼ਾਸ ਕਰ ਕੇ ਜ਼ਿਮਨੀ ਚੋਣ ਦੇ ਉਮੀਦਵਾਰ ਡਾ. ਸੁਖਵਿੰਦਰ ਕੁਮਾਰ ਸੁੱਖੀ ਨੇ ਜ਼ਿਮਨੀ ਚੋਣ ਦੇ ਬਾਅਦ ਤੋਂ ਜਲੰਧਰ 'ਚ ਆਪਣੀ ਪੈਂਠ ਮਜ਼ਬੂਤ ਤਾਂ ਕੀ ਕਰਨੀ ਸੀ, ਉਹ ਤਾਂ ਜਲੰਧਰ 'ਚ ਪਾਰਟੀ ਜਾਂ ਕੋਈ ਆਪਣੀ ਸਰਗਰਮੀ ਕਰਨ 'ਚ ਨਾਕਾਮਯਾਬ ਰਹੇ ਹਨ। ਮੌਜੂਦਾ ਹਾਲਾਤ ਅਜਿਹੇ ਬਣ ਚੁੱਕੇ ਹਨ ਕਿ ਜਲੰਧਰ ਦੇ ਵਰਕਰਾਂ ਦੀ ਕੋਈ ਸਾਰ ਤੱਕ ਲੈਣ ਵਾਲਾ ਨਹੀਂ ਹੈ, ਜਿਸ ਕਾਰਨ ਵਰਕਰਾਂ ਅਤੇ ਲੋਕਾਂ ਵਿੱਚ ਨਿਰਾਸ਼ਾ ਦਾ ਮਾਹੌਲ ਬਣ ਚੁੱਕਾ ਤੇ ਰੋਸ ਦਿਨੋ-ਦਿਨ ਵਧਦਾ ਜਾ ਰਿਹਾ ਹੈ। ਦਰਅਸਲ ਜਲੰਧਰ ਸੀਟ 'ਤੇ ਪਿਛਲੇ ਸਾਲ ਜ਼ਿਮਨੀ ਚੋਣ 'ਚ ਆਮ ਆਦਮੀ ਪਾਰਟੀ ਨੇ ਆਪਣਾ ਕਬਜ਼ਾ ਜਮਾ ਲਿਆ ਸੀ, ਉਦੋਂ ਤੋਂ ਲੈ ਕੇ ਹੁਣ ਤਕ ਕਾਂਗਰਸ ਅਤੇ ਭਾਜਪਾ ਹੀ ਇਸ ਸੀਟ 'ਤੇ ਵਿਰੋਧੀ ਧਿਰ ਵਿੱਚ ਰਹਿ ਕੇ ਆਪਣੀਆਂ ਸਰਗਰਮੀਆਂ ਕਰ ਰਹੀਆਂ ਹਨ ਅਤੇ ਵੱਧ ਤੋਂ ਵੱਧ ਲੋਕਾਂ ਨੂੰ ਆਪਣੇ ਨਾਲ ਜੋੜ ਰਹੀਆਂ ਹਨ ਪਰ ਦੂਜੇ ਪਾਸੇ ਮੌਜੂਦਾ ਸਥਿਤੀ ਇਹ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਤਾਂ ਜ਼ਿਮਨੀ ਚੋਣ ਤੋਂ ਬਾਅਦ ਜਲੰਧਰ ਨੂੰ ਛੱਡ ਕੇ ਆਪਣੀ ਵਿਧਾਇਕੀ ਸੰਭਾਲਣ 'ਚ ਰੁੱਝੇ ਹੋਏ ਹਨ। ਸੂਤਰਾਂ ਦੀ ਮੰਨੀਏ ਤਾਂ ਜਿਸ ਸਮੇਂ ਲੋਕ ਸਭਾ ਦੀ ਜ਼ਿਮਨੀ ਚੋਣ ਦਾ ਬਿਗੁਲ ਵੱਜਿਆ, ਉਸ ਸਮੇਂ ਅਕਾਲੀ ਦਲ ਅਤੇ ਬਸਪਾ ਦੀ




ਸੀਨੀਅਰ ਲੀਡਰਸ਼ਿਪ ਨੇ ਡਾ. ਸੁਖਵਿੰਦਰ ਕੁਮਾਰ ਸੁੱਖੀ ਨੂੰ ਇਸ ਸੀਟ ਤੋਂ ਚੋਣ ਲੜਾਉਣ ਦਾ ਫੈਸਲਾ ਲਿਆ, ਜਦੋਂ ਕਿ ਪਾਰਟੀ ਕੋਲ ਉਨ੍ਹਾਂ ਤੋਂ ਵੱਡੇ ਅਤੇ ਤਜ਼ਰਬੇਕਾਰ ਆਗੂ ਵੀ ਸਨ ਪਰ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰ ਕੇ ਡਾ. ਸੁੱਖੀ ਨੂੰ ਚੋਣ ਲੜਾਉਣ ਲਈ ਰਾਜ਼ੀ ਕੀਤਾ ਗਿਆ। ਉਨ੍ਹਾਂ ਨੂੰ ਟਿਕਟ ਦਿਵਾਉਣ 'ਚ ਬਸਪਾ ਦੇ ਇੱਕ ਸਾਬਕਾ ਸੂਬਾ ਪ੍ਰਧਾਨ ਦਾ ਜ਼ੋਰ ਚੱਲ ਗਿਆ ਅਤੇ ਉਸਨੇ ਅਕਾਲੀ-ਬਸਪਾ ਗੱਠਜੋੜ ਦੇ ਆਗੂਆਂ ਨੂੰ ਭਰੋਸਾ ਦਿਵਾਇਆ ਸੀ ਕਿ ਜਿਸ ਤਰ੍ਹਾਂ 2019 ਦੀਆਂ ਲੋਕ ਸਭਾ ਚੋਣਾਂ 'ਚ ਬਲਵਿੰਦਰ ਕੁਮਾਰ ਨੇ 2 ਲੱਖ ਤੋਂ ਵੱਧ ਵੋਟਾਂ ਬਸਪਾ ਨੇ ਪੁਆਈਆਂ ਸਨ, ਉਸੇ ਤਰ੍ਹਾਂ ਇਸ ਚੋਣ 'ਚ ਵੀ ਉਮੀਦਵਾਰ ਇਸੇ ਤਰ੍ਹਾਂ ਜ਼ੋਰ-ਸ਼ੋਰ ਨਾਲ ਜਿਤਾਇਆ ਜਾਵੇਗਾ ਪਰ ਚੋਣ ਨਤੀਜੇ ਨੇ ਤਾਂ ਅਕਾਲੀ ਦਲ ਤੇ ਬਸਪਾ ਦੋਵਾਂ ਨੂੰ ਹਾਸ਼ੀਏ 'ਤੇ ਲਿਆ ਕੇ ਖੜ੍ਹਾ ਕਰ ਦਿੱਤਾ।

ਪਾਰਟੀ ਦੇ ਅੰਦਰੂਨੀ ਸੂਤਰਾਂ ਦੀ ਗੱਲ ਕੀਤੀ ਜਾਵੇ ਤਾਂ ਦੱਬੀ ਆਵਾਜ਼ 'ਚ ਪਾਰਟੀ ਦੇ ਕਿੰਨੇ ਹੀ ਆਗੂ ਡਾ. ਸੁੱਖੀ ਨੂੰ ਜਲੰਧਰ ਤੋਂ ਚੋਣ ਲੜਾਉਣ ਦੇ ਖ਼ਿਲਾਫ਼ ਸਨ ਕਿਉਂਕਿ ਇੱਕ ਤਾਂ ਉਹ ਬਸਪਾ ਤੋਂ ਆਏ ਸਨ, ਦੂਜਾ ਉਹ ਅਕਾਲੀ ਦਲ 'ਚ ਆਉਣ ਤੋਂ ਬਾਅਦ ਬੰਗਾ ਤੋਂ ਵਿਧਾਇਕ ਚੁਣੇ ਗਏ ਅਤੇ ਉਨ੍ਹਾਂ ਦਾ ਜਲੰਧਰ 'ਚ ਕੋਈ ਜਨਤਕ ਆਧਾਰ ਨਹੀਂ ਸੀ। ਜਲੰਧਰ ਦਾ ਇੱਕ ਵੱਡਾ ਹਿੱਸਾ ਸ਼ਹਿਰੀ ਹੈ, ਉਹ ਸ਼ਹਿਰੀ ਵੋਟਰਾਂ ਅਤੇ ਵਰਕਰਾਂ ਨੂੰ ਨਾਲ ਜੋੜਨ 'ਚ ਅਸਫ਼ਲ ਰਹੇ, ਜਦੋਂ ਕਿ ਉਨ੍ਹਾਂ ਦੀ ਜਗ੍ਹਾ ਪਾਰਟੀ ਦੇ ਕਈ ਹੋਰ ਸੀਨੀਅਰ ਆਗੂ ਸਨ, ਜਿਨ੍ਹਾਂ ਦਾ ਇਥੇ ਕਾਫੀ ਜਨਤਕ ਆਧਾਰ ਵੀ ਸੀ ਪਰ ਪਾਰਟੀ ਨੇ ਉਨ੍ਹਾਂ ਨੂੰ ਸਿਰੇ ਤੋਂ ਨਕਾਰ ਦਿੱਤਾ। ਸ਼੍ਰੋਮਣੀ ਅਕਾਲੀ ਦਲ-ਬਸਪਾ ਦੇ ਇਸੇ ਗਲਤ ਫੈਸਲੇ ਦੇ ਨਤੀਜੇ ਵਜੋਂ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਦੇ ਮੁਕਾਬਲੇ ਗੱਠਜੋੜ ਨੇ ਇਸ ਜ਼ਿਮਨੀ ਚੋਣ 'ਚ ਢਾਈ ਫੀਸਦੀ ਵੋਟ ਬੈਂਕ ਗੁਆ ਦਿੱਤਾ, ਜੋ ਕਿ ਬੇਹੱਦ ਚਿੰਤਾਜਨਕ ਹੈ। ਸੂਤਰਾਂ ਦੀ ਮੰਨੀਏ ਤਾਂ ਜਲੰਧਰ ਸੀਟ ਦੀ ਜ਼ਿਮਨੀ ਚੋਣ ਹਾਰਨ ਦੇ ਬਾਅਦ ਤੋਂ ਪਾਰਟੀ ਦੇ ਅੰਦਰ 2024 ਦੀਆਂ ਲੋਕ ਸਭਾ ਚੋਣਾਂ ਨੂੰ ਲੈ ਕੇ ਕਈ ਸਰਗਰਮੀਆਂ ਸ਼ੁਰੂ ਹੋ ਚੁੱਕੀਆਂ ਹਨ। ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਦੇ ਕਈ

(ਬਾਕੀ ਸਫ਼ਾ 31 'ਤੇ)

# ਹਰਿਆਣਾ ਤੇ ਦਿੱਲੀ ਸਿੱਖ ਗੁਰਦੁਆਰਾ ਕਮੇਟੀਆਂ ਨੇ ਜਥੇਦਾਰ ਭਾਈ ਕਾਉਂਕੇ ਨੂੰ 'ਫ਼ਖ਼ਰ-ਏ-ਕੌਮ' ਦਾ ਦਿੱਤਾ ਖ਼ਿਤਾਬ

ਚੰਡੀਗੜ੍ਹ/ ਏ.ਟੀ.ਨਿਊਜ਼ : ਹਰਿਆਣਾ ਅਤੇ ਦਿੱਲੀ ਦੀਆਂ ਗੁਰਦੁਆਰਾ ਸਿੱਖ ਮੈਨੇਜਮੈਂਟ ਕਮੇਟੀਆਂ ਵੱਲੋਂ 31 ਸਾਲ ਪਹਿਲਾਂ ਝੂਠੇ ਪੁਲਿਸ ਹਿਰਾਸਤ 'ਚ ਕੋਹ ਕੋਹ ਕੇ ਮਾਰੇ ਗਏ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਸਾਂਝੇ ਤੌਰ 'ਤੇ 'ਫ਼ਖ਼ਰ-ਏ-ਕੌਮ' ਦਾ ਖ਼ਿਤਾਬ ਨਾਢਾ ਸਾਹਿਬ ਵਿਖੇ ਕਰਵਾਏ ਵਿਸ਼ਾਲ ਸਮਾਗਮ 'ਚ ਪ੍ਰਦਾਨ ਕੀਤਾ ਗਿਆ। ਇਸ ਮੌਕੇ ਅਕਾਲ ਤਖ਼ਤ ਸਾਹਿਬ ਦੇ ਐਕਟਿੰਗ ਜਥੇਦਾਰ ਰਹੇ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਸਮੁੱਚੇ ਖ਼ਾਲਸਾ ਪੰਥ ਵੱਲੋਂ ਫ਼ਖ਼ਰ ਏ ਕੌਮ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਹ ਫ਼ਖ਼ਰ ਏ ਕੌਮ ਦਾ ਐਵਾਰਡ ਜਥੇਦਾਰ ਕਾਉਂਕੇ ਦੇ ਬੇਟੇ ਭਾਈ ਹਰੀ ਸਿੰਘ ਨੂੰ ਦੇ ਕੇ ਸਨਮਾਨਿਤ ਕੀਤਾ ਗਿਆ।

ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਦਸਵੀਂ, ਨਾਢਾ ਸਾਹਿਬ ਵਿਖੇ ਜਥੇਦਾਰ ਕਾਉਂਕੇ ਦੀ ਯਾਦ ਵਿੱਚ ਸ਼ਹੀਦੀ ਸਮਾਗਮ ਆਯੋਜਤ ਕੀਤਾ ਗਿਆ, ਜਿਥੇ ਜਥੇਦਾਰ ਦੇ ਵੱਡੇ ਸਪੁੱਤਰ ਹਰੀ ਸਿੰਘ ਨੇ ਹਰਿਆਣਾ-ਦਿੱਲੀ ਕਮੇਟੀਆਂ ਦੇ ਲੀਡਰਾਂ ਅਤੇ ਹੋਰ ਪਤਵੰਤੇ ਸਿੱਖਾਂ ਵੱਲੋਂ ਅਪਣੇ ਪਿਤਾ ਨੂੰ ਦਿੱਤੇ 'ਫ਼ਖ਼ਰ-ਏ-ਕੌਮ' ਸਨਮਾਨ ਨੂੰ ਜੈਕਾਰਿਆਂ ਦੀ ਗੂੰਜ ਵਿੱਚ ਸਵੀਕਾਰ ਕੀਤਾ।



ਸਿੱਖ ਨੁਮਾਇੰਦਿਆਂ ਦੇ ਇਕੱਠ ਵਿੱਚ ਇੱਕ ਮਤਾ ਪਾਸ ਹੋਇਆ ਕਿ ਸਾਰੀਆਂ ਸਿੱਖ ਜਥੇਬੰਦੀਆਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ ਨੂੰ ਲਿਖਤੀ ਅਪੀਲ ਕਰਨ ਕਿ ਵੱਡੇ ਬਾਦਲ ਨੂੰ ਦਿੱਤਾ 'ਫ਼ਖ਼ਰ-ਏ-ਕੌਮ' ਖ਼ਿਤਾਬ ਵਾਪਸ ਲਿਆ ਜਾਵੇ। ਇਸ ਸਮਾਗਮ ਵਿੱਚ ਸਰਬਸੰਮਤੀ ਨਾਲ ਇਹ ਮਤਾ ਵੀ ਪਾਸ ਹੋਇਆ ਕਿ ਮਰਹੂਮ ਬਾਦਲ ਨੇ ਮੁੱਖ ਮੰਤਰੀ ਦੀ ਹੈਸੀਅਤ ਵਿੱਚ ਜਥੇਦਾਰ ਕਾਉਂਕੇ ਨੂੰ ਪੁਲਿਸ ਹੱਥੋਂ 1993 ਵਿੱਚ ਮਾਰੇ ਜਾਣ ਦੀ ਉੱਚ ਪੱਧਰ ਸਰਕਾਰੀ ਜਾਂਚ ਤਾਂ ਕਰਵਾਈ, ਪਰ ਸੀਨੀਅਰ ਪੁਲਿਸ ਅਫ਼ਸਰ ਬੀ.ਪੀ. ਤਿਵਾੜੀ ਵੱਲੋਂ 1999 ਵਿੱਚ ਪੇਸ਼ ਕੀਤੀ ਜਾਂਚ ਰੀਪੋਰਟ ਨੂੰ ਦਬਾ ਕੇ ਹੀ ਰੱਖ ਲਿਆ। ਉਸ ਤੋਂ ਬਾਅਦ ਦੋ ਵਾਰ ਬਾਦਲ ਸਰਕਾਰਾਂ 2007 ਤੋਂ 2012 ਅਤੇ 2012 ਤੋਂ 2017 ਦੌਰਾਨ ਵੀ ਤਿਵਾੜੀ ਜਾਂਚ ਰੀਪੋਰਟ ਦਬਾਈ ਹੀ ਰੱਖੀ। ਇਸ ਕਰ ਕੇ, ਬਾਦਲ ਸਿੱਖ ਕੌਮ ਦਾ ਸਿਰਮੌਰ ਸਨਮਾਨ ਪ੍ਰਾਪਤ ਕਰਨ ਦਾ ਹੱਕਦਾਰ ਨਹੀਂ ਹੈ।

ਸਮਾਗਮ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਅਕਾਲੀ ਦਲ ਦੇ ਮੌਜੂਦਾ ਪ੍ਰਧਾਨ ਅਤੇ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਵੀ ਬਰਾਬਰ ਦੇ ਦੋਸ਼ੀ ਵਜੋਂ ਪੇਸ਼ ਕੀਤਾ ਅਤੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲ ਕੀਤੀ ਕਿ ਉਨ੍ਹਾਂ ਦੋਨਾਂ ਲੀਡਰਾਂ ਨੂੰ ਅਕਾਲ ਤਖ਼ਤ ਉੱਤੇ ਤਲਬ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਦੋਸ਼ੀ ਗਰਦਾਨਿਆ ਜਾਵੇ ਅਤੇ ਬਣਦੀ ਧਾਰਮਕ ਸਜ਼ਾ ਦਿਤੀ ਜਾਵੇ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਬਲਜੀਤ ਸਿੰਘ ਦਾਦੂਵਾਲ ਦੀ ਅਗਵਾਈ 'ਚ ਹੋਏ ਭਾਈ ਕਾਉਂਕੇ ਦੇ ਸ਼ਹੀਦੀ ਸਮਾਗਮ 'ਚ ਸ਼ਾਮਲ ਪੰਥਕ ਸ਼ਖਸੀਅਤਾਂ 'ਚ ਦਿਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ, ਸ. ਸੁਖਦੇਵ ਸਿੰਘ ਢੀਂਡਸਾ ਪ੍ਰਧਾਨ ਸ੍ਰੋਮਣੀ ਅਕਾਲੀ ਦਲ ਸੰਯੁਕਤ, ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ, ਭਾਈ ਮੋਹਕਮ ਸਿੰਘ, ਭੁਪਿੰਦਰ ਸਿੰਘ ਭੁੱਲਰ ਮੈਂਬਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਮਨਜੀਤ ਸਿੰਘ ਭੋਮਾ ਚੇਅਰਮੈਨ ਧਰਮ ਪ੍ਰਚਾਰ ਕਮੇਟੀ ਪੰਜਾਬ ਅਕਾਲੀ ਦਲ (1920 ) ਵੱਲੋਂ ਤਜਿੰਦਰ ਸਿੰਘ ਪੰਨੂ, ਸ਼੍ਰੋਮਣੀ ਕਮੇਟੀ ਮੈਂਬਰ ਕਰਨੈਲ ਸਿੰਘ ਪੰਜੋਲੀ, ਗੁਰਦੀਪ ਸਿੰਘ ਬਠਿੰਡਾ, ਬਲਵਿੰਦਰ ਸਿੰਘ, ਸਰਬਜੀਤ ਸਿੰਘ ਜੰਮੂ, ਦਿੱਲੀ ਕਮੇਟੀ ਸਤਨਾਮ ਸਿੰਘ ਮਨਾਵਾਂ ਸਰਬਜੀਤ ਸਿੰਘ ਸੋਹਲ, ਬਲਵੰਤ ਸਿੰਘ ਗੁਪਾਲਾ, ਸੰਤ ਚਰਨਜੀਤ ਸਿੰਘ ਜੱਸੋਵਾਲ, ਸੰਤ ਸਵਰਨਜੀਤ ਸਿੰਘ ਮਿਸਲ ਸ਼ਹੀਦਾਂ ਤਰਨਾ ਦਲ, ਭਾਈ ਨਵਤੇਜ ਸਿੰਘ ਕਾਉਣੀ ਮੈਂਬਰ ਸ਼੍ਰੋਮਣੀ ਕਮੇਟੀ, ਜਥੇਦਾਰ ਦੀਦਾਰ ਸਿੰਘ ਨਲਵੀ, ਸੁਦਰਸਨ ਸਿੰਘ ਸਹਿਗਲ ਅੰਬਾਲਾ ਮੈਂਬਰ ਹਰਿਆਣਾ ਕਮੇਟੀ ,ਪਰਮਜੀਤ ਸਿੰਘ ਸਹੌਲੀ ਤੇ ਗੁਰਨਾਮ ਸਿੰਘ ਸਿੱਧੂ ਅਤੇ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਪ੍ਰੋਫ਼ੈਸਰ ਸ਼ਾਮ ਸਿੰਘ, ਜਨਰਲ ਸਕੱਤਰ ਡਾ. ਖੁਸ਼ਹਾਲ ਸਿੰਘ ਦੇ ਨਾਂ ਵਰਨਣਯੋਗ ਹਨ।

## ਸਮਾਗਮ ਦੌਰਾਨ ਪਾਸ ਕੀਤੇ ਗੁਰਮਤੇ

1. ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ 'ਫਖਰ-ਏ-ਕੌਮ' ਪੰਥ ਰਤਨ' ਐਵਾਰਡ ਵਾਪਸ ਲੈਣਾ ।
2. ਜਥੇ. ਕਾਉਂਕੇ ਨੂੰ ਸ਼ਹੀਦ ਕਰਨ ਲਈ ਜ਼ਿੰਮੇਵਾਰ ਪੁਲਿਸ ਅਫ਼ਸਰਾਂ ਨੂੰ ਸਜ਼ਾ ਦਿਵਾਉਣ ਲਈ ਮੁੱਖ ਮੰਤਰੀ ਪੰਜਾਬ ਨੂੰ ਮਿਲਣ ਦਾ ਫ਼ੈਸਲਾ
3. 10 ਫਰਵਰੀ, 2024 ਨੂੰ ਸ੍ਰੀ ਗੁਰੂ ਤੇਗ ਬਹਾਦਰ ਨਗਰ ਜਲੰਧਰ 'ਚ ਪੰਥਕ ਨੁਮਾਇੰਦਿਆਂ ਦਾ ਇਕੱਠ ਕਰਨ ਦਾ ਮਤਾ ਪਾਸ।
4. ਤਿਵਾੜੀ ਜਾਂਚ ਰਿਪੋਰਟ ਨੂੰ ਦੱਬ ਕੇ ਰੱਖਣ ਦੇ ਦੋਸ਼ 'ਚ ਕੈਪਟਨ ਅਮਰਿੰਦਰ ਸਿੰਘ ਅਤੇ ਸੁਖਬੀਰ ਸਿੰਘ ਬਾਦਲ ਨੂੰ ਸ੍ਰੀ । ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰਕੇ ਸਜ਼ਾ ਲਗਾਉਣ ਦੀ ਮੰਗ ।
5. ਦੇਸ਼-ਵਿਦੇਸ਼ ਦੇ ਗੁਰਦੁਆਰਾ ਸਾਹਿਬਾਨ ਦੀਆਂ ਗੁਰਦੁਆਰਾ ਕਮੇਟੀਆਂ ਨੂੰ ਅਪੀਲ ਕੀਤੀ ਗਈ ਕਿ ਉਹ ਪ੍ਰਕਾਸ਼ ਸਿੰਘ ਬਾਦਲ ਤੋਂ 'ਫ਼ਖਰ-ਏ-ਕੌਮ' ਪੰਥ ਰਤਨ ਐਵਾਰਡ ਵਾਪਸ ਲੈਣ ਸਬੰਧੀ ਮਤੇ ਪਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਭੇਜਣ।

# ਹਰ ਸਿੱਖ ਵੋਟ ਬਣਾਉਣ ਦੀ ਨਿਭਾਏ ਜ਼ਿੰਮੇਵਾਰੀ: ਐਡਵੋਕੇਟ ਧਾਮੀ

## ਸ਼੍ਰੋਮਣੀ ਕਮੇਟੀ ਚੋਣਾਂ ਲਈ ਵੋਟਾਂ ਬਣਾਉਣ ਦੀ ਢਿੱਲੀ ਸਰਕਾਰੀ ਪ੍ਰਕਿਰਿਆ 'ਤੇ ਪ੍ਰਗਟਾਈ ਡੂੰਘੀ ਚਿੰਤਾ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲਈ ਵੋਟਾਂ ਬਣਾਉਣ ਦੀ ਚੱਲ ਰਹੀ ਮੱਠੀ ਪ੍ਰਕਿਰਿਆ 'ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਆਖਿਆ ਹੈ ਕਿ ਸਾਡੇ ਵਡੇਰਿਆਂ ਦੀਆਂ ਕੁਰਬਾਨੀਆਂ ਨਾਲ ਹੋਂਦ ਵਿੱਚ ਆਈ ਸੰਸਥਾ ਸ਼੍ਰੋਮਣੀ ਕਮੇਟੀ ਨੂੰ ਸਮਰੱਥ ਸਿੱਖ ਸੰਸਥਾ ਵਜੋਂ ਕਾਇਮ-ਦਾਇਮ ਰੱਖਣ ਅਤੇ ਦੇਸ਼ 'ਚ ਇੱਕ ਘੱਟ-ਗਿਣਤੀ ਕੌਮ ਵਜੋਂ ਸਿੱਖਾਂ ਦੇ ਸਰਬਪੱਖੀ ਹਿਤਾਂ ਦੀ ਸੁਰੱਖਿਆ ਲਈ ਹਰੇਕ ਸਿੱਖ ਨੂੰ ਗੁਰਦੁਆਰਾ ਚੋਣ ਲਈ ਆਪਣੀ ਵੋਟ ਜ਼ਰੂਰ ਬਣਾਉਣੀ ਚਾਹੀਦੀ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਸਰਕਾਰਾਂ ਦੀ ਮਨਸ਼ਾ ਤਾਂ ਪਹਿਲਾਂ ਹੀ ਇਹੀ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਕਮਜ਼ੋਰ ਕੀਤਾ ਜਾਵੇ, ਜਿਸ ਕਰਕੇ ਸ਼੍ਰੋਮਣੀ ਕਮੇਟੀ ਚੋਣਾਂ ਲਈ ਵੋਟਾਂ ਬਣਾਉਣ ਦੀ ਸਰਕਾਰੀ ਪ੍ਰਕਿਰਿਆ ਸਹੀ ਅਤੇ ਸਰਗਰਮ ਰੂਪ ਵਿੱਚ ਨਹੀਂ ਚਲਾਈ ਜਾ ਰਹੀ। ਪਹਿਲਾਂ ਸ਼੍ਰੋਮਣੀ ਕਮੇਟੀ ਵੋਟਾਂ ਬਣਾਉਣ ਦੇ ਫਾਰਮ ਵਿੱਚ ਸਿੱਖ ਦੀ ਪਰਿਭਾਸ਼ਾ ਵਿੱਚ ਗੜਬੜੀ ਕੀਤੀ



ਗਈ ਸੀ, ਜਿਸ ਨੂੰ ਸਿੱਖ ਸੰਸਥਾਵਾਂ ਦੁਆਰਾ ਵਿਰੋਧ ਦਰਜ ਕਰਵਾਉਣ ਤੋਂ ਬਾਅਦ ਠੀਕ ਕੀਤਾ ਗਿਆ ਪਰ ਹੁਣ ਵੀ ਸੂਚਨਾਵਾਂ ਮਿਲ ਰਹੀਆਂ ਹਨ ਕਿ ਬਹੁਤ ਸਾਰੀਆਂ ਥਾਵਾਂ 'ਤੇ ਗੁਰਦੁਆਰਾ ਚੋਣਾਂ ਲਈ ਗੈਰ-ਸਿੱਖਾਂ ਦੀਆਂ ਵੋਟਾਂ ਬਣਾਈਆਂ ਜਾ ਰਹੀਆਂ ਹਨ। ਉਨ੍ਹਾਂ ਸਪੱਸ਼ਟ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਵੋਟਰ ਦੀ ਯੋਗਤਾ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਦੇ ਧਾਰਨੀ ਸਾਬਤ-ਸੂਰਤ 'ਸਿੱਖ' ਹੋਣਾ ਲਾਜ਼ਮੀ ਹੈ। ਜੇਕਰ ਗੁਰਦੁਆਰਾ ਚੋਣਾਂ ਲਈ ਗੈਰ-ਸਿੱਖਾਂ ਦੇ ਵੋਟਰ ਫਾਰਮ ਭਰੇ ਜਾਂਦੇ ਹਨ ਤਾਂ ਇਹ ਸਿੱਧੇ ਤੌਰ 'ਤੇ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਬਾਹਰੀ ਦਖ਼ਲ ਦੇ ਰਾਹ ਖੋਲ੍ਹਣ ਦਾ ਗੁੱਝਾ ਸਰਕਾਰੀ ਯਤਨ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੋਟਾਂ ਬਣਾਉਣ ਦੇ ਫਾਰਮ ਜਮ੍ਹਾਂ ਕਰਵਾਉਣ ਦੀ ਆਖ਼ਰੀ ਮਿਤੀ 29 ਫਰਵਰੀ ਹੈ ਪਰ ਅਜੇ ਤੱਕ ਵੋਟਾਂ ਬਣਾਉਣ ਦਾ ਰੁਝਾਨ ਨਿਰਾਸ਼ਾਜਨਕ ਹੈ। ਜੇਕਰ ਇਸ ਵਾਰ 2011 ਦੀਆਂ ਚੋਣਾਂ ਨਾਲੋਂ ਘੱਟ ਵੋਟਾਂ ਬਣੀਆਂ ਤਾਂ ਸਿੱਖਾਂ ਦੀ ਗਿਣਤੀ ਦੇ ਅਧਿਕਾਰਤ ਅੰਕੜਿਆਂ ਵਿੱਚ ਵੱਡੀ ਗੜਬੜੀ ਪੈਦਾ ਹੋਵੇਗੀ, ਜੋ ਭਾਰਤ ਅੰਦਰ ਇੱਕ ਘੱਟ-ਗਿਣਤੀ ਕੌਮ ਵਜੋਂ ਸਿੱਖਾਂ ਦੀ ਰਾਜਨੀਤਕ, ਸਮਾਜਿਕ ਅਤੇ ਭੂਗੋਲਿਕ ਦਸ਼ਾ ਤੇ ਦਿਸ਼ਾ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰੇਗੀ। ਇਸ ਕਰਕੇ ਹਰੇਕ ਸਾਬਤ-ਸੂਰਤ ਸਿੱਖ ਸ਼੍ਰੋਮਣੀ ਕਮੇਟੀ ਚੋਣਾਂ ਲਈ ਆਪਣੀ ਅਹਿਮ ਕੌਮੀ ਜ਼ਿੰਮੇਵਾਰੀ ਨੂੰ ਸਮਝਦਿਆਂ ਆਪਣੀ ਅਤੇ ਆਪਣੇ ਪਰਿਵਾਰ ਦੀ ਵੋਟ ਜ਼ਰੂਰ ਬਣਾਵੇ।

# ਪੰਜਾਬ ਦੇ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਵੋਕੇਸ਼ਨਲ ਵਿਸ਼ੇ ਦੇ ਕਰਵਾਏ ਜਾਣਗੇ ਕੋਰਸ

## 74 ਸਕੂਲਾਂ ਵਿੱਚ 82 ਲੈਬਾਂ ਬਣਾਉਣ ਦੀ ਦਿੱਤੀ ਮਨਜ਼ੂਰੀ

ਚੰਡੀਗੜ੍ਹ/ਏ.ਟੀ.ਨਿਊਜ਼ : ਹੁਣ ਪੰਜਾਬ ਦੇ ਸਕੂਲਾਂ ਵਿੱਚ ਸਮੇਂ ਦੀ ਲੋੜ ਅਨੁਸਾਰ ਵਿਦਿਆਰਥੀਆਂ ਨੂੰ ਵੋਕੇਸ਼ਨਲ ਵਿਸ਼ੇ ਦੇ ਕੋਰਸ ਕਰਵਾਏ ਜਾਣਗੇ।

ਸਕੂਲ ਬੈਂਕਿੰਗ ਅਤੇ ਬੀਮਾ, ਸੁੰਦਰਤਾ ਅਤੇ ਤੰਦਰੁਸਤੀ, ਪ੍ਰਚੂਨ, ਸੈਰ-ਸਪਾਟਾ, ਫੂਡ ਪ੍ਰੋਸੈਸਿੰਗ, ਖੇਤੀਬਾੜੀ, ਆਈ.ਟੀ., ਸਰੀਰਕ ਸਿੱਖਿਆ ਵਰਗੇ ਕੋਰਸਾਂ 'ਤੇ ਧਿਆਨ ਕੇਂਦਰਿਤ ਕਰਨਗੇ। ਇਨ੍ਹਾਂ ਖੇਤਰਾਂ ਦੀਆਂ ਬਾਰੀਕੀਆਂ ਨੂੰ ਸਿਖਾਉਣ ਲਈ, ਰਾਜ ਦੇ 74 ਸਕੂਲਾਂ ਵਿੱਚ ਸਥਾਪਤ ਕਰਨ ਲਈ 82 ਲੈਬਾਂ ਦੀ ਚੋਣ ਕੀਤੀ ਗਈ ਹੈ।

ਇਹ ਲੈਬਾਂ ਕੇਂਦਰ ਸਰਕਾਰ ਤੋਂ ਮਨਜ਼ੂਰਸ਼ੁਦਾ ਸਕੂਲਾਂ ਵਿੱਚ ਸਥਾਪਿਤ ਕੀਤੀਆਂ ਜਾਣਗੀਆਂ। ਇਸ ਦੇ ਨਾਲ ਹੀ ਲੈਬ ਲਈ ਸਾਮਾਨ ਖਰੀਦਣ ਲਈ ਸਕੂਲ ਪ੍ਰਬੰਧਕ ਕਮੇਟੀ ਦੀ ਛੇ ਮੈਂਬਰੀ ਕਮੇਟੀ ਬਣਾਈ ਜਾਵੇਗੀ। ਇਸ ਵਿੱਚ ਸਕੂਲ ਪ੍ਰਿੰਸੀਪਲ ਚੇਅਰਮੈਨ, ਇੱਕ ਮਹਿਲਾ ਅਧਿਆਪਕ, ਵੋਕੇਸ਼ਨਲ ਟ੍ਰੇਨਰ ਅਤੇ ਇੱਕ ਸੀਨੀਅਰ ਅਧਿਕਾਰੀ ਮੈਂਬਰ ਹੋਣਗੇ। ਸਿੱਖਿਆ ਮੰਤਰੀ ਹਰਜੋਤ ਬੈਂਸ ਵੱਲੋਂ ਇਹ ਹੁਕਮ ਜਾਰੀ ਕੀਤੇ ਗਏ ਹਨ।

# ਪੰਜਾਬ 'ਚ ਹੁਣ 'ਨਾਰੀਅਲ ਪਾਣੀ' ਹੋਵੇਗਾ ਮਹਿੰਗਾ !

## ਨਾਰੀਅਲ ਪਾਣੀ ਵੇਚਣ ਲਈ ਹਰ ਸਾਲ 2 ਲੱਖ ਰੁਪਏ ਦੀ ਕਰਨੀ ਪਵੇਗੀ ਅਦਾਇਗੀ

ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬ 'ਚ ਨਾਰੀਅਲ ਪਾਣੀ ਵੇਚਣਾ ਹੁਣ ਸੌਖਾ ਨਹੀਂ ਹੈ ਕਿਉਂਕਿ ਨਾਰੀਅਲ ਪਾਣੀ ਵੇਚਣ ਵਾਲਿਆਂ ਨੂੰ ਹੁਣ 'ਨਾਰੀਅਲ ਟੈਕਸ' ਲੱਗਣ ਜਾ ਰਿਹਾ ਹੈ। ਇਨ੍ਹਾਂ ਲੋਕਾਂ ਨੂੰ ਹੁਣ ਨਾਰੀਅਲ ਪਾਣੀ ਵੇਚਣ ਲਈ ਹਰ ਸਾਲ 2 ਲੱਖ ਰੁਪਏ ਦੀ ਅਦਾਇਗੀ ਕਰਨੀ ਪਵੇਗੀ। ਜੋ ਵੀ ਵਿਅਕਤੀ ਇਹ ਅਦਾਇਗੀ ਨਹੀਂ ਕਰੇਗਾ, ਉਸ ਨੂੰ ਨਾਰੀਅਲ ਪਾਣੀ ਵੇਚਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਦੱਸਿਆ ਜਾ ਰਿਹਾ ਹੈ ਕਿ ਇਹ ਸ਼ੁਰੂਆਤ ਪੰਜਾਬ ਦੇ ਮੋਹਾਲੀ ਜ਼ਿਲ੍ਹੇ ਤੋਂ ਹੋਣ ਜਾ ਰਹੀ ਹੈ। ਇੱਥੇ ਸਰਕਾਰ ਵਲੋਂ ਨਾਰੀਅਲ ਪਾਣੀ ਵੇਚਣ ਲਈ 43 ਸਾਈਟਾਂ ਦੀ ਚੋਣ ਕਰ ਲਈ ਗਈ ਹੈ ਅਤੇ ਇਨ੍ਹਾਂ ਸਾਈਟਾਂ 'ਤੇ ਨਾਰੀਅਲ ਪਾਣੀ ਵੇਚਣ ਲਈ ਬਕਾਇਦਾ ਨਗਰ ਨਿਗਮ ਮੋਹਾਲੀ ਵੱਲੋਂ ਪ੍ਰਵਾਨਗੀ ਦਿੰਦੇ ਹੋਏ ਹਰ ਸਾਲ 2 ਲੱਖ ਰੁਪਏ ਲਏ ਜਾਣਗੇ।



ਇਹ ਵੀ ਦੱਸਿਆ ਜਾ ਰਿਹਾ ਹੈ ਕਿ ਮੋਹਾਲੀ 'ਚ ਹੁਣ ਕਿਸੇ ਵੀ ਸੜਕ 'ਤੇ ਨਾਰੀਅਲ ਪਾਣੀ ਵੇਚਣ ਦੀ ਮਨਜ਼ੂਰੀ ਨਹੀਂ ਦਿੱਤੀ ਜਾਵੇਗੀ। ਸੂਤਰਾਂ ਮੁਤਾਬਕ ਪਤਾ ਲੱਗਿਆ ਹੈ ਕਿ ਲੋਕਾਂ ਵੱਲੋਂ ਨਾਰੀਅਲ ਪਾਣੀ ਪੀਣ ਦੇ ਕਰੇਜ਼ ਨੂੰ ਦੇਖਦੇ ਹੋਏ ਸਥਾਨਕ ਸਰਕਾਰਾਂ ਬਾਰੇ ਵਿਭਾਗ ਅਧੀਨ ਆਉਂਦੇ ਨਗਰ ਨਿਗਮ ਮੋਹਾਲੀ ਇਹ ਫ਼ੈਸਲਾ ਲਿਆ ਗਿਆ ਹੈ, ਜਿਸ ਨਾਲ ਨਿਗਮ ਨੂੰ ਮੋਟੀ ਕਮਾਈ ਹੋਵੇਗੀ।

ਦੱਸ ਦੇਈਏ ਕਿ ਮੋਹਾਲੀ 'ਚ ਇਸ ਵੇਲੇ 50 ਤੋਂ ਜ਼ਿਆਦਾ ਥਾਵਾਂ 'ਤੇ ਨਾਰੀਅਲ ਪਾਣੀ ਵੇਚਣ ਵਾਲਿਆਂ ਵੱਲੋਂ ਰੋਜ਼ਾਨਾ ਵੱਡੇ ਪੱਧਰ 'ਤੇ ਨਾਰੀਅਲ ਪਾਣੀ ਵੇਚਿਆ ਜਾ ਰਿਹਾ ਹੈ ਪਰ ਇਨ੍ਹਾਂ ਕੋਲ ਨਾਰੀਅਲ ਪਾਣੀ ਵੇਚਣ ਦੀ ਕੋਈ ਮਨਜ਼ੂਰੀ ਨਹੀਂ ਹੈ। ਉਕਤ ਲੋਕ ਸੜਕ ਕਿਨਾਰੇ ਗੈਰ-ਕਾਨੂੰਨੀ ਤਰੀਕੇ ਨਾਲ ਹੀ ਰੇਹੜੀਆਂ 'ਤੇ ਨਾਰੀਅਲ ਪਾਣੀ ਵੇਚ ਰਹੇ ਹਨ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਨਗਰ ਨਿਗਮ ਮੋਹਾਲੀ ਦੇ ਇਸ ਫ਼ੈਸਲੇ ਮਗਰੋਂ ਨਾਰੀਅਲ ਪਾਣੀ ਕਾਫ਼ੀ ਜ਼ਿਆਦਾ ਮਹਿੰਗਾ ਹੋ ਜਾਵੇਗਾ, ਜਿਸ ਕਾਰਨ ਆਮ ਜਨਤਾ ਨੂੰ ਹੁਣ ਸਿਹਤ ਲਈ ਜ਼ਰੂਰੀ ਮੰਨੇ ਜਾਣ ਵਾਲੇ ਨਾਰੀਅਲ ਪਾਣੀ ਲਈ ਜ਼ਿਆਦਾ ਪੈਸੇ ਦੇਣੇ ਪੈਣਗੇ।

ਕੌਮਾਂਤਰੀ
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

31 ਜਨਵਰੀ ਤੋਂ 6 ਫਰਵਰੀ, 2024

## ਪੰਜਾਬ ਦੀ ਧਰਤੀ ਅਤੇ ਕਾਰਖ਼ਾਨਿਆਂ ਦਾ ਪ੍ਰਦੂਸ਼ਣ

ਪੰਜਾਬ ਦੇ ਨਾਲ ਪ੍ਰਦੂਸ਼ਣ ਦਾ ਮਸਲਾ ਅਕਸਰ ਜੋੜ ਕੇ ਦੇਖਿਆ ਜਾਂਦਾ ਹੈ। ਕਿਸਾਨਾਂ ਦੁਆਰਾ ਸਾੜੀ ਜਾਂਦੀ ਪਰਾਲੀ ਅਕਸਰ ਸਵਾਲਾਂ ਵਿੱਚ ਆਉਂਦੀ ਰਹਿੰਦੀ ਹੈ, ਕਾਰਨ ਇਹ ਹੋ ਸਕਦਾ ਹੈ ਕਿ ਪਰਾਲੀ ਕਿਸਾਨਾਂ ਦੁਆਰਾ ਸਾੜੀ ਜਾਂਦੀ ਹੈ ਅਤੇ ਕਿਸਾਨ ਬਹੁਤੇ ਕਰਕੇ ਆਪਣੀ ਆਮਦਨੀ ਦਾ ਹਿੱਸਾ ਸਰਕਾਰ ਨੂੰ ਕਰ ਵਜੋਂ ਜਮ੍ਹਾ ਨਹੀਂ ਕਰਵਾਉਂਦੇ। ਸ਼ਾਇਦ ਇਹੋ ਵਜ੍ਹਾ ਹੋਵੇ ਕਿ ਸਰਕਾਰ ਖੇਤੀ ਦੇ ਕਿੱਤੇ ਨੂੰ ਕਰ ਦੇਣ ਵਾਲੇ ਹਿੱਸੇ ਵਿੱਚ ਤਬਦੀਲ ਕਰਨ ਦੇ ਯਤਨਾਂ ਵਿੱਚ ਖੇਤੀ ਨੂੰ ਨਿੱਜੀ ਕੰਪਨੀਆਂ ਦੇ ਹੱਥਾਂ ਵਿੱਚ ਸੌਂਪਣ ਦੀ ਕੋਸ਼ਿਸ਼ ਵਿੱਚ ਰਹਿੰਦੀ ਹੈ। ਇਸੇ ਯਤਨਾਂ ਵਜੋਂ ਪੰਜਾਬ ਦੀ ਖੇਤੀ ਯੋਗ ਉਪਜਾਊ ਜ਼ਮੀਨ ਨੂੰ ਕਾਰਖ਼ਾਨਿਆਂ ਹੇਠ ਲਿਆਉਣ ਦੀ ਕੋਸ਼ਿਸ਼ ਵੀ ਕੀਤੀ ਜਾਂਦੀ ਹੈ।

ਪੰਜਾਬ ਦੇ ਪ੍ਰਦੂਸ਼ਣ ਕਾਬੂ ਕਰ ਬੋਰਡ ਨੇ ਕਾਰਖ਼ਾਨਿਆਂ ਨੂੰ ਲਾਲ, ਸੰਤਰੀ, ਹਰੀ ਅਤੇ ਚਿੱਟੀ ਸ਼੍ਰੇਣੀ ਵਿੱਚ ਰੱਖਿਆ ਹੋਇਆ ਹੈ, ਜਿਸ ਵਿੱਚ ਖੰਡ, ਕੱਪੜਾ ਰੰਗਣ, ਥਰਮਲ ਪਲਾਂਟ, ਦਵਾਈਆਂ ਅਤੇ ਸਟੀਲ ਵਾਲੇ ਕਾਰਖ਼ਾਨੇ ਲਾਲ ਸ਼੍ਰੇਣੀ ਵਿੱਚ ਰੱਖੇ ਹਨ, ਸੰਤਰੀ ਰੰਗ ਦੀ ਸ਼੍ਰੇਣੀ ਵਿੱਚ ਫਲਾਂ, ਸਬਜ਼ੀਆਂ ਨਾਲ ਸਬੰਧਿਤ ਕਾਰਖ਼ਾਨੇ, ਚਾਹ ਅਤੇ ਕਾਫ਼ੀ ਬਣਾਉਣ ਦੇ ਕਾਰਖ਼ਾਨੇ ਆਉਂਦੇ ਹਨ ਜਿਹੜੇ ਕਿ ਹਵਾ, ਪਾਣੀ, ਮਿੱਟੀ ਅਤੇ ਜ਼ਮੀਨੀ ਪਾਣੀ ਦਾ ਵੱਡੀ ਪੱਧਰ ’ਤੇ ਨੁਕਸਾਨ ਕਰਦੇ ਹਨ ਅਤੇ ਪ੍ਰਦੂਸ਼ਨ ਫੈਲਾਉਂਦੇ ਹਨ, ਚਿੱਟੇ ਅਤੇ ਹਰੇ ਰੰਗ ਦੀ ਸ਼੍ਰੇਣੀ ਵਾਲੇ ਕਾਰਖ਼ਾਨੇ ਬਹੁਤ ਥੋੜ੍ਹੇ ਤੋਂ ਕੁਝ ਹੱਦ ਤੱਕ ਪ੍ਰਦੂਸ਼ਨ ਫੈਲਾਉਂਦੇ ਹਨ। ਪ੍ਰਦੂਸ਼ਣ ਕਾਬੂ ਕਰ ਬੋਰਡ ਵੱਲੋਂ ਅਜਿਹੀ ਵੰਡ ਬਿਨਾਂ ਕਿਸੇ ਵਾਤਾਵਰਣ ਨੁਕਸਾਨ ਤੋਂ ਮਨੁੱਖੀ ਵਿਕਾਸ ਦਾ ਰਾਹ ਖੋਲ੍ਹਣ ਦੇ ਲਈ ਕੀਤੀ ਗਈ ਹੈ। ਪੰਜਾਬ ਦਾ ਖਿੱਤਾ ਜ਼ਰਖੇਸ ਮਿੱਟੀ ਅਤੇ ਕੁਦਰਤੀ ਸਾਫ਼ ਪੀਣ ਵਾਲੇ ਪਾਣੀ ਦਾ ਖਿੱਤਾ ਹੈ, ਇਹ ਮੈਦਾਨੀ ਇਲਾਕਾ ਸਾਫ਼ ਸੁਥਰੇ ਪੌਣ ਪਾਣੀ ਵਾਲਾ ਹੈ। ਇਥੇ ਜ਼ਿਆਦਾਤਰ ਕਾਰਖ਼ਾਨੇ ਲਾਲ ਸ਼੍ਰੇਣੀ ਦੇ ਹੀ ਲੱਗਦੇ ਹਨ, ਉਹ ਵੀ ਸਰਕਾਰ ਵੱਲੋਂ ਆਪਣੇ ਬਣਾਏ ਨਿਯਮਾਂ ਦੀ ਅਣਦੇਖੀ ਕਰਕੇ, ਨਿਯਮ ਇਹ ਹੈ ਕਿ ਲਾਲ ਸ਼੍ਰੇਣੀ ਵਿੱਚ ਆਉਣ ਵਾਲਾ ਕੋਈ ਵੀ ਕਾਰਖਾਨਾ ਉਸ ਇਲਾਕੇ ਵਿੱਚ ਨਹੀਂ ਲੱਗ ਸਕਦਾ ਜਿਥੇ ਕੁਦਰਤ ਅਤੇ ਪੌਣ ਪਾਣੀ ਨੂੰ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਪਹੁੰਚਦਾ ਹੋਵੇ।

ਪਿਛਲੇ ਸਾਲ ਮੱਤੇਵਾੜਾ ਜੰਗਲ ਦਾ ਇਲਾਕਾ ਲਾਲ ਸ਼੍ਰੇਣੀ ਦੇ ਕਾਰਖ਼ਾਨਿਆਂ ਦੇ ਲਈ ਰਾਖਵਾਂ ਕੀਤਾ ਗਿਆ ਸੀ, ਜਦਕਿ ਉਹ ਇਲਾਕਾ ਦਰਿਆ ਸਤਲੁਜ ਦੇ ਨਾਲ ਲੱਗਦਾ ਅਤੇ ਵਾਤਾਵਰਣ ਪੱਖੋਂ ਅਮੀਰ ਇਲਾਕਾ ਹੈ, ਪੰਜਾਬ ਦੇ ਲੋਕਾਂ ਦੁਆਰਾ ਸਖ਼ਤ ਘਾਲਣਾ ਦੇ ਚੱਲਦਿਆਂ ਰੱਦ ਕਰਵਾ ਦਿੱਤਾ ਗਿਆ ਸੀ। ਹੁਣ ਸਰਕਾਰ ਵੱਲੋਂ ਦੁਬਾਰਾ ਤੋਂ ਫਤਿਹਗੜ੍ਹ ਸਾਹਿਬ ਦੇ ਇਲਾਕੇ ਵਿੱਚ ਦਵਾਈਆਂ ਦਾ ਕਾਰਖਾਨਾ ਲਗਾਉਣ ਲਈ 133 ਏਕੜ ਜ਼ਮੀਨ ਰੋਕੇ ਜਾਣ ਦਾ ਅਨੁਮਾਨ ਹੈ। ਜਦਕਿ ਲਾਲ ਸ਼੍ਰੇਣੀ ਵਿੱਚ ਆਉਣ ਵਾਲੇ ਇਸ ਕਾਰਖ਼ਾਨੇ ਨੇ ਫਤਿਹਗੜ੍ਹ ਸਾਹਿਬ ਦਾ ਪੌਣ ਪਾਣੀ ਬਹੁਤ ਖਰਾਬ ਕਰ ਦੇਣਾ ਹੈ।

ਕਾਰਖ਼ਾਨੇ ਉਸ ਜ਼ਮੀਨ ਵਿੱਚ ਲਗਾਉਣੇ ਹੀ ਉਚਿਤ ਹਨ, ਜਿਥੇ ਦੀ ਜ਼ਮੀਨ ਬੇਅਬਾਦ ਹੋਵੇ, ਆਸ ਪਾਸ ਵਸੋਂ ਨਾ ਹੋਵੇ। ਪੰਜਾਬ ਦੀ ਉਪਜਾਊ ਧਰਤੀ ਜਿਹੜੀ ਕਿ ਪਹਿਲਾਂ ਹੀ ਲੋਕਾਈ ਲਈ ਅਥਾਹ ਅੰਨ ਪੈਦਾ ਕਰ ਰਹੀਂ ਹੈ, ਓਥੇ ਦੀ ਜਮੀਨ ਨੂੰ ਕਾਰਖ਼ਾਨੇ ਲਗਾ ਕੇ ਬੇਅਬਾਦ ਕਰ ਦੇਣਾ ਕਿਥੋਂ ਦੀ ਸਿਆਣਪ ਹੈ? ਕਾਰਖ਼ਾਨੇ ਵੀ ਇਸ ਸ਼ਰਤ ’ਤੇ ਲੱਗਣੇ ਚਾਹੀਦੇ ਹਨ ਕਿ ਕਾਰਖ਼ਾਨਿਆਂ ਦਾ ਪੌਣ ਪਾਣੀ ਨੂੰ ਕੋਈ ਨੁਕਸਾਨ ਜਾਂ ਘੱਟ ਤੋਂ ਘੱਟ ਨੁਕਸਾਨ ਹੋਵੇ, ਲੋਕਾਂ ਦੀ ਸਿਹਤ ਦਾ ਨੁਕਸਾਨ ਨਾ ਹੋਵੇ।

ਪੰਜਾਬ ਦੇ ਇਸ ਖ਼ਿੱਤੇ ਵਿੱਚ ਜੇਕਰ ਕਾਰਖ਼ਾਨੇ ਲਗਾਉਣੇ ਵੀ ਹਨ ਤਾਂ ਸਰਕਾਰਾਂ ਦੀ ਪਹਿਲੀ ਪਸੰਦ ਲਾਲ ਸ਼੍ਰੇਣੀ ਵਾਲੇ ਕਾਰਖ਼ਾਨੇ ਹੀ ਕਿਉਂ ਹਨ, ਇੱਕ ਪਾਸੇ ਸਰਕਾਰ ਬਿਮਾਰੀਆਂ ਤੋਂ ਲੋਕਾਂ ਨੂੰ ਬਚਾਉਣ ਲਈ ਨਵੇਂ ਹਸਪਤਾਲ ਖੋਲ੍ਹਣ ਦੇ ਦਾਅਵੇ ਕਰ ਰਹੀ ਹੈ, ਫੇਰ ਦੂਜੇ ਪਾਸੇ ਬਿਮਾਰੀਆਂ ਫੈਲਾਉਣ ਵਾਲੇ ਕਾਰਖ਼ਾਨੇ ਕਿਉਂ ਲਗਾ ਰਹੀ ਹੈ। ਸਰਕਾਰ ਗਿਣ ਮਿਥ ਕੇ ਹਸਪਤਾਲਾਂ ਲਈ ਗਾਹਕ ਕਿਉਂ ਤਿਆਰ ਕਰ ਰਹੀ ਹੈ? ਹਾਲ ਦੀ ਘੜੀ ਇਹ ਜ਼ਰੂਰਤ ਬਣ ਗਈ ਹੈ ਕਿ ਲੋਕ ਇਕੱਠੇ ਹੋਣ, ਜਾਗਰੂਕ ਹੋਣ, ਜਥੇਬੰਦ ਹੋਣ ਤੇ ਆਪਣੇ ਵਾਤਾਵਰਣ ਨੂੰ ਬਚਾਉਣ ਲਈ ਹੰਭਲਾ ਮਾਰਨ।

## ਦੇਸ਼ਾਂ ਵਿਚਕਾਰ ਸੰਧੀਆਂ ਦਾ ਫਾਇਦਾ ਕਿਸ ਨੂੰ ?

ਇੰਡੀਆ ਦੇ ਗਣਤੰਤਰ ਦਿਵਸ ਮੌਕੇ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋ ਨੇ ਖਾਸ ਮਹਿਮਾਨ ਵਜੋਂ ਹਾਜ਼ਰੀ ਭਰੀ, ਦੂਸਰੇ ਦਿਨਾਂ ਦੌਰਾਨ ਉਸ ਨੇ ਇੰਡੀਆ ਦੇ ਉੱਚ ਅਧਿਕਾਰੀਆਂ ਨਾਲ ਬੈਠਕਾਂ ਕੀਤੀਆਂ ਹਨ। ਇਸ ਦੌਰਾਨ ਫਰਾਂਸ ਨੇ ਇੰਡੀਆ ਨਾਲ ਵੱਖ- ਵੱਖ ਖੇਤਰਾਂ ਵਿੱਚ ਕੁੱਲ ਨੌਂ ਸਮਝੌਤੇ ਹਨ। ਇਹ ਸਮਝੌਤੇ ਫੌਜੀ ਰੱਖਿਆ ਪ੍ਰਬੰਧ, ਪੁਲਾੜ- ਸੈਟੇਲਾਈਟ, ਸਿਹਤ ਸੰਭਾਲ ਅਤੇ ਵਿਗਿਆਨਕ ਖੋਜਾਂ ਨਾਲ ਸਬੰਧਿਤ ਹਨ। ਇਸ ਦੌਰਾਨ ਹੋਏ ਅਹਿਮ ਸਮਝੌਤਿਆਂ ਵਿਚੋਂ ਇੰਡੀਆ ਵੱਲੋਂ ਰੱਖਿਆ ਖੇਤਰ ਲਈ ਹੋਏ ਸਮਝੌਤੇ ਅਹਿਮ ਹਨ, ਜਿਸ ਵਿੱਚ ਫੌਜੀ ਸਾਜੋ ਸਮਾਨ ਬਣਾਉਣ ਲਈ ਕਾਰਖ਼ਾਨਿਆਂ ਦੀ ਉਸਾਰੀ ਅਤੇ ਤਕਨੀਕ ਸਾਂਝੀ ਕੀਤੀ ਜਾਵੇਗੀ।

ਇਹਨਾਂ ਸਮਝੌਤਿਆਂ ਦੇ ਮਨਜ਼ੂਰ ਹੁੰਦੇ ਸਾਰ ਹੀ ਇੰਡੀਆ ਅਤੇ ਯੂਰਪ ਦੀਆਂ ਕੰਪਨੀਆਂ ਟਾਟਾ ਗਰੁੱਪ ਅਤੇ ਏਅਰ ਬੱਸ ਨੇ ਸਾਂਝੇ ਤੌਰ ’ਤੇ ਹੈਲੀਕਾਪਟਰ ਬਣਾਉਣ ਦਾ ਐਲਾਨ ਕੀਤਾ ਹੈ। ਇਸ ਕੰਮ ਲਈ ਜਰੂਰੀ ਤਕਨੀਕੀ ਜਾਣਕਾਰੀ ਅਤੇ ਤਜਰਬੇਕਾਰਾਂ ਦਾ ਤਬਾਦਲਾ ਕੀਤਾ ਜਾਣਾ ਹੈ। ਇਨ੍ਹਾਂ ਤੋਂ ਇਲਾਵਾ ਬਾਕੀ ਦੇ ਖੇਤਰਾਂ ਵਿਚ ਵੀ ਕੰਪਨੀਆਂ ਵੱਲੋਂ ਪੈਸਾ ਲਗਾਇਆ ਜਾਣਾ ਹੈ। ਅਮਰੀਕੀ ਕੰਪਨੀਆਂ ਵੱਲੋਂ ਪੁਲਾੜ ਮਿਸ਼ਨਾਂ ਦੀ ਤਰਜ਼ ਉੱਪਰ ਹੁਣ ਵਧੇਰੇ ਕੰਪਨੀਆਂ ਨੇ ਆਪਣੀ ਦੌੜ ਸੀਮਤ ਖੇਤਰਾਂ ਤੋਂ ਬਾਹਰ ਵੀ ਅਜ਼ਮਾਉਣੀ ਸ਼ੁਰੂ ਕੀਤੀ ਹੈ। ਜਿਸ ਵਿੱਚ ਦੁਨੀਆਂ ਦੀ ਵਧੇਰੇ ਕੰਪਨੀਆਂ ਹੁਣ ਫੌਜੀ, ਪੁਲਾੜ, ਗਵਰਨੈਂਸ, ਪੁਲਿਸਿੰਗ ਆਦਿ ਖੇਤਰਾਂ ਵਿੱਚ ਵੀ ਦਖ਼ਲ-ਅੰਦਾਜ਼ੀ ਕਰ ਰਹੀਆਂ ਹਨ, ਜਿਹੜੇ ਖੇਤਰ ਕਿ ਕਿਸੇ ਵੇਲੇ ਸਰਕਾਰਾਂ ਲਈ ਰਾਖਵੇਂ ਮੰਨੇ ਜਾਂਦੇ ਹਨ। ਇੰਡੀਆ ਵਿੱਚ ਬੀਤੇ ਸਾਲਾਂ ਵਿੱਚ ਅਜਿਹਾ ਅਮਲ ਬਹੁਤ ਜ਼ਿਆਦਾ ਵੱਧ ਗਿਆ ਹੈ ਕਿ ਸਰਕਾਰਾਂ ਦੁਆਰਾ ਆਪਣੇ ਫੈਸਲਿਆਂ ਨਾਲ ਨਿੱਜੀ ਕੰਪਨੀਆਂ ਨੂੰ ਬਹੁਤ ਜ਼ਿਆਦਾ ਫਾਇਦਾ ਪਹੁੰਚਾਇਆ ਜਾਂਦਾ ਹੈ, ਜਦਕਿ ਜਨਤਕ ਖੇਤਰ ਵਿੱਚ ਪਹਿਲਾਂ ਤੋਂ ਹੀ ਕਾਰਜ ਕਰ ਰਹੀਆਂ ਕੰਪਨੀਆਂ ਨੂੰ ਲਗਾਤਾਰ ਘਾਟੇ ਵਿੱਚ ਲਿਜਾਇਆ ਜਾ ਰਿਹਾ ਹੈ। ਅਜਿਹੇ ਵਿੱਚ ਸਰਕਾਰਾਂ ਦੁਆਰਾ ਕੀਤੇ ਜਾਂਦੇ ਅੰਤਰਰਾਸ਼ਟਰੀ ਸਮਝੌਤਿਆਂ ਦਾ ਲੋਕ ਪੱਖੀ ਹੋਣਾ ਸਵਾਲਾਂ ਦੇ ਘੇਰੇ ਵਿੱਚ ਹੈ।

-ਸੰਪਾਦਕ, ਅੰਮ੍ਰਿਤਸਰ ਟਾਈਮਜ਼

# ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰੀ ਗਣਰਾਜ ਹੈ ਭਾਰਤ

ਤਰਲੋਚਨ ਸਿੰਘ ਭੱਟੀ




ਭਾਰਤ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰੀ ਗਣਰਾਜ ਹੈ ਜੋ ਸੰਸਦੀ ਚੋਣ ਪ੍ਰਣਾਲੀ ਨਾਲ ਚੱਲਦਾ ਹੈ। ਇਸ ਦੇ ਸੰਵਿਧਾਨ ਤੇ ਕਾਨੂੰਨਾਂ ਰਾਹੀਂ ਵਿਵਸਥਾ ਕੀਤੀ ਗਈ ਹੈ ਕਿ ਸੰਸਦ ਤੇ ਵਿਧਾਨ ਸਭਾਵਾਂ ਤੇ ਵਿਧਾਨ ਪ੍ਰੀਸ਼ਦਾਂ ਦੀਆਂ ਚੋਣਾਂ ’ਚ ਰਾਜਨੀਤਕ ਪਾਰਟੀਆਂ ਨੂੰ ਹਿੱਸਾ ਲੈਣ ਲਈ ਚੋਣ ਕਮਿਸ਼ਨ ਕੋਲ ਖ਼ੁਦ ਨੂੰ ਰਜਿਸਟਰ ਕਰਵਾਉਣਾ ਜ਼ਰੂਰੀ ਹੈ।

ਚੋਣ ਕਮਿਸ਼ਨ ਆਪਣੇ ਮਾਪਦੰਡਾਂ ਦੇ ਆਧਾਰ ’ਤੇ ਰਾਜਨੀਤਕ ਪਾਰਟੀਆਂ ਦੀ ਦਰਜਾਬੰਦੀ ਵੀ ਕਰਦਾ ਹੈ ਅਤੇ ਇਸੇ ਦਰਜਾਬੰਦੀ ਦੇ ਆਧਾਰ ’ਤੇ ਉਨ੍ਹਾਂ ਨੂੰ ਰਜਿਸਟ੍ਰੇਸ਼ਨ ਦੇ ਨਾਲ-ਨਾਲ ਚੋਣਾਂ ਵਿੱਚ ਉਨ੍ਹਾਂ ਦੀ ਕਾਰਗੁਜ਼ਾਰੀ ਦੇ ਆਧਾਰ ’ਤੇ ਉਨ੍ਹਾਂ ਨੂੰ ਚੋਣਾਂ ਲੜਨ ਲਈ ਚੋਣ ਚਿੰਨ੍ਹ ਅਲਾਟ ਕਰਦਾ ਹੈ। ਚੋਣ ਕਮਿਸ਼ਨ ਵੱਲੋਂ ਜਾਰੀ ਤਾਜ਼ਾ ਅੰਕੜਿਆਂ ਮੁਤਾਬਕ ਭਾਰਤ ਵਿੱਚ 6 ਰਾਸ਼ਟਰੀ ਪੱਧਰ ਦੀਆਂ ਪਾਰਟੀਆਂ, 54 ਖੇਤਰੀ ਪਾਰਟੀਆਂ ਅਤੇ 2597 ਗ਼ੈਰ ਮਾਨਤਾ ਪ੍ਰਾਪਤ ਰਜਿਸਟਰਡ ਪਾਰਟੀਆਂ ਹਨ ਜੋ ਚੋਣਾਂ ਵਿੱਚ ਆਪਣੇ ਉਮੀਦਵਾਰ ਉਤਾਰ ਸਕਦੀਆਂ ਹਨ।

ਚੋਣਾਂ ਨਾਲ ਸਬੰਧਿਤ ਕਾਨੂੰਨਾਂ ਅਤੇ ਸੁਪਰੀਮ ਕੋਰਟ ਦੇ ਚੋਣਾਂ ਸਬੰਧੀ ਦਿੱਤੇ ਗਏ ਫ਼ੈਸਲਿਆਂ ਦੇ ਆਧਾਰ ’ਤੇ ਇਹ ਵੀ ਵਿਵਸਥਾ ਕੀਤੀ ਗਈ ਹੈ ਕਿ ਚੋਣ ਲੜਨ ਵਾਲਾ ਭਾਵੇਂ ਆਜ਼ਾਦ ਉਮੀਦਵਾਰ ਵਜੋਂ ਮੈਦਾਨ ’ਚ ਨਿੱਤਰੇ ਜਾਂ ਰਾਜਨੀਤਕ ਪਾਰਟੀ ਵੱਲੋਂ ਉਮੀਦਵਾਰ ਚੋਣ ਲੜੇ, ਉਸ ਨੂੰ ਨਿਰਧਾਰਤ ਚੋਣ ਅਧਿਕਾਰੀ ਕੋਲ ਨਿਸ਼ਚਤ ਫਾਰਮੈਟ ਵਿੱਚ ਨਾਮਜ਼ਦਗੀ-ਪੱਤਰ ਭਰ ਕੇ ਦੇਣਾ ਪਵੇਗਾ। ਨਾਮਜ਼ਦਗੀ ਪੱਤਰਾਂ ਨਾਲ ਆਪਣੀ ਚੱਲ-ਅਚੱਲ ਜਾਇਦਾਦ ਬਾਰੇ, ਆਮਦਨ ਦੇ ਸਰੋਤਾਂ, ਉਮਰ, ਵਿੱਦਿਆ ਯੋਗਤਾ ਅਤੇ ਵੋਟਰ ਹੋਣ ਦਾ ਸਬੂਤ ਦਿੰਦੇ ਹੋਏ ਤਸਦੀਕਸ਼ੁਦਾ ਹਲਫੀਆ ਬਿਆਨ ਵੀ ਦੇਣਾ ਹੁੰਦਾ ਹੈ ਜਿਸ ਵਿੱਚ ਉਸ ਦੀ ਨਿੱਜੀ ਅਤੇ ਪਰਿਵਾਰਕ ਜਾਇਦਾਦ ਦੇ ਨਾਲ-ਨਾਲ ਉਸ ਵਿਰੁੱਧ ਚੱਲ ਰਹੇ ਅਪਰਾਧਕ ਮਾਮਲਿਆਂ ਦਾ ਵੇਰਵਾ ਦੇਣਾ ਕਾਨੂੰਨਨ ਲਾਜ਼ਮੀ ਹੈ। ਇਹ ਵੀ ਲਾਜ਼ਮੀ ਹੈ ਕਿ ਚੋਣ ਖ਼ਰਚਿਆਂ ਦਾ ਹਿਸਾਬ-ਕਿਤਾਬ ਹਰੇਕ ਉਮੀਦਵਾਰ ਅਤੇ ਰਾਜਨੀਤਕ ਪਾਰਟੀਆਂ ਚੋਣ ਕਮਿਸ਼ਨ ਨੂੰ ਨਿਰਧਾਰਤ ਸਮੇਂ ’ਤੇ ਨਿਯਮਤ ਫਾਰਮੈਟ ਵਿੱਚ ਦੇਣਗੇ।

ਏ.ਡੀ.ਆਰ. ਤੇ ਨੈਸ਼ਨਲ ਇਲੈਕਸ਼ਨ ਵਾਚ ਦੀ 1 ਅਗਸਤ 2023 ਦੀ ਰਿਪੋਰਟ ਅਨੁਸਾਰ 28 ਰਾਜਾਂ ਤੇ 2 ਯੂਟੀਜ਼ ਦੀਆਂ ਵਿਧਾਨ ਸਭਾਵਾਂ ਦੇ ਮੌਜੂਦਾ ਕੁੱਲ 4033 ਮੈਂਬਰਾਂ ਵਿੱਚੋਂ 4001 ਮੈਂਬਰਾਂ ਵੱਲੋ ਆਪਣੀ ਚੋਣ ਦੌਰਾਨ ਚੋਣ ਕਮਿਸ਼ਨ ਨੂੰ ਆਪਣੇ ਨਾਮਜ਼ਦਗੀ ਪੱਤਰਾਂ ਦੇ ਨਾਲ-ਨਾਲ ਆਪਣੇ ਵਿੱਤੀ ਸਰੋਤਾਂ, ਚੱਲ-ਅਚੱਲ ਜਾਇਦਾਦ ਦੇ ਵੇਰਵੇ, ਆਪਣੇ ਵਿਰੁੱਧ ਅਦਾਲਤਾਂ ਵਿੱਚ ਚੱਲ ਰਹੇ ਅਪਰਾਧਕ ਮਾਮਲਿਆਂ ਬਾਰੇ ਦਿੱਤੇ ਗਏ ਤਸਦੀਕਸ਼ੁਦਾ ਹਲਫਨਾਮਿਆਂ ਵਿੱਚ ਦਿੱਤੇ ਅੰਕੜਿਆਂ ਦੀ ਕੀਤੀ ਗਈ ਘੋਖ-ਪੜਤਾਲ ਅਨੁਸਾਰ ਮੌਜੂਦਾ ਮੈਂਬਰ ਵਿਧਾਨ ਸਭਾਵਾਂ ਦੇ 4001 ਮੈਂਬਰਾਂ ਦੀ ਔਸਤਨ ਜਾਇਦਾਦ (ਚੱਲ-ਅਚੱਲ) 13.63 ਕਰੋੜ ਰੁਪਏ ਹੈ ਜਦਕਿ ਸਾਰੇ ਮੈਂਬਰਾਂ ਦੀ ਕੁੱਲ ਜਾਇਦਾਦ 54545 ਕਰੋੜ ਰੁਪਏ ਹੈ ਜਿਸ ’ਚ ਪੰਜਾਬ ਨਾਲ ਸਬੰਧਿਤ 117 ਮੈਂਬਰ ਵੀ ਹਨ, ਜਿਨ੍ਹਾਂ ਦੀ ਕੁੱਲ ਜਾਇਦਾਦ 1222 ਕਰੋੜ ਹੈ।

ਕੁੱਲ 4001 ਮੈਂਬਰਾਂ ਵਿੱਚੋਂ 88 ਮੈਂਬਰ ਅਜਿਹੇ ਹਨ, ਜੋ ਅਰਬਪਤੀ ਹਨ। ਪੰਜਾਬ ਦੇ 24 ਮੈਂਬਰ ਅਰਬਪਤੀ ਹਨ ਜਦਕਿ 2 ਮੈਂਬਰਾਂ ਦੀ ਕੁੱਲ ਜਾਇਦਾਦ 18 ਤੋਂ 24 ਹਜ਼ਾਰ ਰੁਪਏ ਹੈ। ਇਸੇ ਤਰ੍ਹਾਂ 4001 ਵਿਧਾਨਕਾਰਾਂ ਵਿੱਚੋਂ 1774 ਮੈਂਬਰਾਂ (44%) ਵਿਰੁੱਧ ਅਪਰਾਧਕ ਕੇਸ ਅਤੇ 1136 ਮੈਂਬਰਾਂ (28%) ਵਿਰੁੱਧ ਗੰਭੀਰ ਅਪਰਾਧਕ ਮਾਮਲੇ ਅਦਾਲਤਾਂ ਵਿੱਚ ਲੰਬਿਤ ਹਨ। ਪੰਜਾਬ ਨਾਲ ਸਬੰਧਿਤ 117 ਵਿਧਾਨਕਾਰਾਂ ਵਿੱਚੋਂ 58 (50%) ਵਿਰੁੱਧ ਅਪਰਾਧਕ ਅਤੇ 27 (23%) ਵਿਰੁੱਧ ਗੰਭੀਰ ਅਪਰਾਧਕ ਮਾਮਲੇ ਲੰਬਿਤ ਹਨ। ਏਡੀਆਰ ਅਤੇ ਨੈਸ਼ਨਲ ਇਲੈਕਸ਼ਨ ਵਾਚ ਦੀ 12 ਸਤੰਬਰ 2023 ਦੀ ਪ੍ਰੈੱਸ ਰਿਪੋਰਟ ਅਨੁਸਾਰ ਲੋਕ ਸਭਾ ਅਤੇ ਰਾਜ ਸਭਾ ਦੇ ਮੌਜੂਦਾ ਕੁੱਲ 776 ਵਿੱਚੋਂ 763 ਮੈਂਬਰਾਂ ਨਾਲ ਸਬੰਧਿਤ ਜਾਰੀ ਅੰਕੜਿਆਂ ਅਨੁਸਾਰ ਲੋਕ ਸਭਾ ਦੇ 538 ਮੈਂਬਰ ਅਤੇ ਰਾਜ ਸਭਾ ਦੇ 225 ਮੈਂਬਰਾਂ ਦੀ ਔਸਤਨ ਜਾਇਦਾਦ 38.33 ਕਰੋੜ ਹੈ। ਲੋਕ ਸਭਾ ਦੇ 538 ਮੈਂਬਰਾਂ ਵਿੱਚੋਂ 232 ’ਤੇ ਅਪਰਾਧਕ ਕੇਸ ਅਤੇ 154 ਵਿਰੁੱਧ ਗੰਭੀਰ ਅਪਰਾਧਕ ਕੇਸ ਅਦਾਲਤਾਂ ਵਿੱਚ ਚੱਲ ਰਹੇ ਹਨ। ਜਦਕਿ ਰਾਜ ਸਭਾ ਦੇ 225 ਮੈਂਬਰਾਂ ਵਿੱਚੋਂ 74 ਵਿਰੁੱਧ ਅਪਰਾਧਕ ਮਾਮਲੇ ਅਤੇ 40 ਮੈਂਬਰਾਂ ਵਿਰੁੱਧ ਗੰਭੀਰ ਅਪਰਾਧਕ ਮਾਮਲੇ ਅਦਾਲਤਾਂ ਵਿੱਚ ਲੰਬਿਤ ਹਨ। ਗੰਭੀਰ ਅਪਰਾਧਕ ਮਾਮਲਿਆਂ ਤੋਂ ਭਾਵ ਅਜਿਹੇ ਕੇਸ ਜਿਨ੍ਹਾਂ ਵਿੱਚ ਜ਼ਮਾਨਤ ਜਲਦੀ ਨਹੀਂ ਹੁੰਦੀ ਤੇ ਸਜ਼ਾ ਵੀ ਪੰਜ ਸਾਲ ਜਾਂ ਵਧੇਰੇ ਹੋ ਸਕਦੀ ਹੈ।

ਇਸ ਵਿੱਚ ਔਰਤਾਂ ਵਿਰੁੱਧ ਅਪਰਾਧ (ਬਲਾਤਕਾਰ, ਉਧਾਲਣਾ, ਛੇੜਖਾਨੀ, ਕਤਲ, ਆਦਿ) ਸ਼ਾਮਲ ਹਨ। ਭਾਰਤ ਦੀ ਸੰਸਦ ਦੀ ਤ੍ਰਾਸਦੀ ਹੈ ਕਿ ਉਸ ਦੇ 776 ਮੈਂਬਰਾਂ ਵਿੱਚੋਂ 306 (40%) ਵਿਰੁੱਧ ਅਪਰਾਧਕ ਮਾਮਲੇ ਤੇ 194 (25%) ਵਿਰੁੱਧ ਗੰਭੀਰ ਅਪਰਾਧਕ ਮਾਮਲੇ ਅਦਾਲਤਾਂ ਵਿਚ ਲੰਬਿਤ ਹਨ। ਸਾਲ 2019 ਵਿੱਚ ਲੋਕ ਸਭਾ ਦੀਆਂ 7 ਦੌਰਾਂ (11 ਅਪ੍ਰੈਲ ਤੋਂ 19 ਮਈ ਤੱਕ) 543 ਸੀਟਾਂ ਲਈ ਹੋਈਆਂ ਚੋਣਾਂ ਨੂੰ ਚੋਣ ਕਮਿਸ਼ਨ ਨੇ ‘ਕੋਈ ਵੋਟਰ ਵੋਟ ਪਾਉਣ ਤੋਂ ਰਹਿ ਨਾ ਜਾਵੇ’ ਦਾ ਹੋਕਾ ਦਿੰਦੇ ਹੋਏ ‘ਦੇਸ਼ ਦਾ ਮਹਾ-ਤਿਉਹਾਰ’ ਦੱਸਿਆ ਸੀ। ਉਦੋਂ ਪੰਜਾਬ ਦੀਆਂ ਲੋਕ ਸਭਾ ਦੀਆਂ 13 ਸੀਟਾਂ ਲਈ ਕੁੱਲ 278 ਉਮੀਦਵਾਰਾਂ ਨੇ ਚੋਣ ਲੜੀ ਸੀ। ਏ.ਡੀ.ਆਰ. ਦੀ 12 ਮਈ 2019 ਦੀ ਪ੍ਰੈੱਸ ਰਿਪੋਰਟ ਅਨੁਸਾਰ 278 ਉਮੀਦਵਾਰਾਂ ਵਿੱਚੋਂ 39 (14%) ਵਿਰੁੱਧ ਅਪਰਾਧਕ ਮਾਮਲੇ ਅਤੇ 29 (10%) ਵਿਰੁੱਧ ਗੰਭੀਰ ਅਪਰਾਧਕ ਮਾਮਲੇ ਅਦਾਲਤਾਂ ’ਚ ਚੱਲ ਰਹੇ ਸਨ। ਕੁੱਲ 123 ਆਜ਼ਾਦ ਉਮੀਦਵਾਰਾਂ ’ਚੋਂ 12 (10%) ਵਿਰੁੱਧ ਅਪਰਾਧਕ ਮਾਮਲੇ ਅਤੇ 9 (7%) ਵਿਰੁੱਧ ਗੰਭੀਰ ਅਪਰਾਧਕ ਮਾਮਲੇ ਅਦਾਲਤਾਂ ਵਿੱਚ ਲੰਬਿਤ ਸਨ। ਰਾਜਨੀਤਕ ਪਾਰਟੀਆਂ ਵੱਲੋਂ ਚੋਣਾਂ ਲੜ ਰਹੇ 155 ਉਮੀਦਾਵਾਰਾਂ ਵਿੱਚੋਂ 14% ਤੋਂ 70% ਤੱਕ ਉਮੀਦਵਾਰਾਂ ਵਿਰੁੱਧ ਅਪਰਾਧਕ ਕੇਸ ਅਦਾਲਤਾਂ ਵਿੱਚ ਬਕਾਇਆ ਪਏ ਹਨ।

ਰਾਸ਼ਟਰੀ ਤੇ ਖੇਤਰੀ ਪੱਧਰੀ ਰਾਜਨੀਤਕ ਪਾਰਟੀਆਂ ਨਾਲੋਂ ਗ਼ੈਰ ਮਾਨਤਾ ਪ੍ਰਾਪਤ ਰਜਿਸਟਰਡ ਪਾਰਟੀਆਂ ਵੱਲੋਂ ਚੋਣ ਲੜ ਰਹੇ ਲਗਪਗ 100% ਉਮੀਦਵਾਰਾਂ ਵਿਰੁੱਧ ਅਪਰਾਧਕ ਕੇਸ ਚੱਲ ਰਹੇ ਹਨ। ਕੁੱਲ 278 ਉਮੀਦਵਾਰਾਂ ਵਿੱਚੋਂ 67 (24%) ਦੀ ਜਾਇਦਾਦ ਇੱਕ ਕਰੋੜ ਤੋਂ ਵਧੇਰੇ ਸੀ ਜਦਕਿ 123 ਆਜ਼ਾਦ ਉਮੀਦਵਾਰਾਂ ਵਿੱਚੋਂ 14 (11%) ਕਰੋੜਪਤੀ ਸਨ। ਰਾਸ਼ਟਰੀ ਤੇ ਖੇਤਰੀ ਪਾਰਟੀਆਂ ਦੇ ਚੋਣ ਲੜਨ ਵਾਲੇ ਲਗਪਗ ਸਾਰੇ ਉਮੀਦਵਾਰ ਕਰੋੜਪਤੀ ਹਨ। ਕੁੱਲ 278 ਉਮੀਦਾਵਾਰਾਂ ਦੀ ਔਸਤਨ ਜਾਇਦਾਦ 5.06 ਕਰੋੜ ਹੈ ਜਦਕਿ 123 ਆਜ਼ਾਦ ਉਮੀਦਵਾਰਾਂ ਦੀ ਔਸਤਨ ਜਾਇਦਾਦ 44 ਲੱਖ ਰੁਪਏ ਹੈ ਤੇ 278 ਉਮੀਦਵਾਰਾਂ ਵਿੱਚੋਂ 10 ਉਮੀਦਵਾਰ ਅਜਿਹੇ ਸਨ ਜੋ 2014 ਵਾਲੀ ਲੋਕ ਸਭਾ ਜਾਂ ਉਸ ਤੋਂ ਪਹਿਲਾਂ ਵਾਲੀ ਲੋਕ ਸਭਾ ਦੇ ਮੈਂਬਰ ਰਹਿ ਚੁੱਕੇ ਸਨ। ਸੰਨ 2019 ਵਿੱਚ ਚੋਣ ਲੜਨ ਵਾਲੇ ਸਾਬਕਾ ਮੈਂਬਰ ਲੋਕ ਸਭਾ ਦੀ 2014 ਵਿੱਚ ਔਸਤਨ ਜਾਇਦਾਦ 18.36 ਕਰੋੜ ਸੀ ਜੋ 2019 ਵਿੱਚ 29.09 ਕਰੋੜ ਹੋ ਗਈ। ਜਾਇਦਾਦ ਦਾ ਇਹ ਵਾਧਾ ਲਗਪਗ 60% ਸੀ। ਉਮੀਦਵਾਰਾਂ ਨੇ ਆਪਣੀ ਆਮਦਨ ਅਤੇ ਜਾਇਦਾਦ ਦਾ ਮੁੱਖ ਸਰੋਤ ਤਨਖ਼ਾਹ, ਪੈਨਸ਼ਨ, ਜਾਇਦਾਦ ਤੋਂ ਮਿਲਦਾ ਕਿਰਾਇਆ, ਬੈਂਕਾਂ ਵਿੱਚ ਜਮ੍ਹਾ ਰਾਸ਼ੀ ਤੋਂ ਵਿਆਜ, ਖੇਤੀਬਾੜੀ ਤੋਂ ਆਮਦਨ, ਵਪਾਰ ਤੋਂ ਆਮਦਨ ਆਦਿ ਦਰਸਾਇਆ ਸੀ।

ਉਪਲਬਧ ਅੰਕੜਿਆਂ ਅਨੁਸਾਰ ਭਾਰਤ ਦੀ ਸੰਸਦ ਦੀਆਂ 2009, 2014 ਅਤੇ 2019 ਦੀਆਂ ਚੋਣਾਂ ਦੌਰਾਨ ਦੁਬਾਰਾ ਚੁਣੇ ਗਏ ਮੈਂਬਰਾਂ ਦੀ ਔਸਤਨ ਜਾਇਦਾਦ 6.15 ਕਰੋੜ (2009), 16.23 ਕਰੋੜ (2014) ਅਤੇ 23.75 ਕਰੋੜ (2019) ਦਰਸਾਈ ਗਈ ਹੈ। ਸੰਨ 2009 ਤੋਂ 2019 ਦੌਰਾਨ ਜਾਇਦਾਦ ਦਾ ਔਸਤਨ ਵਾਧਾ 17.59 ਕਰੋੜ ਹੋਇਆ ਹੈ। ਸੰਨ 2004 ਵਾਲੀ ਲੋਕ ਸਭਾ ਵਿੱਚ 125 ਮੈਂਬਰ (23%), 2009 ਵਾਲੀ ਲੋਕ ਸਭਾ ਵਿੱਚ 153 ਮੈਂਬਰ (28%), 2014 ਵਾਲੀ ਲੋਕ ਸਭਾ ਵਿੱਚ 185 ਮੈਂਬਰ (34%) ਅਪਰਾਧਕ ਅਕਸ ਵਾਲੇ ਸਨ ਅਤੇ 2019 ਵਾਲੀ ਲੋਕ ਸਭਾ ’ਚ ਇਹ ਅੰਕੜਾ 233 ਮੈਂਬਰ (43%) ਹੈ।

ਤ੍ਰਾਸਦੀ ਇਹ ਹੈ ਕਿ ਹਰੇਕ ਚੋਣਾਂ ਤੋਂ ਬਾਅਦ ਕਰੋੜਪਤੀ ਅਤੇ ਅਪਰਾਧਕ ਅਕਸ ਵਾਲੇ ਮੈਂਬਰਾਂ ਦੀ ਗਿਣਤੀ ਵਧਦੀ ਹੀ ਜਾ ਰਹੀ ਹੈ। ਅਜਿਹਾ ਰੁਝਾਨ ਲੋਕਤੰਤਰ ਦੀ ਆਤਮਾ ਦੇ ਅਨੁਕੂਲ ਨਹੀਂ ਹੈ। ਹਰ ਸਿਆਸੀ ਪਾਰਟੀ ਨੂੰ ਚਾਹੀਦਾ ਹੈ ਕਿ ਉਹ ਟਿਕਟਾਂ ਦੀ ਵੰਡ ਤੋਂ ਪਹਿਲਾਂ ਉਮੀਦਵਾਰਾਂ ਦੇ ਪਿਛੋਕੜ/ਅਕਸ ਬਾਰੇ ਸਰਵੇਖਣ ਜ਼ਰੂਰ ਕਰੇ। ਅਪਰਾਧਕ ਪਿਛੋਕੜ ਵਾਲੇ ਧਨਾਢਾਂ ਵੱਲੋਂ ਪੈਸੇ ਦੇ ਜ਼ੋਰ ’ਤੇ ਟਿਕਟਾਂ ਹਾਸਲ ਕੀਤੀਆਂ ਜਾਂਦੀਆਂ ਰਹੀਆਂ ਤਾਂ ਲੋਕਤੰਤਰ ਦੇ ਥੰਮ੍ਹ ਡਗਮਗਾ ਜਾਣਗੇ। ਵੋਟਰਾਂ ਨੂੰ ਜਾਗਰੂਕ ਹੋਣ ਦੀ ਲੋੜ ਹੈ। ਰਾਜਨੀਤਕ ਪਾਰਟੀਆਂ ਦੇ ਚੋਣ ਪ੍ਰਚਾਰ ਦੀ ਘੁੰਮਣਘੇਰੀ ਵਿੱਚ ਫਸਣ ਦੀ ਬਜਾਏ ਚੋਣ ਲੜ ਰਹੇ ਉਮੀਦਾਵਾਰਾਂ ਦੇ ਕਿਰਦਾਰ ਅਤੇ ਉਨ੍ਹਾਂ ਦੇ ਪਿਛੋਕੜ ਦੀ ਛਾਣ-ਬੀਣ ਕਰ ਕੇ ਹੀ ਵੋਟ ਪਾਉਣੀ ਚਾਹੀਦੀ ਹੈ।

# ਲੋਕ ਸਭਾ ਚੋਣਾਂ-2024, ਰਾਮਲੱਲਾ ਦੀ ਮੋਦੀ ਸਿਆਸਤ, ਇੱਕ ਮਨੋਵਿਗਿਆਨਕ ਯੁੱਧ


ਅਭੈ ਕੁਮਾਰ ਦੂਬੇ
ਲੇਖਕ ਅੰਬੇਡਕਰ ਵਿਸ਼ਵ ਯੂਨੀਵਰਸਿਟੀ, ਦਿੱਲੀ 'ਚ ਪ੍ਰੋਫ਼ੈਸਰ ਅਤੇ ਭਾਰਤੀ ਭਾਸ਼ਾਵਾਂ 'ਚ ਅਭਿਲੇਖਾਗਰੀ ਖੋਜ ਪ੍ਰੋਗਰਾਮ ਦੇ ਨਿਰਦੇਸ਼ਕ ਹਨ।



22 ਜਨਵਰੀ ਨੂੰ ਅਯੁੱਧਿਆ 'ਚ ਰਾਮਲੱਲਾ ਦੇ ਮੰਦਰ ਦੀ ਪ੍ਰਾਣ ਪ੍ਰਤਿਸ਼ਠਾ ਹੋ ਚੁੱਕੀ ਹੈ। ਧਾਰਮਿਕ ਸਮਾਗਮ ਦੇ ਨਾਲ-ਨਾਲ ਇਹ ਇੱਕ ਸਿਆਸੀ ਸਮਾਗਮ ਵੀ ਹੈ। ਇਸ ਦਾ ਮਕਸਦ ਮਈ 'ਚ ਹੋਣ ਵਾਲੀਆਂ ਲੋਕ ਸਭਾ ਚੋਣਾਂ 'ਚ ਭਾਜਪਾ ਨੂੰ ਉਸ ਦੇ ਪ੍ਰਭਾਵ ਖੇਤਰ 'ਚ 2019 ਵਾਂਗ 90 ਫ਼ੀਸਦੀ ਤੋਂ ਵਧੇਰੇ ਸੀਟਾਂ ਜਿਤਾਉਣ ਦਾ ਹੈ। ਇਸ ਲਿਹਾਜ਼ ਨਾਲ ਇਹ ਇੱਕ ਮਨੋਵਿਗਿਆਨਕ ਯੁੱਧ ਵੀ ਹੈ, ਜਿਸ ਤਹਿਤ ਦੇਸ਼ ਦੇ ਜ਼ਿਆਦਾਤਰ ਹਿੱਸਿਆਂ 'ਚ ਰਾਮਮਯ ਮਾਹੌਲ ਬਣਾਉਣ ਦੇ ਨਾਲ-ਨਾਲ ਰਾਮ ਅਤੇ ਮੋਦੀ ਨੂੰ ਇੱਕ-ਦੂਜੇ ਦਾ ਸਮਾਨਰਥੀ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇੱਕ ਵਾਰ ਜੇਕਰ ਜਨਤਾ ਦੀ ਨਜ਼ਰ 'ਚ ਇਹ ਸਥਾਪਿਤ ਹੋ ਗਿਆ ਕਿ ਰਾਮ ਅਤੇ ਮੋਦੀ ਇੱਕ-ਦੂਜੇ 'ਚ ਸਮਾਏ ਹੋਏ ਹਨ, ਫਿਰ ਲੋਕਾਂ ਦੀਆਂ ਵੋਟਾਂ ਲੈਣ 'ਚ ਭਾਜਪਾ ਨੂੰ ਕੋਈ ਦਿੱਕਤ ਨਹੀਂ ਹੋਵੇਗੀ। ਇਸ ਮਨੋਵਿਗਿਆਨਕ ਯੁੱਧ ਦੇ ਕੁਝ ਦੂਜੇ ਪਹਿਲੂ ਵੀ ਹਨ। ਦਰਅਸਲ, ਵਿਰੋਧੀ ਧਿਰ ਦੇ ਗੱਠਜੋੜ (ਇੰਡੀਆ) ਅਤੇ ਭਾਰਤੀ ਜਨਤਾ ਪਾਰਟੀ ਦੇ ਕੌਮੀ ਜਮੂਹਰੀ ਗੱਠਜੋੜ (ਐਨ.ਡੀ.ਏ.) ਵਿਚਾਲੇ ਰਣਨੀਤਕ ਯੁੱਧ (ਹਮਲਾ-ਜਵਾਬੀ ਹਮਲਾ) ਇਸ ਸਮੇਂ ਆਪਣੀਆਂ ਸਿਖ਼ਰਾਂ 'ਤੇ ਹੈ। ਲੋਕ ਸਭਾ ਚੋਣਾਂ ਤੋਂ ਪਹਿਲਾਂ ਇੰਝ ਹੋਣਾ ਸੁਭਾਵਿਕ ਹੀ ਸੀ ਪਰ, ਇਸ ਵਾਰ ਇਹ ਪੈਂਤੜੇਬਾਜ਼ੀ ਇੱਕ ਨਵੇਂ ਪੱਧਰ ਤੱਕ ਚਲੀ ਗਈ ਹੈ।

ਇਸ ਯੁੱਧ 'ਚ ਚੁੱਕਿਆ ਗਿਆ ਹਰ ਕਦਮ ਅਤੇ ਬੋਲੀ ਗਈ ਹਰ ਗੱਲ ਪਿੱਛੇ ਵਿਰੋਧੀ ਧਿਰ ਦੀਆਂ ਕਮਜ਼ੋਰ ਕੜੀਆਂ ਨੂੰ ਤੋੜਨ ਦਾ ਯੋਜਨਾਬੱਧ ਮਨਸੂਬਾ ਦੇਖਿਆ ਜਾ ਸਕਦਾ ਹੈ। ਇਸ ਮਨੋਵਿਗਿਆਨਕ ਯੁੱਧ ਦੇ ਜੇਕਰ ਦੋ ਪ੍ਰਕਾਰ ਦੇਖਣੇ ਹੋਣ ਤਾਂ ਇਹ ਬਿਹਾਰ (40 ਸੀਟਾਂ) ਅਤੇ ਮਹਾਰਾਸ਼ਟਰ (48 ਸੀਟਾਂ) 'ਤੇ ਦੇਖੇ ਜਾ ਸਕਦੇ ਹਨ। ਇਨ੍ਹਾਂ ਦੋਵਾਂ ਸੂਬਿਆਂ ਦਾ ਮਹੱਤਵ ਇਸ ਲਈ ਹੈ ਕਿ ਇਨ੍ਹਾਂ ਨੂੰ ਉਨ੍ਹਾਂ 11 ਰਾਜਾਂ 'ਚ ਗਿਣਿਆ ਜਾਂਦਾ ਹੈ, ਜਿੱਥੇ 2019 'ਚ ਭਾਜਪਾ ਦੀ ਚੋਣ ਜਿੱਤਣ ਦੀ ਦਰ ਕ੍ਰਮਵਾਰ 99 ਅਤੇ 88 ਫ਼ੀਸਦੀ ਰਹੀ ਸੀ। ਇਸ ਵਾਰ ਇਹ ਮੰਨਿਆ ਜਾ ਰਿਹਾ ਹੈ ਕਿ ਇਨ੍ਹਾਂ ਦੋਵਾਂ ਹੀ ਰਾਜਾਂ 'ਚ ਭਾਜਪਾ ਲਈ ਪਿਛਲਾ ਨਤੀਜਾ ਦੁਹਰਾਉਣਾ ਮੁਸ਼ਕਿਲ ਹੈ। 'ਇੰਡੀਆ' ਗੱਠਜੋੜ ਬਣਨ ਤੋਂ ਪਹਿਲਾਂ ਹੀ ਇਨ੍ਹਾਂ ਦੋਵਾਂ ਰਾਜਾਂ 'ਚ ਕੁਝ ਅਜਿਹਾ ਰਾਜਨੀਤਕ ਘਟਨਾਕ੍ਰਮ ਚੱਲਿਆ ਕਿ ਭਾਜਪਾ ਖ਼ਿਲਾਫ਼ ਸ਼ਕਤੀਸ਼ਾਲੀ ਗੱਠਜੋੜ ਤਿਆਰ ਹੋ ਗਿਆ। ਬਿਹਾਰ 'ਚ ਮਹਾਗੱਠਬੰਧਨ ਅਤੇ ਮਹਾਰਾਸ਼ਟਰ 'ਚ ਮਹਾਵਿਕਾਸ ਅਘਾੜੀ ਨੂੰ ਉਹ ਤਾਕਤਾਂ ਮਜ਼ਬੂਤ ਕਰ ਰਹੀਆਂ ਹਨ, ਜੋ 2019 'ਚ ਭਾਜਪਾ ਦੇ ਨਾਲ ਸਨ। ਭਾਜਪਾ ਦੇ ਰਣਨੀਤੀਕਾਰ ਸਾਰਾ ਜ਼ੋਰ ਇੱਥੇ ਹੀ ਲਗਾ ਰਹੇ ਹਨ। ਉਹ ਜਾਣਦੇ ਹਨ ਕਿ ਜੇਕਰ ਇਨ੍ਹਾਂ ਸੂਬਿਆਂ 'ਚ ਸੀਟਾਂ ਘੱਟ ਹੋਈਆਂ ਤਾਂ ਉਨ੍ਹਾਂ ਦੀ ਭਰਪਾਈ ਦੂਜੇ ਸੂਬਿਆਂ ਤੋਂ ਹੋਣ ਦੀ ਉਮੀਦ ਬਹੁਤ ਘੱਟ ਹੈ, ਕਿਉਂਕਿ ਉੱਥੇ ਪਹਿਲਾਂ ਤੋਂ ਹੀ ਭਾਜਪਾ ਲਗਭਗ ਸੌ ਫ਼ੀਸਦੀ ਨਤੀਜੇ ਕੱਢ ਚੁੱਕੀ ਹੈ। ਭਾਜਪਾ ਪਹਿਲਾਂ ਅਘਾੜੀ ਅਤੇ ਮਹਾਗੱਠਬੰਧਨ ਨੂੰ ਤੋੜਨ ਦਾ ਉੱਦਮ ਕਰ ਚੁੱਕੀ ਹੈ। ਅਘਾੜੀ ਦੀਆਂ ਦੋਵੇਂ ਪ੍ਰਮੁੱਖ ਪਾਰਟੀਆਂ, ਸ਼ਿਵ ਸੈਨਾ ਅਤੇ ਰਾਸ਼ਟਰਵਾਦੀ ਕਾਂਗਰਸ ਨੂੰ ਤੋੜਿਆ ਜਾ ਚੁੱਕਾ ਹੈ। ਉੱਧਰ ਮਹਾਗੱਠਬੰਧਨ ਤੋਂ ਜੀਤਨਰਾਮ ਮਾਂਝੀ, ਉਪੇਂਦਰ ਕੁਸ਼ਵਾਹਾ ਅਤੇ ਮੁਕੇਸ਼ ਸਾਹਨੀ ਨੂੰ ਖੋਹ ਕੇ ਐਨ.ਡੀ.ਏ. 'ਚ ਮਿਲਾਇਆ ਜਾ ਚੁੱਕਿਆ ਹੈ। ਇਹ ਵੱਖਰੀ ਗੱਲ ਹੈ ਕਿ ਇੰਨੀ ਭੰਨ-ਤੋੜ ਕਰਨ ਦੇ ਬਾਵਜੂਦ ਭਾਜਪਾ ਨੂੰ ਬਿਹਾਰ ਅਤੇ ਮਹਾਰਾਸ਼ਟਰ 'ਚ ਆਪਣੀ 2019 ਵਰਗੀ ਜਿੱਤ ਦਾ ਅਜੇ ਵੀ ਭਰੋਸਾ ਨਹੀਂ।

ਬਿਹਾਰ 'ਚ ਭਾਜਪਾ ਦੇ ਰਣਨੀਤੀਕਾਰਾਂ ਦਾ ਖ਼ਾਸ ਜ਼ੋਰ ਬਿਹਾਰ 'ਚ ਨਿਤਿਸ਼ ਕੁਮਾਰ ਨੂੰ ਕਮਜ਼ੋਰ ਕੜੀ ਮੰਨਣ 'ਤੇ ਹੈ। ਉਹ ਚਾਹੁੰਦੇ ਹਨ ਕਿ ਜਾਂ ਤਾਂ ਨਿਤਿਸ਼ ਦੀ ਸਾਖ਼ ਡੇਗ ਦਿੱਤੀ ਜਾਵੇ ਜਾਂ ਉਨ੍ਹਾਂ ਨੂੰ 'ਇੰਡੀਆ' ਗੱਠਜੋੜ ਕੋਲੋਂ ਖੋਹ ਕੇ ਐਨ.ਡੀ.ਏ. 'ਚ ਮਿਲਾ ਲਿਆ ਜਾਵੇ। ਇਸ ਲਈ ਪਿਛਲੇ ਕੁਝ ਮਹੀਨਿਆਂ ਤੋਂ ਦੋ ਤਰ੍ਹਾਂ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ।

ਪਹਿਲੀ, ਨਿਤਿਸ਼ ਨੂੰ ਬਿਮਾਰ ਦੱਸਣ ਦੇ ਨਾਲ-ਨਾਲ ਇਸ ਨੂੰ ਲਾਲੂ-ਤੇਜਸਵੀ ਦੀ ਸਾਜਿਸ਼ ਦਾ ਸ਼ਿਕਾਰ ਕਰਾਰ ਦੇਣਾ। ਦੂਜੀ, ਲਗਾਤਾਰ ਇਸ ਤਰ੍ਹਾਂ ਦੀਆਂ ਅਫ਼ਵਾਹਾਂ ਉਡਾਉਣਾ ਕਿ ਉਹ 'ਇੰਡੀਆ' ਗੱਠਜੋੜ 'ਚ ਆਪਣੀਆਂ ਉਮੀਦਾਂ ਤੋਂ ਦੁਖੀ ਹੋ ਕੇ ਮੁੜ ਪਲਟੀ ਮਾਰ ਕੇ ਐਨ.ਡੀ.ਏ. 'ਚ ਆਉਣ ਕੰਢੇ ਪਹੁੰਚ ਚੁੱਕੇ ਹਨ। ਇਸ ਮਨੋਵਿਗਿਆਨਕ ਯੁੱਧ 'ਚ ਬੜੀ ਚਲਾਕੀ ਨਾਲ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਲੈ ਕੇ ਗਿਰੀਰਾਜ ਸਿੰਘ, ਸੁਸ਼ੀਲ ਮੋਦੀ ਅਤੇ ਜੀਤਨਰਾਮ ਮਾਂਝੀ ਆਪੋ-ਆਪਣੀ ਭੂਮਿਕਾ ਨਿਭਾ ਰਹੇ ਹਨ। ਮਾਂਝੀ ਕਹਿ ਰਹੇ ਹਨ ਕਿ ਨਿਤਿਸ਼ ਨੂੰ ਸਾਜਿਸ਼ ਤਹਿਤ ਇੱਕ ਖੁਫ਼ੀਆ ਦਵਾਈ ਦਿੱਤੀ ਜਾ ਰਹੀ ਹੈ ਤਾਂ ਕਿ ਉਹ ਆਪਣਾ ਮਾਨਸਿਕ ਸੰਤੁਲਨ ਗੁਆ ਬੈਠਣ। ਨਾਲ ਇਹ ਵੀ ਕਿਹਾ ਜਾ ਰਿਹਾ ਹੈ ਕਿ ਲਾਲੂ-ਤੇਜਸਵੀ ਨਿਤਿਸ਼ ਥੱਲਿਉਂ ਕੁਰਸੀ ਖਿੱਚਣ ਦੀ ਯੋਜਨਾ 'ਤੇ ਕਦੇ ਵੀ ਅਮਲ ਕਰ ਸਕਦੇ ਹਨ ਤਾਂ ਕਿ ਤੇਜਸਵੀ ਨੂੰ ਉਸ 'ਤੇ ਬਿਠਾਇਆ ਜਾ ਸਕੇ। ਉੱਧਰ ਅਮਿਤ ਸ਼ਾਹ ਨੇ ਜਿਵੇਂ ਹੀ ਅਰਥਪੂਰਨ ਢੰਗ ਨਾਲ ਕਿਹਾ ਕਿ ਜੇਕਰ (ਨਿਤਿਸ਼ ਵੱਲੋਂ) ਕੋਈ ਪ੍ਰਸਤਾਵ ਆਇਆ ਤਾਂ ਉਸ 'ਤੇ ਵਿਚਾਰ ਕੀਤਾ ਜਾ ਸਕਦਾ ਹੈ, ਉਵੇਂ ਹੀ ਮਾਂਝੀ ਕੋਲੋਂ ਕਹਾ ਦਿੱਤਾ ਗਿਆ ਕਿ ਨਿਤਿਸ਼ ਜੇਕਰ ਐਨ.ਡੀ.ਏ. 'ਚ ਆਉਂਦੇ ਹਨ ਤਾਂ ਉਨ੍ਹਾਂ ਨੂੰ ਇਸ 'ਤੇ ਕੋਈ ਇਤਰਾਜ਼ ਨਹੀਂ ਹੋਵੇਗਾ।

ਬਿਹਾਰ 'ਚ 'ਇੰਡੀਆ' ਗੱਠਜੋੜ ਦੇ ਸਾਹਮਣੇ ਚੁਣੌਤੀ ਇਹ ਹੈ ਕਿ ਭਾਜਪਾ ਦੇ ਇਸ ਮਨੋਵਿਗਿਆਨਕ ਹਮਲੇ ਨੂੰ ਕਿਸੇ ਵੀ ਤਰ੍ਹਾਂ ਸਫ਼ਲ ਨਾ ਹੋਣ ਦਿੱਤਾ ਜਾਏ। ਫ਼ਿਲਹਾਲ ਹਾਲੇ ਤੱਕ ਤਾਂ ਨਿਤਿਸ਼, ਤੇਜਸਵੀ ਅਤੇ ਲਾਲੂ ਇਸ ਤੋਂ ਬਚਦੇ ਹੋਏ ਦਿਖਾਈ ਦੇ ਰਹੇ ਹਨ।

ਮਹਾਰਾਸ਼ਟਰ 'ਚ ਵਿਧਾਨ ਸਭਾ ਦੇ ਸਪੀਕਰ ਰਾਹੁਲ ਨਾਰਵੇਕਰ ਵੱਲੋਂ ਸ਼ਿਵ ਸੈਨਾ ਦੇ ਦਲਬਦਲੀ ਕਰਨ ਵਾਲੇ ਵਿਧਾਇਕਾਂ ਸੰਬੰਧੀ ਦਿੱਤਾ ਗਿਆ ਲੰਬਾ ਫ਼ੈਸਲਾ ਦਰਅਸਲ ਇਸ ਮਨੋਵਿਗਿਆਨਕ ਯੁੱਧ ਦਾ ਇੱਕ ਔਜ਼ਾਰ ਬਣ ਗਿਆ ਹੈ। ਨਾਰਵੇਕਰ ਨੇ ਚਲਾਕੀ ਨਾਲ ਸ਼ਿਵ ਸੈਨਾ ਦੇ ਦੋਵਾਂ ਧੜਿਆਂ 'ਚੋਂ ਕਿਸੇ ਦੇ ਵੀ ਵਿਧਾਇਕਾਂ ਨੂੰ ਅਯੋਗ ਨਹੀਂ ਠਹਿਰਾਇਆ, ਪਰ ਅਜਿਹੇ ਹਾਲਾਤ ਬਣਾ ਦਿੱਤੇ ਹਨ, ਜਿਸ ਤਹਿਤ ਊਧਵ ਠਾਕਰੇ ਦੇ ਵਿਧਾਇਕਾਂ ਨੂੰ ਵੀ ਏਕਨਾਥ ਸ਼ਿੰਦੇ ਦੇ ਆਦੇਸ਼ਾਂ ਨੂੰ ਹੀ ਨਹੀਂ ਮੰਨਣਾ ਹੋਵੇਗਾ, ਸਗੋਂ ਉਨ੍ਹਾਂ ਦੀ ਪਾਰਟੀ ਲਾਈਨ 'ਤੇ ਵੀ ਚੱਲਣਾ ਹੋਵੇਗਾ। ਨਹੀਂ ਤਾਂ, ਉਨ੍ਹਾਂ ਦੇ ਖ਼ਿਲਾਫ਼ ਕਾਰਵਾਈ ਹੋ ਜਾਵੇਗੀ। ਇਸ ਤਰ੍ਹਾਂ ਇਸ ਅਨੋਖੇ ਫ਼ੈਸਲੇ ਨੇ ਵਿਧਾਨ ਸਭਾ ਚੋਣਾਂ ਤੱਕ ਲਗਾਤਾਰ ਨਾ ਚਾਹੁੰਦਿਆਂ ਹੋਇਆ ਵੀ ਊਧਵ ਦੇ ਵਿਧਾਇਕਾਂ ਨੂੰ ਸ਼ਿੰਦੇ ਦੇ ਨਾਲ ਜੋੜ ਦਿੱਤਾ ਗਿਆ ਹੈ। ਇਸ ਪ੍ਰਕਿਰਿਆ 'ਚ ਇਨ੍ਹਾਂ ਵਿਧਾਇਕਾਂ ਦੀ ਅਣਇੱਛਾ ਕਦੇ ਵੀ ਇੱਛਾ 'ਚ ਬਦਲ ਸਕਦੀ ਹੈ। ਭਾਵ ਇਹ ਫ਼ੈਸਲਾ ਊਧਵ ਦੀ ਰਾਜਨੀਤਕ ਤਾਕਤ ਹੌਲੀ-ਹੌਲੀ ਘਟਾਉਣ ਅਤੇ ਏਕਨਾਥ ਸ਼ਿੰਦੇ ਦੀ ਸ਼ਿਵ ਸੈਨਾ ਨੂੰ ਮਜ਼ਬੂਤ ਬਣਾਉਣ ਦੀ ਭੂਮਿਕਾ ਨਿਭਾਉਂਦਾ ਹੋਇਆ ਦਿਖਾਈ ਦੇਵੇਗਾ। ਮਹਾਰਾਸ਼ਟਰ ਦੀ ਸਿਆਸਤ 'ਚ ਊਧਵ ਦੇ ਕਮਜ਼ੋਰ ਹੁੰਦੇ ਜਾਣ ਅਤੇ ਭਾਜਪਾ 'ਤੇ ਨਿਰਭਰ ਰਹਿਣ ਵਾਲੇ ਸ਼ਿੰਦੇ ਦਾ ਮਤਲਬ ਇਹ ਹੋਵੇਗਾ ਕਿ ਉੱਤਰ ਪ੍ਰਦੇਸ਼ ਤੋਂ ਬਾਅਦ ਸਭ ਤੋਂ ਜ਼ਿਆਦਾ ਸੀਟਾਂ ਵਾਲੇ ਇਸ ਸੂਬੇ 'ਚ ਭਾਜਪਾ ਦਾ ਦਬਦਬਾ ਵਧਦਾ ਚਲਿਆ ਜਾਵੇਗਾ। ਭਾਜਪਾ ਨੇ ਰਾਸ਼ਟਰਵਾਦੀ ਕਾਂਗਰਸ ਨੂੰ ਵੀ ਵੰਡ ਦਿੱਤਾ ਹੈ।

ਨਾਰਵੇਕਰ ਨੇ ਅਜੀਤ ਪਵਾਰ ਦੇ ਵਿਧਾਇਕਾਂ ਬਾਰੇ ਵੀ ਫ਼ੈਸਲਾ ਦੇਣਾ ਹੈ ਪਰ ਅਜੀਤ ਪਵਾਰ ਦਾ ਇੱਕ ਪੈਰ ਹਮੇਸ਼ਾ ਆਪਣੇ ਚਾਚੇ (ਸ਼ਰਦ ਪਵਾਰ) ਦੀ ਬੇੜੀ 'ਚ ਰਹਿੰਦਾ ਹੈ। ਇਸ ਲਈ ਇੰਝ ਨਹੀਂ ਕਿਹਾ ਜਾ ਸਕਦਾ ਕਿ ਅਜਿਹਾ ਮਨੋਵਿਗਿਆਨਕ ਯੁੱਧ ਉੱਥੇ ਉਸੇ ਤਰ੍ਹਾਂ ਕਾਮਯਾਬ ਹੋ ਸਕੇਗਾ।

ਉੱਤਰ ਪ੍ਰਦੇਸ਼ 'ਚ ਇਹ ਮਨੋਵਿਗਿਆਨਕ ਯੁੱਧ ਦੋਵਾਂ ਧਿਰਾਂ ਵੱਲੋਂ ਮਾਇਆਵਤੀ ਦੀ ਰਾਜਨੀਤੀ ਦੇ ਪ੍ਰਬੰਧਨ 'ਤੇ ਟਿਕਿਆ ਹੋਇਆ ਹੈ। ਹਾਲੇ ਤੱਕ ਤਾਂ ਇਹੀ ਦਿਖਾਈ ਦੇ ਰਿਹਾ ਹੈ ਕਿ ਇਸ 'ਚ ਭਾਜਪਾ ਕਾਮਯਾਬ ਹੁੰਦੀ ਦਿਖਾਈ ਦੇ ਰਹੀ ਹੈ। ਮਾਇਆਵਤੀ ਦੇ ਇਕੱਲਿਆਂ ਚੋਣਾਂ ਲੜਨ ਦਾ ਵਿਵਹਾਰਕ ਨਤੀਜਾ ਭਾਜਪਾ ਦੀਆਂ 10 ਤੋਂ 12 ਸੀਟਾਂ ਵਧਣ ਦੇ ਰੂਪ ਹੋ ਸਕਦਾ ਹੈ ਅਤੇ 'ਇੰਡੀਆ' ਗੱਠਜੋੜ ਦੇ ਨਾਲ ਜਾਣ ਦਾ ਨਤੀਜਾ ਭਾਜਪਾ ਕੋਲੋਂ 30 ਤੋਂ 35 ਸੀਟਾਂ ਖੋਹਣ ਵਿੱਚ ਨਿਕਲ ਸਕਦਾ ਹੈ। ਪਰ ਇਹ ਵੀ ਹੋ ਸਕਦਾ ਹੈ ਕਿ ਮਾਇਆਵਤੀ ਐਨ ਮੌਕੇ 'ਤੇ ਭਾਵ ਮਾਰਚ ਤੋਂ ਠੀਕ ਪਹਿਲਾਂ ਪਲਟੀ ਮਾਰ ਜਾਵੇ ਅਤੇ 'ਇੰਡੀਆ' ਗੱਠਜੋੜ ਨਾਲ ਚਲੀ ਜਾਵੇ।

ਕਾਂਗਰਸ ਦੀ ਉਨ੍ਹਾਂ ਨਾਲ ਪਰਦੇ ਦੇ ਪਿੱਛੇ ਤੋਂ ਚੱਲ ਰਹੀ ਗੱਲਬਾਤ ਤੋਂ ਇਹੀ ਉਮੀਦ ਲਗਾਈ ਜਾ ਰਹੀ ਹੈ। ਕਾਂਗਰਸ ਉਨ੍ਹਾਂ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਮਾਇਆਵਤੀ ਦੇ ਵੱਖਰੇ ਲੜਨ ਦਾ ਨਤੀਜਾ ਉਨ੍ਹਾਂ ਨੂੰ ਸਿਰਫ਼ 5 ਤੋਂ 10 ਫ਼ੀਸਦੀ ਵੋਟਾਂ ਅਤੇ ਨਾਂਹ ਦੇ ਬਰਾਬਰ ਸੀਟਾਂ ਮਿਲਣ 'ਚ ਨਿਕਲ ਸਕਦਾ ਹੈ। ਮਾਇਆਵਤੀ ਦੀ ਰਾਜਨੀਤੀ 'ਤੇ ਅਜਿਹਾ ਨਤੀਜਾ ਇੱਕ ਮਾਰੂ ਹਮਲਾ ਹੋਵੇਗਾ।

# ਇਜ਼ਰਾਈਲ ਦੁਆਰਾ ਫ਼ਲਸਤੀਨ 'ਚ ਨਸਲਕੁਸ਼ੀ ਕਾਰਵਾਈਆਂ


ਰਣਜੀਤ ਸਿੰਘ ਕੁਕੀ



ਦੁਨੀਆਂ ਭਰ ਦੇ 750 ਤੋਂ ਵੱਧ ਸਾਬਕਾ ਅਤੇ ਮੌਜੂਦਾ ਪੱਤਰਕਾਰਾਂ ਨੇ ਇੱਕ ਪਟੀਸ਼ਨ 'ਤੇ ਦਸਤਖਤ ਕੀਤੇ ਹਨ ਜਿਸ ਵਿੱਚ ਮੀਡੀਆ ਨੂੰ ਫਲਸਤੀਨੀਆਂ ਦੇ ਨਾਲ ਸੰਘਰਸ਼ ਵਿੱਚ ਇਜ਼ਰਾਈਲ ਦੀਆਂ ਕਾਰਵਾਈਆਂ ਦਾ ਵਰਣਨ ਕਰਨ ਲਈ ਨਸਲਕੁਸ਼ੀ ਅਤੇ ਨਸਲਵਾਦ ਵਰਗੇ ਸ਼ਬਦਾਂ ਦੀ ਵਰਤੋਂ ਸ਼ੁਰੂ ਕਰਨ ਲਈ ਕਿਹਾ ਗਿਆ ਹੈ ਅਤੇ ਨਾਲ ਹੀ ਇਜ਼ਰਾਈਲ ਹਮਾਸ ਯੁੱਧ ਦੇ ਅੰਤਰਰਾਸ਼ਟਰੀ ਮੀਡੀਆ ਕਵਰੇਜ ਦੀ ਆਲੋਚਨਾ ਵੀ ਕੀਤੀ ਗਈ ਹੈ। ਪਿਛਲੇ ਵੀਰਵਾਰ ਨੂੰ ਪੋਸਟ ਕੀਤੀ ਗਈ ਪਟੀਸ਼ਨ ਵਿੱਚ, ਯੁੱਧ ਦੌਰਾਨ ਵਿਦੇਸ਼ੀ ਮੀਡੀਆ ਆਉਟਲੈਟਾਂ ਲਈ ਕੰਮ ਕਰ ਰਹੇ ਦਰਜਨਾਂ ਫ਼ਲਸਤੀਨੀਆਂ ਦੀ ਮੌਤ ਦਾ ਹਵਾਲਾ ਦਿੰਦੇ ਹੋਏ, ਗਾਜ਼ਾ ਪੱਟੀ ਵਿੱਚ ਇਜ਼ਰਾਈਲੀ ਫ਼ੌਜ ਦੁਆਰਾ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣ ਨੂੰ ਖਤਮ ਕਰਨ ਦੀ ਅਪੀਲ ਕੀਤੀ ਗਈ ਸੀ। ਇਜ਼ਰਾਈਲ ਨੇ ਵਿਦੇਸ਼ੀ ਪ੍ਰੈੱਸ ਦੇ ਦਾਖਲੇ 'ਤੇ ਰੋਕ ਲਗਾ ਦਿੱਤੀ ਹੈ, ਦੂਰ ਸੰਚਾਰ 'ਤੇ ਭਾਰੀ ਪਾਬੰਦੀ ਲਗਾ ਦਿੱਤੀ ਹੈ ਅਤੇ ਪ੍ਰੈੱਸ ਦਫ਼ਤਰਾਂ ਨੂੰ ਬੰਬ ਨਾਲ ਉਡਾ ਦਿੱਤਾ ਹੈ, ਪਟੀਸ਼ਨ ਵਿੱਚ ਲਿਖਿਆ ਗਿਆ ਹੈ। ਪਿਛਲੇ ਮਹੀਨੇ ਗਾਜ਼ਾ ਵਿੱਚ ਤਕਰੀਬਨ 50 ਮੀਡੀਆ ਹੈੱਡਕੁਆਰਟਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਜ਼ਰਾਈਲੀ ਬਲਾਂ ਨੇ ਨਿਊਜ਼ ਰੂਮਾਂ ਨੂੰ ਸਪੱਸ਼ਟ ਤੌਰ 'ਤੇ ਚਿਤਾਵਨੀ ਦਿੱਤੀ ਕਿ ਉਹ ਹਵਾਈ ਹਮਲੇ ਤੋਂ ਆਪਣੇ ਕਰਮਚਾਰੀਆਂ ਦੀ ਸੁਰੱਖਿਆ ਦੀ ਗਾਰੰਟੀ ਨਹੀਂ ਦੇ ਸਕਦੇ ਪੱਤਰਕਾਰਾਂ ਨੂੰ ਘਾਤਕ ਤੌਰ 'ਤੇ ਨਿਸ਼ਾਨਾ ਬਣਾਉਣ ਦਾ ਦਹਾਕਿਆਂ-ਲੰਬਾ ਪੈਟਰਨ ਇਜ਼ਰਾਈਲ ਦੀਆਂ ਕਾਰਵਾਈਆਂ ਰਾਹੀ ਵਿਆਪਕ ਪੱਧਰ 'ਤੇ ਦਮਨ ਨੂੰ ਦਰਸਾਉਂਦੀਆਂ ਹਨ। ਪਟੀਸ਼ਨ ਪੱਛਮੀ ਨਿਊਜ਼ ਰੂਮ 'ਤੇ ਗਾਜ਼ਾਨ ਨਾਗਰਿਕਾਂ ਦੀ ਦੁਰਦਸ਼ਾ ਨੂੰ ਨਜ਼ਰਅੰਦਾਜ਼ ਕਰਨ ਅਤੇ ਫ਼ਲਸਤੀਨੀ, ਅਰਬ ਅਤੇ ਮੁਸਲਿਮ ਦ੍ਰਿਸ਼ਟੀਕੋਣਾਂ ਨੂੰ ਕਮਜ਼ੋਰ ਕਰਨ, ਉਹਨਾਂ ਨੂੰ ਭਰੋਸੇਯੋਗ ਵਜੋਂ ਖਾਰਜ ਕਰਨ ਦਾ ਦੋਸ਼ ਲਗਾਉਂਦੀ ਹੈ ਅਤੇ ਦਾਅਵਾ ਕਰਦੀ ਹੈ ਕਿ ਉਹਨਾਂ ਨੇ ਭੜਕਾਊ ਭਾਸ਼ਾ ਦੀ ਵਰਤੋਂ ਕੀਤੀ ਹੈ ਜੋ ਇਸਲਾਮੋਫ਼ੋਬਿਕ ਅਤੇ ਨਸਲਵਾਦੀ ਟ੍ਰੋਪਾਂ ਨੂੰ ਮਜ਼ਬੂਤ ਕਰਦੀ ਹੈ। ਇਜ਼ਰਾਈਲ ਰਾਜ 'ਤੇ ਇਜ਼ਰਾਈਲ-ਫਲਸਤੀਨੀ ਸੰਘਰਸ਼ ਦੌਰਾਨ ਫਲਸਤੀਨੀਆਂ ਵਿਰੁੱਧ ਨਸਲਕੁਸ਼ੀ ਨੂੰ ਭੜਕਾਉਣ ਜਾਂ ਅੰਜਾਮ ਦੇਣ ਦਾ ਦੋਸ਼ ਲਗਾਇਆ ਗਿਆ ਹੈ। ਇਹ ਇਲਜ਼ਾਮ ਇਜ਼ਰਾਈਲ ਨੂੰ ਇੱਕ ਬਸਤੀਵਾਦੀ ਰਾਜ ਦੇ ਰੂਪ ਵਿੱਚ ਧਾਰਨਾ ਨਾਲ ਜੋੜਿਆ ਗਿਆ ਹੈ। ਜਿਹੜੇ ਲੋਕ ਇਜ਼ਰਾਈਲ ਦੀਆਂ ਕਾਰਵਾਈਆਂ ਨੂੰ ਨਸਲਕੁਸ਼ੀ ਮੰਨਦੇ ਹਨ ਉਹ ਆਮ ਤੌਰ 'ਤੇ ਇਜ਼ਰਾਈਲੀ ਸਮਾਜ ਵਿੱਚ ਫਲਸਤੀਨਵਾਦ, ਇਸਲਾਮੋਫ਼ੋਬੀਆ, ਅਰਬ ਵਿਰੋਧੀ ਨਸਲਵਾਦ ਦੇ ਵਰਤਾਰੇ ਵੱਲ ਇਸ਼ਾਰਾ ਕਰਦੇ ਹਨ ਅਤੇ ਉਹ ਨਸਲਕੁਸ਼ੀ ਦੀਆਂ ਉਦਾਹਰਣਾਂ ਵਜੋਂ ਨਕਬਾ, ਸਬਰਾ ਅਤੇ ਸ਼ਤੀਲਾ ਕਤਲੇਆਮ, ਗਾਜ਼ਾ ਪੱਟੀ ਦੀ ਨਾਕਾਬੰਦੀ, 2014 ਗਾਜ਼ਾ ਯੁੱਧ ਅਤੇ 2023 ਇਜ਼ਰਾਈਲ-ਹਮਾਸ ਯੁੱਧ ਦਾ ਹਵਾਲਾ ਦਿੰਦੇ ਹਨ। ਅੰਤਰਰਾਸ਼ਟਰੀ ਕਾਨੂੰਨ ਅਤੇ ਨਸਲਕੁਸ਼ੀ ਦੇ ਵਿਦਵਾਨਾਂ ਨੇ ਇਜ਼ਰਾਈਲੀ ਅਧਿਕਾਰੀਆਂ ਤੇ ਅਣਮਨੁੱਖੀ ਭਾਸ਼ਾ ਦੀ ਵਰਤੋਂ ਕਰਨ ਦਾ ਦੋਸ਼ ਲਗਾਇਆ ਹੈ । 2023 ਦੇ ਇਜ਼ਰਾਈਲ-ਹਮਾਸ ਯੁੱਧ ਦੇ ਦੌਰਾਨ, ਨਸਲਕੁਸ਼ੀ ਦੇ ਇਜ਼ਰਾਈਲੀ ਇਤਿਹਾਸਕਾਰ ਓਮੇਰ ਬਾਰਤੋਵ ਨੇ ਚਿਤਾਵਨੀ ਦਿੱਤੀ ਸੀ ਕਿ ਚੋਟੀ ਦੇ ਇਜ਼ਰਾਈਲੀ ਅਧਿਕਾਰੀਆਂ ਦੁਆਰਾ ਦਿੱਤੇ ਬਿਆਨਾਂ ਨੂੰ ਨਸਲਕੁਸ਼ੀ ਦੇ ਇਰਾਦੇ ਨੂੰ ਦਰਸਾਉਣ ਲਈ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ।

29 ਦਸੰਬਰ 2023 ਨੂੰ, ਦੱਖਣੀ ਅਫ਼ਰੀਕਾ ਨੇ ਇਜ਼ਰਾਈਲ ਦੇ ਵਿਰੁੱਧ ਅੰਤਰਰਾਸ਼ਟਰੀ ਅਦਾਲਤ ਵਿੱਚ ਕੇਸ ਦਾਇਰ ਕੀਤਾ, ਦੋਸ਼ ਲਾਇਆ ਕਿ ਗਾਜ਼ਾ ਵਿੱਚ ਇਜ਼ਰਾਈਲ ਦਾ ਵਿਵਹਾਰ ਨਸਲਕੁਸ਼ੀ ਦੇ ਬਰਾਬਰ ਹੈ।

ਦੱਖਣੀ ਅਫ਼ਰੀਕਾ ਨੇ ਆਈਸੀਜੇ ਨੂੰ ਆਰਜ਼ੀ ਉਪਾਅ ਜਾਰੀ ਕਰਨ ਲਈ ਕਿਹਾ, ਜਿਸ ਵਿੱਚ ਇਜ਼ਰਾਈਲ ਨੂੰ ਗਾਜ਼ਾ ਵਿੱਚ ਆਪਣੀ ਫ਼ੌਜੀ ਮੁਹਿੰਮ ਨੂੰ ਰੋਕਣ ਦਾ ਆਦੇਸ਼ ਦੇਣਾ ਸ਼ਾਮਲ ਹੈ। ਇਜ਼ਰਾਈਲੀ ਸਰਕਾਰ ਨੇ ਆਈਸੀਜੇ ਦੀ ਕਾਰਵਾਈ 'ਤੇ ਆਪਣਾ ਬਚਾਅ ਕਰਨ ਲਈ ਸਹਿਮਤੀ ਦਿੱਤੀ, ਹਾਲਾਂਕਿ ਦੱਖਣੀ ਅਫ਼ਰੀਕਾ ਦੀਆਂ ਕਾਰਵਾਈਆਂ ਨੂੰ ਅਪਮਾਨਜਨਕ ਕਰਾਰ ਦਿੱਤਾ ਅਤੇ ਨਾਜ਼ੀਆਂ ਦੇ ਆਧੁਨਿਕ ਵਾਰਸ ਨੂੰ ਉਕਸਾਉਣ ਦਾ ਦੋਸ਼ ਲਗਾਇਆ। ਦੱਖਣੀ ਅਫ਼ਰੀਕਾ ਦੇ ਕੇਸ ਨੂੰ ਕਈ ਦੇਸ਼ਾਂ ਦੁਆਰਾ ਸਮਰਥਨ ਦਿੱਤਾ ਗਿਆ ਹੈ। ਇਜ਼ਰਾਈਲ ਅਤੇ ਸੰਯੁਕਤ ਰਾਜ ਅਮਰੀਕਾ ਨੇ ਇਸ ਦਾਅਵੇ ਨੂੰ ਖਾਰਜ ਕਰ ਦਿੱਤਾ ਹੈ ਕਿ ਇਜ਼ਰਾਈਲ ਨਸਲਕੁਸ਼ੀ ਵਿੱਚ ਸ਼ਾਮਲ ਹੈ। ਜਦੋਂ ਕਿ ਕੁਝ ਵਿਦਵਾਨ ਫ਼ਲਸਤੀਨੀਆਂ ਨੂੰ ਨਸਲਕੁਸ਼ੀ ਦੇ ਸ਼ਿਕਾਰ ਦੱਸਦੇ ਹਨ, ਦੂਸਰੇ ਦਲੀਲ ਦਿੰਦੇ ਹਨ ਕਿ ਉਹ ਨਸਲਕੁਸ਼ੀ ਦੇ ਸ਼ਿਕਾਰ ਨਹੀਂ ਹਨ, ਸਗੋਂ ਨਸਲੀ ਸਫ਼ਾਈ, ਰਾਜਨੀਤਿਕ ਹੱਤਿਆ, ਸਪੇਸੀਓਸਾਈਡ , ਸੱਭਿਆਚਾਰਕ ਨਸਲਕੁਸ਼ੀ ਜਾਂ ਇਸ ਤਰ੍ਹਾਂ ਦੇ ਹਨ। ਇਲਜ਼ਾਮ ਦੇ ਆਲੋਚਕ ਕਈ ਵਾਰ ਇਹ ਦਲੀਲ ਦਿੰਦੇ ਹਨ ਕਿ ਇਜ਼ਰਾਈਲ ਨਸਲਕੁਸ਼ੀ ਕਰ ਰਿਹਾ ਹੈ, ਇਹ ਇਲਜ਼ਾਮ ਆਮ ਤੌਰ 'ਤੇ ਇਜ਼ਰਾਈਲ ਨੂੰ ਬਦਨਾਮ ਕਰਨ ਦੇ ਉਦੇਸ਼ ਨਾਲ ਜ਼ਿਆਨਵਾਦੀਆਂ ਦੁਆਰਾ ਦਿੱਤਾ ਗਿਆ ਦਾਅਵਾ ਹੈ।

# ਵੱਡੇ ਸੁਧਾਰ ਮੰਗਦੀ ਸਕੂਲ ਸਿੱਖਿਆ

ਸੁੱਚਾ ਸਿੰਘ ਖੱਟੜਾ



ਪੰਜਾਬ ਦੇ ਪਿੰਡਾਂ ਦੇ ਸਰਕਾਰੀ ਸਕੂਲਾਂ ਵਿੱਚ ਵਿੱਦਿਅਕ ਮਾਹੌਲ ਬਾਰੇ ਸਰਵੇਖਣ ਨੇ ਸਾਨੂੰ ਚਿੰਤਾ ਵਿੱਚ ਪਾਇਆ ਹੈ। ਇੱਥੇ ਪ੍ਰਥਮ ਫਾਊਂਡੇਸ਼ਨ ਦੀ ਸਾਲਾਨਾ ਸਕੂਲ ਸਿੱਖਿਆ ਰਿਪੋਰਟ 2023 ਦੇ ਅੰਕੜਿਆਂ ਦੀ ਗੱਲ ਨਹੀਂ ਕਰਾਂਗੇ, ਬਲਕਿ ਇਸ ਸ਼ਰਮਨਾਕ ਕਾਰਗੁਜ਼ਾਰੀ ਦੀ ਸਥਿਤੀ ਨੂੰ ਬਦਲਣ ਦੀ ਗੱਲ ਕਰਾਂਗੇ। ਇਸ ਤੋਂ ਉੱਭਰਨਾ ਪੰਜਾਬ ਦੇ ਸਮੁੱਚੇ ਸਮਾਜ ਲਈ ਜ਼ਰੂਰੀ ਹੈ।

ਅਧਿਆਪਕ ਵਰਗ ਲਈ ਹੋਰ ਵੀ ਜ਼ਰੂਰੀ ਹੈ ਕਿਉਂਕਿ ਜੇ ਇਸ ਵਰਗ ਨੇ ਸੋਚਣਾ ਹੋਵੇ ਤਾਂ ਇਸ ਲਈ ਸਮਾਜ ਵੱਲੋਂ ਮਾਨਤਾ, ਸਤਿਕਾਰ ਅਤੇ ਹੈਸੀਅਤ ਇਸੇ ਦੇ ਸੁਧਾਰ ਉੱਤੇ ਖੜ੍ਹੀ ਹੈ। ਜਿਨ੍ਹਾਂ ਦੇ ਬੱਚੇ ਪੰਜਾਬ ਦੇ ਇਨ੍ਹਾਂ ਸਕੂਲਾਂ ਵਿੱਚ ਨਹੀਂ ਪੜ੍ਹਦੇ, ਉਨ੍ਹਾਂ ਨੂੰ ਵੀ ਪਤਾ ਹੋਣਾ ਚਾਹੀਦਾ ਹੈ ਕਿ ਸਰਕਾਰੀ ਸਕੂਲਾਂ ਦੇ ਇਹ ਬੱਚੇ ਅਤੇ ਸੁਧਾਰ ਨਾ ਹੋਣ ਦੀ ਹਾਲਤ ਵਿੱਚ ਇਨ੍ਹਾਂ ਤੋਂ ਬਾਅਦ ਦੇ ਪੂਰ ਇਸੇ ਸਮਾਜ ਦਾ ਹਿੱਸਾ ਹੋਣਗੇ ਜਿਸ ਵਿੱਚ ਅਸੀਂ ਸਭ ਨੇ ਰਹਿਣਾ ਹੈ। ਪੰਜਾਬ ਸਰਕਾਰ ਲਈ ਵੀ ਸੋਚਣ ਦਾ ਸਮਾਂ ਹੈ।

ਸੂਬਿਆਂ ਦੀਆਂ ਸਰਕਾਰਾਂ ਜਿਵੇਂ-ਜਿਵੇਂ ਸਿੱਖਿਆ ਫੰਡਾਂ ਲਈ ਕੇਂਦਰ ’ਤੇ ਨਿਰਭਰ ਹੋਣ ਲੱਗੀਆਂ ਹਨ, ਤਿਵੇਂ-ਤਿਵੇਂ ਉਹ ਕੇਂਦਰ ਦੀਆਂ ਨੀਤੀਆਂ ਨੂੰ ਲਾਗੂ ਕਰਨ ਲਈ ਵੀ ਵਚਨਬੱਧ ਹੁੰਦੀਆਂ ਆ ਰਹੀਆਂ ਹਨ। ‘ਪੜ੍ਹੋ ਪੰਜਾਬ’ ਇਸ ਦੀ ਮਿਸਾਲ ਹੈ। ਹੁਣ ‘ਪੜ੍ਹੋ ਪੰਜਾਬ’ ‘ਮਿਸ਼ਨ ਸਮਰੱਥ’ ਦੀ ਵੰਨਗੀ ਵਿੱਚ ਪੰਜਾਬ ਦੇ ਅਧਿਆਪਕਾਂ ਨੂੰ ਨਿਭਾਉਣਾ ਪੈ ਰਿਹਾ ਹੈ। ਉਂਝ ਇਹ ‘ਮਿਸ਼ਨ ਸਮਰੱਥ’ ਸਿੱਖਿਆ ਕਾਰਗੁਜ਼ਾਰੀ ਦੀ 2023 ਦੀ ਰਿਪੋਰਟ ਤੋਂ ਪਹਿਲਾਂ ਹੀ ਸ਼ੁਰੂ ਹੈ। ਯਕੀਨਨ ਇਹ ਮਿਸ਼ਨ ਵੀ ਪੜ੍ਹੋ ਪੰਜਾਬ ਵਰਗੇ ਸਿੱਟੇ ਹੀ ਕੱਢੇਗਾ ਪਰ ‘ਮਿਸ਼ਨ ਸਮਰੱਥ’ ਲਈ ਪੰਜਾਬ ਸਰਕਾਰ ਸ਼ਾਬਾਸ਼ ਦੀ ਪਾਤਰ ਹੈ ਕਿ ਉਹਨੇ ਇਹ ਮੰਨਿਆ ਕਿ ਕਰੋਨਾ ਕਾਲ ਵਿੱਚ ਸਿੱਖਿਆ ਵੀ ਕਰੋਨਾਗ੍ਰਸਤ ਹੋਈ। ਸਚਾਈ ਇਹ ਹੈ ਕਿ ਕਰੋਨਾ ਕਾਲ ਤੋਂ ਪਹਿਲਾਂ ਵੀ ਸਰਕਾਰੀ ਸਕੂਲ ਸਿੱਖਿਆ ਦਾ ਮਿਆਰ ਚਿੰਤਾਜਨਕ ਹੀ ਸੀ। ਪੰਜਾਬ ਕਿਸੇ ਵੇਲੇ ਸਿੱਖਿਆ ਖੇਤਰ ਵਿੱਚ ਦੇਸ਼ ਦੇ ਮੋਹਰੀ ਸੂਬਿਆਂ ਵਿੱਚ ਸੀ।

ਪ੍ਰਸ਼ਨ ਹੈ ਕਿ ਕੀ ‘ਮਿਸ਼ਨ ਸਮਰੱਥ’ ਪੰਜਾਬ ਨੂੰ ਉਹ ਮੁਕਾਮ ਪ੍ਰਾਪਤ ਕਰਵਾ ਸਕੇਗਾ ? ‘ਪੜ੍ਹੋ ਪੰਜਾਬ’ ਦੀ ਤਰ੍ਹਾਂ ‘ਮਿਸ਼ਨ ਸਮਰੱਥ’ ਵਿੱਚ ਆਏ ਅਤਿ ਕਮਜ਼ੋਰ ਵਿਦਿਆਰਥੀਆਂ ਦੇ ਮਿਆਰ ਨੂੰ ਸੁਧਾਰਨਾ ਹੈ। ਪ੍ਰਾਇਮਰੀ ਵਿੱਚ ਤੀਜੀ, ਚੌਥੀ, ਪੰਜਵੀਂ ਲਈ ਪਹਿਲੇ ਤਿੰਨ ਘੰਟੇ ਅਤੇ ਮਿਡਲ ਜਮਾਤਾਂ ਲਈ ਪਹਿਲੇ ਤਿੰਨ ਪੀਰੀਅਡ ‘ਮਿਸ਼ਨ ਸਮਰੱਥ’ ਲਈ ਰੱਖੇ ਗਏ ਹਨ। ਹੁਣ ਪੰਜਵੀਂ ਲਈ ਇੱਕ ਘੰਟਾ ਕਰ ਦਿੱਤਾ ਗਿਆ ਹੈ। ਲੱਗਦਾ ਹੈ ਕਿ ਅਜਿਹੀਆਂ ਸਕੀਮਾਂ ਘੜਨ ਵਾਲਿਆਂ ਨੇ ਖ਼ੁਦ ਕਦੇ ਪੜ੍ਹਾਇਆ ਨਹੀਂ ਹੁੰਦਾ, ਇਸ ਲਈ ਉਹ ਨਹੀਂ ਜਾਣਦੇ ਕਿ ਬੱਚੇ ਪੱਛੜ ਕਿਉਂ ਜਾਂਦੇ ਹਨ। ਇੰਨੀ ਵੱਡੀ ਪ੍ਰਤੀਸ਼ਤ ਦੇ ਪੱਛੜਨ ਦਾ ਕਾਰਨ ਲੱਭ ਕੇ ਅੱਗੇ ਲਈ ਜੇਕਰ ਪੱਕਾ ਇਲਾਜ ਨਹੀਂ ਕਰਨਾ ਤਾਂ ਹਰ ਵਰ੍ਹੇ ਇਨ੍ਹਾਂ ਸਿੱਖਿਆ ਮਾਹਿਰਾਂ ਨੂੰ ਅਜਿਹੀਆਂ ਸਕੀਮਾਂ ਘੜਨੀਆਂ ਪੈਣੀਆਂ ਹਨ। ਬਿਮਾਰੀ ਨਾ ਹੋਵੇ ਇਹਦੇ ਤੋਂ ਬਿਮਾਰੀ ਦਾ ਇਲਾਜ ਉਨ੍ਹਾਂ ਲਈ ਮੁੱਖ ਹੈ। ਸਰਕਾਰ ਨੂੰ ਗੰਭੀਰਤਾ ਨਾਲ ਵਿਚਾਰਨਾ ਚਾਹੀਦਾ ਹੈ ਕਿ ਜੇਕਰ ਫੇਲ੍ਹ ਹੋ ਜਾਣ ਦਾ ਡਰ ਹੋਵੇ ਤਾਂ ਬੱਚੇ ਅਤੇ ਮਾਪੇ ਪੜ੍ਹਾਈ ਨੂੰ ਗੰਭੀਰਤਾ ਨਾਲ ਲੈਣ ਲੱਗ ਜਾਣਗੇ। ਨਹੀਂ ਤਾਂ ਸਰਵੇ ਦੇ ਨਤੀਜਿਆਂ ਦੀ ਆੜ ਹੇਠ ਪੜ੍ਹਾਈ ਨੂੰ ਬਾਰ-ਬਾਰ ਬਰੇਕਾਂ ਲੱਗਦੀਆਂ ਹੀ ਰਹਿਣਗੀਆਂ। ‘ਪੜ੍ਹੋ ਪੰਜਾਬ’, ‘ਮਿਸ਼ਨ ਸਮਰੱਥ’ ਸਿੱਖਿਆ ਲਈ ਅਗਲਾ ਗੇਅਰ ਨਹੀਂ ਸਗੋਂ ਬਰੇਕਾਂ ਹਨ।

ਹੁਣ ਪ੍ਰਸ਼ਨ ਹੈ ਕਿ ਕੀ ਕੀਤਾ ਜਾਏ ਕਿ ਸਰਕਾਰੀ ਸਕੂਲਾਂ ਦਾ ਸਿੱਖਿਆ ਮਿਆਰ 1950ਵਿਆਂ, 1960ਵਿਆਂ ਵਰਗਾ ਬਣ ਜਾਏ ਤਾਂ ਕਿ ਅਜਿਹੇ ਹਾਲਾਤ ਤੋਂ ਸਿੱਖਿਆ, ਬੱਚੇ ਅਤੇ ਅਧਿਆਪਕ ਬਚ ਸਕਣ। ਪਹਿਲਾ ਕਾਰਜ ਸਰਕਾਰ ਨੂੰ ਖ਼ੁਦ ਚੋਣਸ਼ੀਲ ਨਹੀਂ ਹੋਣਾ ਚਾਹੀਦਾ। ‘ਕੁਝ ਸਕੂਲਾਂ ਲਈ ਸਹੂਲਤਾਂ ਦੇ ਗੱਫ਼ੇ, ਕੁਝ ਲਈ ਧੱਕੇ’ ਦੀ ਨੀਤੀ ਦਾ ਤਿਆਗ ਜ਼ਰੂਰੀ ਹੈ। ‘ਸਕੂਲ ਆਫ ਐਮੀਨੈਂਸ’ ਪ੍ਰਾਜੈਕਟ ਦੀ ਮਨਜ਼ੂਰੀ ਸ਼ਹੀਦ ਭਗਤ ਸਿੰਘ ਦੀ ਆਤਮਾ ਤੋਂ ਲੈ ਕੇ ਵੇਖੋ। ਸਕੂਲਾਂ ਵਿੱਚ ਖਾਲੀ ਅਸਾਮੀਆਂ ਭਰਨ ਦੇ ਨਾਲ ਅਸਾਮੀਆਂ ਨੂੰ ਸਾਲਾਨਾ ਰੈਸ਼ਨਲਾਈਜ਼ ਕਰਨ ਦਾ ਸਾਹਸ ਕਰੋ। ਅਧਿਆਪਕਾਂ ਤੋਂ ਕਲਰਕਾਂ ਦਾ ਕੰਮ ਨਾ ਕਰਵਾਓ। ਇੱਕ ਕਲਰਕ ਦੀ ਅਹਿਮੀਅਤ ਸਮੁੱਚੇ ਸਟਾਫ਼ ਦੇ ਬਰਾਬਰ ਹੈ। ਜੇਕਰ ਸਕੂਲ ਵਿੱਚ ਕਲਰਕ ਨਹੀਂ ਤਾਂ ਸਮਝੋ ਸਕੂਲ-ਮੁਖੀ ਸਮੇਤ ਸਾਰਾ ਸਟਾਫ ਅਧਿਆਪਕ ਨਹੀਂ ਬਲਕਿ ਕਲਰਕ ਹਨ। ਅਧਿਆਪਕ ਨੂੰ ਕਲਾਸਰੂਮ ਵਿੱਚ ਸੁਤੰਤਰਤਾ ਦਿਓ। ਉਸ ਨੂੰ ਦਿੱਤਾ ਸਿਲੇਬਸ ਪੜ੍ਹਾਉਣ ਦੀ ਵਿਉਂਤਬੰਦੀ ਉਸ ਉੱਤੇ ਛੱਡ ਦਿਓ। ਅਧਿਆਪਕ ਟਰੇਨਿੰਗ ਕਰਕੇ ਆਇਆ ਹੈ, ਉਸ ਨੂੰ ਬੇਲੋੜੀਆਂ ਹਦਾਇਤਾਂ ਨਾਲ ਪਰੇਸ਼ਾਨ ਨਾ ਕਰੋ। ਉਸ ਨੂੰ ਆਪਣੇ ਨਿਤਪ੍ਰਤੀ ਤਜਰਬੇ ਤੋਂ ਸਿੱਖਣ ਦਿਓ। ਉਸ ਦੀ ਜਵਾਬਦੇਹੀ ਤੈਅ ਕਰਕੇ ਫਿਰ ਹੀ ਉਸ ਦੀ ਪ੍ਰਾਪਤੀ ਦਾ ਮੁਲਾਂਕਣ ਕੀਤਾ ਜਾਵੇ।

ਅਧਿਆਪਕ ਨੂੰ ਜਮਾਤ ਵਿੱਚ ਖ਼ੁਦ ਹੀ ਮੋਬਾਈਲ ਵਰਜਿਤ ਕਰ ਲੈਣਾ ਚਾਹੀਦਾ ਹੈ। ਸਕੂਲ ਮੁਖੀਆਂ ਨੂੰ ਹਦਾਇਤ ਹੋਣੀ ਚਾਹੀਦੀ ਹੈ ਕਿ ਉਹ ਪੀਰੀਅਡ ਦੌਰਾਨ ਅਧਿਆਪਕਾਂ ਨੂੰ ਨਾ ਬੁਲਾਉਣ। ਪੀਰੀਅਡ ਵਿੱਚ ਮੋਬਾਈਲ ਦੀ ਵਰਤੋਂ ਅਤੇ ਮੁਖੀ ਦਾ ਸੁਨੇਹਾ ਸਿੱਖਣ-ਸਿਖਾਉਣ ਦੀ ਪ੍ਰਕਿਰਿਆ ’ਤੇ ਕੁਹਾੜੀ ਦਾ ਵਾਰ ਕਰਨਾ ਹੈ। ਜੇਕਰ ਅਧਿਆਪਕ ਆਪਣੇ ਪੀਰੀਅਡ ਪੜ੍ਹਾਉਣ ਦੇ ਨਾਲ-ਨਾਲ ਕਿਸੇ ਕਾਰਨ ਕਿਸੇ ਜਮਾਤ ਦਾ ਖਾਲੀ ਪੀਰੀਅਡ ਪੜ੍ਹਾਉਣ ਲਈ ਇੱਕ-ਦੂਜੇ ਤੋਂ ਕਾਹਲੇ ਨਹੀਂ ਤਾਂ ਉਹ ਹਾਲੇ ਆਦਰਸ਼ ਤੋਂ ਦੂਰ ਹਨ। ਗ਼ੈਰ-ਵਿੱਦਿਅਕ ਕੰਮ ਤਾਂ ਸਕੂਲ ਲੱਗਣ ਤੋਂ ਪਹਿਲਾਂ ਉਦੋਂ ਹੀ ਸ਼ੁਰੂ ਹੋ ਜਾਂਦਾ ਹੈ ਜਦੋਂ ਅਧਿਆਪਕ ਮਿਡ-ਡੇ-ਮੀਲ ਲਈ ਸਬਜ਼ੀ ਦੇ ਠੇਲੇ ਜਾਂ ਦੁਕਾਨ ’ਤੇ ਜਾ ਖੜ੍ਹਦਾ ਹੈ। ਸਰਕਾਰ ਦੀ ਗ੍ਰਾਂਟ ਕਿਉਂਕਿ ਉਸ ਨੇ ਹੀ ਖ਼ਰਚਣੀ ਹੈ, ਉਸ ਨੇ ਹਿਸਾਬ-ਕਿਤਾਬ ਅਤੇ ਕਰਵਾਏ ਕੰਮ ਲਈ ਜਵਾਬਦੇਹ ਵੀ ਹੋਣਾ ਹੈ, ਇਸ ਲਈ ਸਕੂਲ ਸਮੇਂ ਅਤੇ ਸਕੂਲ ਸਮੇਂ ਤੋਂ ਬਾਅਦ ਵੀ ਉਹ ਅਧਿਆਪਕ ਘੱਟ, ਕਰਿੰਦਾ ਵੱਧ ਹੈ।

ਤਤਕਾਲੀ ਅਕਾਲੀ ਸਰਕਾਰ ਨੇ ਪਹਿਲੀ ਕਲਾਸ ਤੋਂ ਅੰਗਰੇਜ਼ੀ ਸ਼ੁਰੂ ਕੀਤੀ ਪਰ ਅੰਗਰਜ਼ੀ ਅਧਿਆਪਕ ਨਹੀਂ ਦਿੱਤੇ। ਵਾਧੂ ਬੋਝ ਹੇਠਾਂ ਦੱਬਿਆ ਅਧਿਆਪਕ ਕੀ ਕਰੇ ? ਸਰਵੇ ਏਜੰਸੀਆਂ ਕਿਹੜੀ ਅੰਗਰੇਜ਼ੀ ਵਿੱਚ, ਕਿਸ ਮੂੰਹ ਨਾਲ ਕਾਰਗੁਜ਼ਾਰੀ ਦੀ ਉਮੀਦ ਕਰਦੀਆਂ ਹਨ। ਆਜ਼ਾਦੀ ਤੋਂ ਪਹਿਲਾਂ ਤੋਂ 2010 ਤੱਕ ਪੰਜਾਬ ਦੇ ਮਿਡਲ ਤੇ ਹਾਈ ਸਕੂਲਾਂ ਵਿੱਚ ਅੰਗਰੇਜ਼ੀ ਐੱਸ.ਐੱਸ. ਅਧਿਆਪਕ ਹੀ ਪੜ੍ਹਾਉਂਦੇਸਨ। ਇੱਕ ਅਧਿਆਪਕ ਜਥੇਬੰਦੀ ਨੇ 2005 ਵਿੱਚ ਪਹਿਲੀ ਵਾਰ ਵੱਖਰੇ ਅੰਗਰੇਜ਼ੀ ਅਧਿਆਪਕਾਂ ਦੀ ਮੰਗ ਕੀਤੀ।

(ਬਾਕੀ ਸਫ਼ਾ 30 ’ਤੇ)

# ਸੰਘਰਸ਼ ’ਚੋਂ ਹੀ ਪੈਦਾ ਹੁੰਦੇ ਹਨ ਮਹਾਂਪੁਰਸ਼

ਡਾ. ਬ੍ਰਹਮ ਜਗਦੀਸ਼

ਸਾਡਾ ਦੇਸ਼ ਗੁਰੂਆਂ-ਪੀਰਾਂ, ਅਵਤਾਰਾਂ ਅਤੇ ਪੈਗ਼ੰਬਰਾਂ ਦੀ ਪਵਿੱਤਰ ਭੂਮੀ ਹੈ। ਹੋਰ ਦੇਸ਼ਾਂ ਵਾਂਗ, ਸਗੋਂ ਉਨ੍ਹਾਂ ਤੋਂ ਕਾਫ਼ੀ ਵੱਡੀ ਸੰਖਿਆ ਵਿੱਚ, ਇਥੇ ਗੁਰੂ-ਪੀਰ ਅਤੇ ਅਵਤਾਰ-ਪੈਗ਼ੰਬਰ ਪੈਦਾ ਹੁੰਦੇ ਰਹੇ ਹਨ। ਇਥੋਂ ਇਹ ਧਾਰਨਾ ਵੀ ਬਣੀ ਕਿ ਜਦੋਂ ਧਰਤੀ ਉੱਪਰ ਪਾਪ ਅਤੇ ਜ਼ੁਲਮ ਵਧ ਜਾਂਦਾ ਹੈ ਤਾਂ ਆਮ ਲੋਕਾਂ ਦੀ ਰੱਖਿਆ ਲਈ ਅਵਤਾਰ ਅਤੇ ਪੈਗ਼ੰਬਰ ਜਨਮ ਲੈਂਦੇ ਹਨ। ਇਨ੍ਹਾਂ ਨੂੰ ਪ੍ਰਭੂ ਆਪ ਭੇਜਦਾ ਹੈ, ਕਿਉਂਕਿ ਉਹ ਆਪਣੇ ਸਾਰੇ ਲੋਕਾਂ ਦੀ ਭਲਾਈ ਅਤੇ ਸੁੱਖ-ਸਹੂਲਤਾਂ ਲਈ ਪ੍ਰਤੀਬੱਧ ਹੁੰਦਾ ਹੈ। ਅਵਤਾਰਾਂ ਦੇ ਰੂਪ ਵਿੱਚ ਉਹ ਅਤਿਅੰਤ ਬਲਵਾਨ ਅਤੇ ਪਰਾਕ੍ਰਮੀ ਪੁਰਸ਼ ਭੇਜਦਾ ਹੈ, ਜੋ ਜ਼ਾਲਮ ਸ਼ਹਿਨਸ਼ਾਹਾਂ ਨੂੰ ਦੰਡ ਦੇਣ ਦੇ ਸਮਰੱਥ ਹੁੰਦੇ ਹਨ। ਉਨ੍ਹਾਂ ਦੇ ਪੌਰੁਸ਼ ਅਤੇ ਵੀਰਤਾ ਨੂੰ ਦੇਖ ਕੇ ਆਮ ਆਦਮੀ ਉਨ੍ਹਾਂ ਦੇ ਜੀਵਨ-ਬਿਰਤਾਂਤ ਨਾਲ ਅਨੇਕ ਕਰਾਮਾਤਾਂ ਵੀ ਜੋੜ ਦਿੰਦੇ ਹਨ, ਕਿਉਂਕਿ ਉਨ੍ਹਾਂ ਦੀ ਨਜ਼ਰ ਵਿੱਚ ਕੋਈ ਸਾਧਾਰਨ ਵਿਅਕਤੀ, ਜ਼ਾਲਮ ਸ਼ਹਿਨਸ਼ਾਹਾਂ ਨੂੰ ਨੱਥ ਪਾਉਣ ਦੇ ਕਾਬਲ ਨਹੀਂ ਹੋ ਸਕਦਾ।

ਸਾਡੇ ਦੇਸ਼ ਦੇ ਪੁਰਾਣਾਂ, ਸਾਖੀਆਂ ਅਤੇ ਧਾਰਮਿਕ ਗ੍ਰੰਥਾਂ ਵਿੱਚ ਵਾਰ-ਵਾਰ ਅਵਤਾਰਾਂ ਅਤੇ ਪੈਗ਼ੰਬਰਾਂ ਦਾ ਗੁਣ-ਗਾਨ ਹੁੰਦਾ ਰਿਹਾ ਹੈ। ਸ੍ਰੀਰਾਮ ਅਤੇ ਸ੍ਰੀਕ੍ਰਿਸ਼ਨ ਵਰਗੇ ਪ੍ਰਤਾਪੀ ਪੁਰਸ਼, ਵਿਸ਼ਨੂੰ-ਦੇਵਤੇ ਦੇ ਅਵਤਾਰ ਮੰਨੇ ਜਾਂਦੇ ਹਨ, ਜਿਨ੍ਹਾਂ ਨੇ ਰਾਵਣ ਅਤੇ ਕੰਸ ਵਰਗੇ ਜ਼ਾਲਮਾਂ-ਆਪਹੁਦਰਿਆਂ ਦਾ ਅੰਤ ਕੀਤਾ ਅਤੇ ਆਮ ਲੋਕਾਂ ਨੂੰ ਉਨ੍ਹਾਂ ਦੇ ਅੱਤਿਆਚਾਰਾਂ ਤੋਂ ਮੁਕਤ ਕਰਵਾਇਆ। ਇਤਿਹਾਸ-ਯੁੱਗ ਵਿੱਚ ਹਜ਼ਰਤ ਈਸਾ, ਪੈਗ਼ੰਬਰ ਮੁਹੰਮਦ ਅਤੇ ਗੁਰੂ ਨਾਨਕ ਸਾਹਿਬ ਵਰਗੇ ਮਹਾਨ ਰਹਿਬਰ ਪੈਦਾ ਹੋਏ, ਜਿਨ੍ਹਾਂ ਨੇ ਆਮ ਲੋਕਾਂ ਨੂੰ ਜ਼ੁਲਮ ਦੇ ਵਿਰੁੱਧ ਲੜਨ ਦੀ ਪ੍ਰੇਰਨਾ ਅਤੇ ਉਤਸ਼ਾਹ ਦਿੱਤਾ। ਇਉਂ ਹਰ ਦੇਸ਼ ਦੇ ਇਤਿਹਾਸ ਅਤੇ ਵਿਧੀ-ਵਿਧਾਨ ਨੂੰ ਗੁਰੂਆਂ ਅਤੇ ਪੈਗ਼ੰਬਰਾਂ ਦੇ ਜੀਵਨ ਅਤੇ ਸਿੱਖਿਆਵਾਂ ਨਾਲ ਜੋੜ ਕੇ ਵੇਖਿਆ ਜਾਂਦਾ ਹੈ। ਪਿਛਲੀਆਂ ਕੁਝ ਸਦੀਆਂ ਵਿੱਚ ਵਿਗਿਆਨ ਅਤੇ ਵਿਵੇਕ ਦੀ ਪ੍ਰਗਤੀ ਦੇ ਕਾਰਨ ਗੁਰੂਆਂ-ਪੀਰਾਂ ਦੇ ਬਿਰਤਾਂਤ ਵਿੱਚ ਕੁਝ ਨਵੇਂ ਅਧਿਆਇ ਵੀ ਜੁੜ ਗਏ ਹਨ। ਡਾਰਵਿਨ ਨੇ ਵਿਕਾਸਵਾਦ ਦੀ ਧਾਰਨਾ ਪ੍ਰਗਟ ਕਰਕੇ ਇਹ ਦਰਸਾਇਆ ਕਿ ਸ੍ਰਿਸ਼ਟੀ ਵਿੱਚ ਉਤਪੰਨ ਸਾਰੇ ਜੀਵ-ਜੰਤੂ ਆਪਣੀ ‘ਫ਼ਿਟਨੈੱਸ’ (ਤੰਦਰੁਸਤੀ) ਦੇ ਆਧਾਰ ਉੱਤੇ ਜੀਉਂਦੇ ਹਨ। ਸ੍ਰਿਸ਼ਟੀ ਦੇ ਸਰੂਪ ਵਿੱਚ ਨਿਰੰਤਰ ਤਬਦੀਲੀਆਂ ਹੁੰਦੀਆਂ ਰਹਿੰਦੀਆਂ ਹਨ, ਕਿਉਂਕਿ ਸਾਡਾ ਬ੍ਰਹਿਮੰਡ ਇੱਕ ਜਿਊਂਦਾ-ਧੜਕਦਾ ਪੁੰਜ ਹੈ ਅਤੇ ਕਿਸੇ ਵੀ ਪੁੰਜ ਦੇ ਜਿਊਂਦੇ-ਧੜਕਦੇ ਹੋਣ ਦੀ ਪ੍ਰਮੁੱਖ ਨਿਸ਼ਾਨੀ ਇਹ ਹੁੰਦੀ ਹੈ ਕਿ ਉਹ ਬਦਲਦਾ ਰਹਿੰਦਾ ਹੈ। ਜਿਹੜੀਆਂ ਜੀਵ-ਜਾਤੀਆਂ ਇਸ ਤਬਦੀਲੀ ਦੇ ਅਨੁਕੂਲ, ਆਪਣੇ ਆਚਾਰ-ਵਿਹਾਰ ਅਤੇ ਜੀਵਨ-ਸ਼ੈਲੀ ਨੂੰ ਬਦਲ ਲੈਂਦੀਆਂ ਹਨ, ਉਹ ਜੀਊਂਦੀਆਂ ਰਹਿੰਦੀਆਂ ਹਨ ਅਤੇ ਬਾਕੀ ਮਰ-ਮੁੱਕ ਜਾਂਦੀਆਂ ਹਨ। ਇਸ ਸੂਰਤ ਵਿੱਚ ਹਰ ਜਾਤੀ ਨੂੰ ਨਿਰੰਤਰ ਤਬਦੀਲੀ ਦਾ ਯਤਨ ਕਰਦੇ ਰਹਿਣਾ ਚਾਹੀਦਾ ਹੈ, ਨਹੀਂ ਤਾਂ ਉਨ੍ਹਾਂ ਦਾ ਅਸਤਿਤਵ (ਹੋਂਦ) ਖ਼ਤਰੇ ਵਿੱਚ ਪੈ ਸਕਦਾ ਹੈ।

ਸਾਡੇ ਦੇਸ਼ ਦੇ ਲੋਕਾਂ ਦੀ ਇਹ ਬਦਕਿਸਮਤੀ ਰਹੀ ਕਿ ਇਨ੍ਹਾਂ ਨੇ ਬਦਲਣਾ ਨਹੀਂ ਸਿੱਖਿਆ। ਇਹ ਇਕੋ ਤਰ੍ਹਾਂ ਦਾ ਜੀਵਨ ਜੀਉਂਦੇ-ਜੀਉਂਦੇ ਜੜ ਹੋ ਚੁੱਕੇ ਹਨ। ਮਹਾਨ ਗੁਰੂ ਅਤੇ ਪੀਰ ਵੀ ਇਨ੍ਹਾਂ ਨੂੰ ਬਦਲਣ ਦੀ ਜਾਚ ਨਹੀਂ ਸਿਖਾ ਸਕੇ। ਭੂਗੋਲਿਕ ਕਾਰਨਾਂ ਦੇ ਪ੍ਰਭਾਵ ਸਦਕਾ ਹੀ ਇਹ ਜੜ ਹੁੰਦੇ ਰਹੇ ਹਨ। ਜੜਤਾ ਦੇ ਕਾਰਨ ਇਸ ਦੇਸ਼ ਦੇ ਵਾਸੀਆਂ ਨੂੰ ਕਈ ਸਦੀਆਂ ਦੀ ਗ਼ੁਲਾਮੀ ਭੋਗਣੀ ਪਈ। ਹੁਣ ਭਾਵੇਂ ਸਾਡੇ ਦੇਸ਼ ਦੇ ਲੋਕ ਪਿਛਲੇ ਸੱਤ-ਅੱਠ ਦਹਾਕਿਆਂ ਤੋਂ ਆਜ਼ਾਦ ਹੋ ਚੁੱਕੇ ਹਨ ਪਰ ਇਹ ਅਜੇ ਵੀ ਤਬਦੀਲੀ ਅਤੇ ਪਰਿਵਰਤਨ ਦੀ ਰਮਜ਼ ਨਹੀਂ ਸਮਝ ਸਕੇ। ਇਕ ਪ੍ਰਸਿੱਧ ਕਵੀ ਨੇ ਸਾਡੇ ਲੋਕਾਂ ਦੀ ਯਥਾਸਥਿਤੀਵਾਦੀ ਸੋਚ ਉੱਪਰ ਟਿੱਪਣੀ ਕਰਦਿਆਂ ਹੋਇਆਂ ਬਿਲਕੁਲ ਸਹੀ ਲਿਖਿਆ ਸੀ : ਉੱਦਮ ਨੂੰ ਜੋ ਕਹਿਣ ਭਿਅੰਕਰ, ਬਦਲ ਦੇਣ ਨੂੰ ਕਾਰਾ, ਉਸ ਦੁਨੀਆ ਦਾ ਕੌਣ ਕਰੂ ਨਿਸਤਾਰਾ ? (ਪ੍ਰੀਤਮ ਸਿੰਘ ਸਫ਼ੀਰ)

ਸਾਨੂੰ ਇਹ ਵੀ ਸਮਝਣ ਦੀ ਜ਼ਰੂਰਤ ਹੈ ਕਿ ਅਸੀਂ ਆਪ ਚਾਹੇ ਬਦਲਣ ਦੀ ਚੇਤੰਨ ਕੋਸ਼ਿਸ਼ ਨਾ ਕਰੀਏ ਪਰੰਤੂ ਕੁਦਰਤ ਬਦਲਣ ਲਈ ਮਜਬੂਰ ਕਰ ਹੀ ਦਿੰਦੀ ਹੈ। ਧਰਤੀ ਉੱਪਰ ਪੈਣ ਵਾਲੇ ਅਨੇਕਮੁਖੀ ਦਬਾਵਾਂ ਦੇ ਕਾਰਨ ਨਵੇਂ-ਨਵੇਂ ਜੀਵ-ਜੰਤੂ, ਰੁੱਖ-ਬੂਟੇ ਅਤੇ ਇਸਤਰੀ-ਪੁਰਸ਼ ਪੈਦਾ ਹੁੰਦੇ ਰਹਿੰਦੇ ਹਨ। ਪਰਾਕ੍ਰਮੀ ਅਤੇ ਪ੍ਰਤਾਪੀ ਪੁਰਖ ਵੀ ਪ੍ਰਿਥਵੀ ਅਤੇ ਇਸ ਦੇ ਲੋਕਾਂ ਉੱਪਰ ਪੈਣ ਵਾਲੇ ਦਬਾਵਾਂ ਅਤੇ ਜ਼ੁਲਮਾਂ ਸਿਤਮਾਂ ਵਿਚੋਂ ਪੈਦਾ ਹੁੰਦੇ ਹਨ। ਵੱਖ-ਵੱਖ ਦੇਸ਼ਾਂ ਵਿੱਚ ਰਾਜਨੀਤਕ ਤੇ ਸਮਾਜਿਕ ਅੰਦੋਲਨ ਤੇ ਉਨ੍ਹਾਂ ਦੀ ਅਗਵਾਈ ਕਰਨ ਵਾਲੇ ਆਗੂ ਵੀ ਉਨ੍ਹਾਂ ਦੇਸ਼ਾਂ ਵਿੱਚ ਪੈਦਾ ਹੋਣ ਵਾਲੇ ਹਾਲਾਤ ਦੀ ਦੇਣ ਹੁੰਦੇ ਹਨ। ਬੇਸ਼ੱਕ, ਹਰ ਖਿੱਤੇ ਜਾਂ ਧਰਤੀ ਨੂੰ ਜਿਹੋ-ਜਿਹੇ ਜੀਵ-ਜੰਤੂਆਂ ਜਾਂ ਇਸਤਰੀ-ਪੁਰਖਾਂ ਦੀ ਜ਼ਰੂਰਤ ਹੁੰਦੀ ਹੈ, ਉਹੋ ਜਿਹੇ ਪੈਦਾ ਹੁੰਦੇ ਰਹਿੰਦੇ ਹਨ। ਚੰਗੇ ਵੀ, ਮਾੜੇ ਵੀ, ਸੂਝਵਾਨ ਅਤੇ ਬੇਸੂਝ ਵੀ, ਚੇਤੰਨ ਅਤੇ ਗਾਫ਼ਲ ਵੀ। ਸ੍ਰਿਸ਼ਟੀ ਦਾ ਵਿਕਾਸ ਇਸੇ ਪ੍ਰਕਾਰ ਹੁੰਦਾ ਹੈ। ਇਹ ਇਕ ਜੈਸੀ ਜਾਂ ਇਕਰੰਗੀ ਨਹੀਂ ਹੋ ਸਕਦੀ।

ਪਰੰਤੂ ਤਾਂ ਵੀ ਹਰ ਵਿਅਕਤੀ ਨੂੰ ਇਹ ਸੋਚ-ਸਮਝ ਲੈਣਾ ਚਾਹੀਦਾ ਹੈ ਕਿ ਧਰਤੀ ਦੇ ਜਿਸ ਟੁਕੜੇ ਉੱਪਰ ਉਹ ਪੈਦਾ ਹੋਇਆ ਹੈ, ਉਸ ਦੇ ਵਿਕਾਸ ਲਈ ਉਹ ਆਪ ਜ਼ਿੰਮੇਵਾਰ ਹੈ। ਉਸ ਨੂੰ ਆਪਣੀ ਜ਼ਿੰਮੇਵਾਰੀ ਓਟ ਲੈਣੀ ਚਾਹੀਦੀ ਹੈ। ਉਹ ਆਪਣੇ ਹਿੱਸੇ ਦੀ ਧਰਤੀ ਨੂੰ ਸੰਵਾਰੇ ਜਾਂ ਵਿਗਾੜੇ, ਇਹ ਉਸ ਦਾ ਆਪਣਾ ਪ੍ਰਾਜੈਕਟ ਹੁੰਦਾ ਹੈ। ਕਈ ਵਾਰ ਸੰਵਾਰਨ ਦੀ ਕੋਸ਼ਿਸ਼ ਕਰਨ ਵਾਲੇ ਵਿਗਾੜ ਜਾਂਦੇ ਹਨ ਅਤੇ ਵਿਗਾੜਨ ਵਾਲੇ ਸੰਵਾਰ ਜਾਂਦੇ ਹਨ। ਕੁਦਰਤ ਦੇ ਕਾਰਜ-ਕ੍ਰਮ ਦਾ ਲੇਖਾ-ਜੋਖਾ ਬਹੁਤ ਸਮਾਂ ਬਾਅਦ ਵਿਚ ਹੁੰਦਾ ਹੈ। ਸੋ, ਕਰਮਸ਼ੀਲ ਰਹੋ, ਕੁਝ ਨਾ ਕੁਝ ਕਰਦੇ ਰਹੋ।

# ਪੰਜਾਬ 'ਚ ਪ੍ਰਵਾਸੀਆਂ ਦੀ ਕਾਮਯਾਬੀ ਦੇ ਰਾਜ਼ ਬਾਰੇ ਪੰਜਾਬੀ ਆਤਮ-ਚਿੰਤਨ ਕਰਨ



ਡਾ. ਧਰਮ ਸਿੰਘ



ਇੱਕ ਮੋਟੇ ਅੰਦਾਜ਼ੇ ਅਨੁਸਾਰ ਅੱਜ ਪੰਜਾਬ ਵਿੱਚ ਪ੍ਰਵਾਸੀਆਂ ਦੀ ਗਿਣਤੀ ਕੁੱਲ ਆਬਾਦੀ ਦਾ ਤਕਰੀਬਨ ਛੇਵਾਂ ਹਿੱਸਾ ਹੈ। ਆਬਾਦੀ ਦਾ ਇਹ ਤਬਾਦਲਾ ਨਵੀਂ ਗੱਲ ਨਹੀਂ, ਪਰ ਪਹਿਲਾਂ ਇਹ ਰਫ਼ਤਾਰ ਨਿਗੂਣੀ ਸੀ। ਹਰੀ ਕ੍ਰਾਂਤੀ ਦੇ ਫਲਸਰੂਪ ਪੈਦਾ ਹੋਏ ਰੁਜ਼ਗਾਰ ਦੇ ਮੌਕਿਆਂ ਦੀ ਤਲਾਸ਼ ਵਿੱਚ ਪ੍ਰਵਾਸੀ ਖੇਤੀਬਾੜੀ ਦਾ ਕੰਮ ਕਰਨ ਲਈ ਪੰਜਾਬ ਆਉਂਦੇ, ਕੰਮ ਕਰਦੇ ਅਤੇ ਕਮਾਈ ਕਰਕੇ ਪਰਤ ਜਾਂਦੇ ਪਰ ਅੱਜ ਇਹ ਵਰਤਾਰਾ ਬਦਲ ਚੁੱਕਾ ਹੈ। ਇਹ ਪੱਕੇ ਤੌਰ 'ਤੇ ਇਥੇ ਵਸ ਗਏ ਹਨ ਅਤੇ ਇਨ੍ਹਾਂ ਨੇ ਜ਼ਮੀਨਾਂ-ਜਾਇਦਾਦਾਂ ਵੀ ਖ਼ਰੀਦ ਲਈਆਂ ਹਨ। ਕਈ ਸ਼ਹਿਰਾਂ ਵਿੱਚ ਇਹ ਕੌਂਸਲਰ ਅਤੇ ਪਿੰਡਾਂ ਦੀਆਂ ਪੰਚਾਇਤਾਂ ਵਿੱਚ ਪੰਚ/ਸਰਪੰਚ ਵੀ ਬਣ ਗਏ ਹਨ। ਪੁਰਾਣੇ ਪ੍ਰਵਾਸੀਆਂ ਦਾ ਕਾਫ਼ੀ ਹੱਦ ਤੱਕ ਪੰਜਾਬੀਕਰਨ ਹੋ ਚੁੱਕਾ ਹੈ। ਉਨ੍ਹਾਂ ਦੇ ਬੱਚੇ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਹਨ ਅਤੇ ਉਹ ਪੰਜਾਬੀ ਬੋਲਦੇ ਹਨ। ਚਿੰਤਨ-ਮੰਥਨ ਕਰਨ ਵਾਲੀ ਗੱਲ ਹੈ ਕਿ ਇਨ੍ਹਾਂ ਦੀ ਕਾਮਯਾਬੀ ਦਾ ਰਹੱਸ ਕੀ ਹੈ? ਇਸ ਰਹੱਸ ਦੇ ਕਈ ਪਾਸਾਰ ਹਨ, ਇਨ੍ਹਾਂ ਵਿਚੋਂ ਅੱਜ ਕੁਝ ਇੱਕ ਦੀ ਗੱਲ ਅਸੀਂ ਇਥੇ ਕਰਨੀ ਚਾਹਾਂਗੇ।

ਸਭ ਤੋਂ ਪਹਿਲਾ ਪ੍ਰਸ਼ਨ ਇਹ ਹੈ ਕਿ ਇਸ ਛੋਟੇ ਜਿਹੇ ਸੂਬੇ ਵਿੱਚ ਏਡੀ ਵੱਡੀ ਗਿਣਤੀ ਵਿੱਚ ਇਹ ਕਿਵੇਂ ਆ ਗਏ? ਇਹ ਇਸ ਕਰਕੇ ਹੋਇਆ ਕਿ ਪੰਜਾਬੀਆਂ ਨੇ ਜਿਨ੍ਹਾਂ ਕੰਮਾਂ ਤੋਂ ਪਾਸਾ ਵੱਟ ਲਿਆ ਸੀ, ਉਨ੍ਹਾਂ ਨੇ ਉਨ੍ਹਾਂ ਕੰਮਾਂ ਨੂੰ ਹੱਸ ਕੇ ਅਪਣਾ ਲਿਆ ਅਤੇ ਨਵੇਂ ਖੇਤਰਾਂ ਦੀ ਤਲਾਸ਼ ਸ਼ੁਰੂ ਕਰ ਦਿੱਤੀ। ਪੰਜਾਬੀਆਂ ਦੇ ਕੰਮ ਕਰਨ ਤੋਂ ਮੂੰਹ ਮੋੜਨ ਕਰਕੇ ਕਿਰਤ ਖੇਤਰ ਵਿੱਚ ਖਲਾਅ ਪੈਦਾ ਹੁੰਦਾ ਗਿਆ ਅਤੇ ਇਸ ਖਲਾਅ ਦੀ ਪੂਰਤੀ ਹਿਤ ਇਹ ਪ੍ਰਵਾਸੀ ਆਏ ਅਤੇ ਆਬਾਦ ਹੋਣੇ ਸ਼ੁਰੂ ਹੋ ਗਏ।

ਖੇਤੀ ਦੇ ਮਸ਼ੀਨੀਕਰਨ ਕਰਕੇ ਪਿੰਡਾਂ ਵਿੱਚ ਮਜ਼ਦੂਰੀ ਮਿਲਣੀ ਤਕਰੀਬਨ ਖ਼ਤਮ ਹੋ ਗਈ ਅਤੇ ਜਿਹੜੇ ਮੌਕੇ ਬਚੇ, ਉਹ ਪ੍ਰਵਾਸੀਆਂ ਨੇ ਸਾਂਭ ਲਏ। ਸਸਤੀ ਮਜ਼ਦੂਰੀ ਨੇ ਵੀ ਇਨ੍ਹਾਂ ਦੇ ਪੈਰ ਪੱਕੇ ਕਰਨ ਵਿੱਚ ਮਦਦ ਕੀਤੀ ਕਿਉਂਕਿ ਇਹ ਘੱਟ ਉਜਰਤ 'ਤੇ ਵੀ ਕੰਮ ਕਰਨ ਲਈ ਤਿਆਰ ਹੋ ਜਾਂਦੇ ਸਨ। ਪੰਜਾਬ ਦੇ ਅਣਸੁਖਾਵੇਂ ਹਾਲਾਤ ਅਤੇ ਬਿਹਤਰ ਜ਼ਿੰਦਗੀ ਜਿਊਣ ਦੀ ਲਾਲਸਾ ਕਾਰਨ ਸ਼ਹਿਰੀਕਰਨ ਅਤੇ ਨਵੀਆਂ ਕਾਲੋਨੀਆਂ ਕਾਇਮ ਕਰਨ ਦੇ ਰੁਝਾਨ ਕਾਰਨ ਮਕਾਨ ਉਸਾਰੀ ਦੇ ਖੇਤਰ ਵਿੱਚ ਹੁਨਰਮੰਦ ਕਾਰੀਗਰ ਧਾਅ ਕੇ ਪੈ ਗਏ। ਮਕਾਨ ਉਸਾਰੀ ਨਾਲ ਜੁੜੇ ਦੂਜੇ ਕੰਮ ਰਾਜਗਿਰੀ, ਰੰਗ ਰੋਗਨ ਅਤੇ ਪਾਲਿਸ਼, ਪਲੰਬਰ, ਟਾਈਲਾਂ/ਪੱਥਰਾਂ ਦੀ ਲੁਆਈ ਅਤੇ ਰਗੜਾਈ ਆਦਿ ਵਿੱਚ ਬਹੁਤੇ ਪ੍ਰਵਾਸੀ ਹੀ ਕੰਮ ਕਰ ਰਹੇ ਹਨ। ਇਸ ਤੋਂ ਇਲਾਵਾ ਵਪਾਰ, ਛੋਟੀ ਦੁਕਾਨਦਾਰੀ ਅਤੇ ਇਸ ਤਰ੍ਹਾਂ ਦੇ ਹੋਰ ਅਨੇਕ ਕੰਮਾਂ ਵਿੱਚ ਇਹ ਸਹਿਜੇ-ਸਹਿਜੇ ਪੈਰ ਜਮਾਉਂਦੇ ਗਏ। ਪੰਜਾਬੀ ਮਜ਼ਦੂਰ ਦੀ ਸੋਚ ਅਤੇ ਸਰਕਾਰੀ ਪੱਧਰ ਉੱਪਰ ਉਸ ਨੂੰ ਮਿਲਣ ਵਾਲੀਆਂ ਸਹੂਲਤਾਂ ਨੇ ਵੀ ਉਸ ਨੂੰ ਨੁਕਸਾਨ ਪਹੁੰਚਾਇਆ ਅਤੇ ਦਿਲਚਸਪ ਗੱਲ ਇਹ ਹੈ ਕਿ ਇਸ ਦੀ ਸੋਚ ਅੱਜ ਵੀ ਬਹੁਤੀ ਨਹੀਂ ਬਦਲੀ।

ਲੇਬਰ ਚੌਕ ਵਿੱਚ ਪੰਜਾਬੀ ਮਜ਼ਦੂਰਾਂ ਦੀਆਂ ਭੀੜਾਂ ਬੇਸ਼ੱਕ ਮਿਲਦੀਆਂ ਹਨ ਪਰ ਉਨ੍ਹਾਂ ਵਿਚੋਂ ਕਿੰਨੇ ਕੁ ਕੰਮ ਕਰਨ ਲਈ ਰਜ਼ਾਮੰਦ ਹੁੰਦੇ ਹਨ? ਇਹ ਆਪਣੇ-ਆਪ ਵਿੱਚ ਇਕ ਪ੍ਰਸ਼ਨ ਹੈ। ਲੇਬਰ ਚੌਕ ਵਾਲੇ ਕਿਸੇ ਪੰਜਾਬੀ ਮਜ਼ਦੂਰ ਨੂੰ ਕੰਮ ਉੱਪਰ ਲਾਉਣ ਲਈ ਪੁੱਛੋ ਤਾਂ ਉਹ ਪਹਿਲਾ ਸਵਾਲ ਇਹ ਕਰੇਗਾ ਕਿ ਕੰਮ ਕੀ ਹੈ? ਫੇਰ ਦੱਸਿਆ ਹੋਇਆ ਕੰਮ ਉਸ ਨੂੰ ਪਸੰਦ ਆ ਵੀ ਗਿਆ ਤਾਂ ਫਿਰ ਉਜਰਤ ਨੂੰ ਲੈ ਕੇ ਬਹਿਸ ਚੱਲ ਪਵੇਗੀ। ਪ੍ਰਵਾਸੀ ਮਜ਼ਦੂਰ ਇਹ ਸਵਾਲ ਘੱਟ ਹੀ ਕਰੇਗਾ ਅਤੇ ਉਜਰਤ ਬਾਰੇ ਵੀ ਬਹੁਤੀ ਬਹਿਸ ਵਿੱਚ ਨਹੀਂ ਪਵੇਗਾ।

ਅਦਨੇ ਸਮਝੇ ਜਾਣ ਵਾਲੇ ਜਿਹੜੇ ਕੰਮਾਂ ਤੋਂ ਪੰਜਾਬੀ ਨੱਕ-ਮੂੰਹ ਵੱਟਦੇ ਸਨ, ਅੱਜ ਉਹ ਸਾਰੇ ਕੰਮ ਪ੍ਰਵਾਸੀਆਂ ਨੇ ਸਾਂਭ ਲਏ ਹਨ, ਹਾਲਾਂਕਿ ਇਹ ਕੰਮ ਪੰਜਾਬੀਆਂ ਦੇ ਵੱਡੇ-ਵਡੇਰੇ ਸ਼ੌਕ ਨਾਲ ਕਰਦੇ ਰਹੇ ਸਨ। ਫਲ, ਸਬਜ਼ੀਆਂ ਦੀ ਵਿਕਰੀ ਤਾਂ ਹੁਣ ਸਾਰੀ ਦੀ ਸਾਰੀ ਇਨ੍ਹਾਂ ਦੇ ਕਬਜ਼ੇ ਵਿੱਚ ਆ ਗਈ ਹੈ। ਰੇਹੜੀਆਂ, ਫੜ੍ਹੀਆਂ ਉੱਪਰ ਆਪਣੀਆਂ ਪਤਨੀਆਂ ਅਤੇ ਧੀਆਂ-ਪੁੱਤਰਾਂ ਨੂੰ ਬਿਠਾ ਕੇ ਇਹ ਆਪ ਕਿਸੇ ਹੋਰ ਕੰਮ ਉੱਪਰ ਜਾ ਲੱਗਦੇ ਹਨ। ਸ਼ਾਮ ਨੂੰ ਹਰ ਸ਼ਹਿਰ ਵਿੱਚ ਬਰਗਰ, ਨੂਡਲ, ਚਾਟ-ਪਾਪੜੀਆਂ, ਸ਼ਕਰਗੰਦੀ, ਗੋਲ-ਗੱਪਿਆਂ, ਆਲੂਆਂ ਦੀਆਂ ਟਿੱਕੀਆਂ ਸੰਬੰਧੀ ਲਗਦੀਆਂ ਰੇਹੜੀਆਂ ਉੱਪਰ ਪ੍ਰਵਾਸੀ ਹੀ ਲੱਭਣਗੇ। ਫੇਰੀਆਂ ਵਾਲੇ ਵੀ ਹੁਣ ਬਹੁਤੇ ਪ੍ਰਵਾਸੀ ਹਨ। ਪੈਂਟਾਂ-ਜੈਕਟਾਂ ਦੀਆਂ ਜਿੱਪਾਂ ਲਗਾਉਣ ਵਾਲੇ, ਝਾੜੂ, ਪੋਚਿਆਂ, ਪਲਾਸਟਿਕ ਦੀਆਂ ਘਰੇਲੂ ਵਰਤੋਂ ਦੀਆਂ ਚੀਜ਼ਾਂ, ਫਰਸ਼ ਜਾਂ ਟਾਈਲਾਂ ਸਾਫ਼ ਕਰਨ ਵਾਲੇ ਸਾਬਣ ਸ਼ੈਂਪੂ-ਵੇਚਣ ਵਾਲੇ, ਰੱਦੀ ਇਕੱਠੀ ਕਰਨ ਵਾਲੇ ਕਬਾੜੀਏ ਸਭ ਦੇ ਸਭ ਪ੍ਰਵਾਸੀ ਹਨ। ਸ਼ਹਿਰਾਂ ਵਿੱਚ ਦੁਕਾਨਾਂ ਦੇ ਮਾਲਕ ਭਾਵੇਂ ਪੰਜਾਬੀ ਹੋਣ ਪਰ ਸੇਲਜ਼ਮੈਨ ਜਾਂ ਸਹਾਇਕ ਇਹੋ ਪ੍ਰਵਾਸੀ ਹੀ ਹਨ। ਰੰਗ ਰੋਗਨ ਦੀ ਦੁਕਾਨ ਵਿੱਚ ਕੰਪਿਊਟਰ ਦੀ ਮਦਦ ਨਾਲ ਰੰਗ ਮੈਚ ਕਰਨ ਵਾਲਾ ਡਾਈਮਾਸਟਰ ਪ੍ਰਵਾਸੀ ਹੀ ਹੋਵੇਗਾ। ਪਿਛਲੇ ਦਿਨੀਂ ਮੇਰੀ ਘਰੇਲੂ ਪਾਣੀ ਵਾਲੀ ਮੋਟਰ ਬੋਰ ਵਿੱਚ ਫਸ ਗਈ। ਜਿਹੜਾ ਕੱਢਣ ਆਇਆ, ਉਹ ਪ੍ਰਵਾਸੀ ਸੀ ਅਤੇ ਨਾਲ ਦੇ ਤਿੰਨ ਸਹਾਇਕ ਪੰਜਾਬੀ ਮੁੰਡੇ ਸਨ। ਫਰਨੀਚਰ ਦੀ ਦੁਕਾਨ ਜੇ ਪੰਜਾਬੀ ਦੀ ਹੈ ਤਾਂ ਪਾਲਿਸ਼ ਅਤੇ ਰੰਗ ਕਰਨ ਵਾਲਾ ਪ੍ਰਵਾਸੀ ਹੈ। ਇਸੇ ਤਰ੍ਹਾਂ ਸੈਨੇਟਰੀ ਵਸਤਾਂ ਦਾ ਮਾਲਕ ਜੇਕਰ ਪੰਜਾਬੀ ਹੈ ਤਾਂ ਵੱਖ-ਵੱਖ ਆਕਾਰਾਂ ਦੇ ਕਿਲ ਕਾਂਟੇ ਅਤੇ ਚੀਨੀ ਦੀਆਂ ਬਣੀਆਂ ਵਸਤਾਂ ਪ੍ਰਵਾਸੀ ਹੀ ਕੱਢ ਕੇ ਦੇਵੇਗਾ। ਥੋੜ੍ਹਾ ਚਿਰ ਹੋਇਆ ਕਿਸੇ ਕੰਮ ਜਲੰਧਰ ਗਿਆ। ਲਾਡੋਵਾਲੀ ਰੋਡ ਪਹੁੰਚਿਆ। ਯਾਦ ਆਇਆ ਕਿ ਕਾਰ ਦਾ ਪੁਰਾਣਾ ਟਾਇਰ ਲੈਣਾ ਹੈ, ਜਿਸ ਦੁਕਾਨਦਾਰ ਨਾਲ ਸਭ ਤੋਂ ਪਹਿਲਾਂ ਵਾਹ ਪਿਆ ਉਹ ਪ੍ਰਵਾਸੀ ਸੀ। ਲੋੜੀਂਦੇ ਨੰਬਰ ਦਾ ਟਾਇਰ ਉਸ ਕੋਲੋਂ ਨਾ ਮਿਲਿਆ ਪਰ ਜਿਸ ਦੁਕਾਨਦਾਰ ਦਾ ਉਸ ਨੇ ਪਤਾ ਦੱਸਿਆ ਉਸ ਦਾ ਨਾਂਅ ਬੱਚਾ ਯਾਦਵ ਸੀ। ਮੇਰੇ ਸ਼ਹਿਰ ਵਿੱਚ ਈ-ਰਿਕਸ਼ਿਆਂ ਦੀ ਘੜਮੱਸ ਹੈ ਅਤੇ ਇਹ ਜੇ ਸੌ ਪ੍ਰਤੀਸ਼ਤ ਨਹੀਂ ਤਾਂ ਨੱਬੇ ਪ੍ਰਤੀਸ਼ਤ ਪ੍ਰਵਾਸੀਆਂ ਦੇ ਹਨ। ਮੰਡੀ ਮੰਡੀ ਵਿੱਚ ਵੀ ਇਨ੍ਹਾਂ ਦਾ ਹੀ ਬੋਲਬਾਲਾ ਹੈ। ਸਾਧਾਰਨ ਕਿਸਮ ਦੇ ਗਲੀਚੇ ਮੈਟ ਜਾਂ ਪਾਇਦਾਨ ਖ਼ਰੀਦਣ ਲਈ ਸ਼ੋਅ ਰੂਮਾਂ ਵਿੱਚ ਜਾਣ ਦੀ ਲੋੜ ਨਹੀਂ। ਪਲਾਸਟਿਕ ਦੀਆਂ ਕੁਰਸੀਆਂ-ਮੇਜ਼ ਵੀ ਘਰ ਬੈਠਿਆਂ ਮਿਲ ਜਾਣਗੇ। ਗਰਮੀਆਂ ਵਿੱਚ ਕੁਲਫੀਆਂ ਅਤੇ ਆਈਸਕ੍ਰੀਮ ਵੇਚਣ ਵਾਲੇ, ਸਰਦੀਆਂ ਵਿੱਚ ਡਰਾਈ ਫਰੂਟ ਵੇਚਦੇ ਹਨ। ਇਹ ਤਾਂ ਉਹ ਮੋਟੇ-ਮੋਟੇ ਧੰਦੇ ਹਨ, ਜਿਨ੍ਹਾਂ ਦਾ ਪੰਜਾਬੀਆਂ ਨੇ ਤ੍ਰਿਸਕਾਰ ਕਰਕੇ ਆਪਣੀ ਕਿਰਤ ਯੋਗਤਾ ਵਿਚੋਂ ਖਾਰਜ ਕਰ ਛੱਡਿਆ ਹੈ। ਹੋਰ ਵੀ ਕਈ ਤਰ੍ਹਾਂ ਦੇ ਧੰਦੇ ਹਨ, ਜੋ ਪੰਜਾਬੀ ਛੱਡ ਚੁੱਕੇ ਹਨ ਤੇ ਉਹ ਧੰਦੇ ਪ੍ਰਵਾਸੀਆਂ ਦੇ ਕੋਲ ਜਾ ਚੁੱਕੇ ਹਨ। ਇਹ ਕੁਝ ਹਕੀਕਤਾਂ ਹਨ, ਜਿਨ੍ਹਾਂ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਅਤੇ ਇਹ ਪ੍ਰਵਾਸੀਆਂ ਦੀ ਕਾਮਯਾਬੀ ਦੇ ਰਾਜ਼ ਹਨ। ਪੰਜਾਬੀਆਂ ਨੂੰ ਇਨ੍ਹਾਂ ਸਥਿਤੀਆਂ ਦੀ ਸੰਭਾਲ ਕਰਨ ਲਈ ਆਤਮ-ਚਿੰਤਨ ਕਰਨਾ ਪਵੇਗਾ। ਕੰਮ ਤਾਂ ਰੁਕਦੇ ਨਹੀਂ, ਪੰਜਾਬੀ ਕਰਨਗੇ ਜਾਂ ਪ੍ਰਵਾਸੀ ਕਰਨਗੇ। ਕੰਮ ਦੀ ਘਾਟ ਨਹੀਂ ਪਰ ਨਿਘਰ ਰਹੀਆਂ ਕਦਰਾਂ-ਕੀਮਤਾਂ ਅਤੇ ਸੋਚਾਂ ਵਿੱਚ ਵਿਗਾੜ ਨੇ ਪੰਜਾਬੀਆਂ ਨੂੰ ਤਬਾਹੀ ਕੰਢੇ ਲਿਆ ਖੜ੍ਹਾ ਕੀਤਾ ਹੈ।

# ਲੋੜ ਹੈ ਸੁਧਾਰ ਘਰਾਂ 'ਚ ਹੀ ਸੁਧਾਰ ਕਰਨ ਦੀ

## ਜੇਲ੍ਹਾਂ ਅੰਦਰ ਡਰੱਗ, ਗੈਂਗਸਟਰਾਂ ਦਾ ਕਰਾਈਮ ਰੋਕਣ ਲਈ ਸਿਆਸੀ ਦ੍ਰਿੜ੍ਹ ਇੱਛਾ ਸ਼ਕਤੀ ਪੈਦਾ ਕੀਤੀ ਜਾਵੇ



ਮੋਹਨ ਸ਼ਰਮਾ

ਪੰਜਾਬ ਦੀਆਂ 40 ਜੇਲ੍ਹਾਂ 'ਚ ਇਸ ਵੇਲੇ 31218 ਕੈਦੀ ਨਜ਼ਰਬੰਦ ਹਨ ਜਦਕਿ ਇਨ੍ਹਾਂ ਦੀ ਸਮਰੱਥਾ 25536 ਹੈ। ਜੇਲ੍ਹਾਂ ਦਾ ਨਾਂ ਭਾਵੇਂ ਸੁਧਾਰ ਘਰ ਰੱਖਿਆ ਗਿਆ ਹੈ ਪਰ ਆਮ ਵੇਖਿਆ ਗਿਆ ਹੈ ਕਿ ਇਨ੍ਹਾਂ 'ਚੋਂ ਵਾਪਸ ਆਉਣ ਤੋਂ ਬਾਅਦ ਬਹੁਤ ਸਾਰੇ ਕੈਦੀ ਪਹਿਲਾਂ ਨਾਲੋਂ ਵੀ ਜ਼ਿਆਦਾ ਝਗੜਾਲੂ, ਧੋਖੇਬਾਜ਼ ਤੇ ਨੈਤਿਕ ਨਿਘਾਰ ਵਾਲਿਆਂ ਬਹੁਤ ਸਾਰੀਆਂ ਹੋਰ ਬੁਰੀਆਂ ਆਦਤਾਂ ਨਾਲ ਲੈ ਕੇ ਆਉਂਦੇ ਹਨ। ਨਸ਼ਾ ਤਸਕਰੀ ਦੇ ਨਵੇਂ-ਨਵੇਂ ਢੰਗ ਉਹ ਜੇਲ੍ਹ 'ਚੋਂ ਹੀ ਸਿੱਖ ਕੇ ਆਉਂਦੇ ਹਨ।

ਜੇਲ੍ਹਾਂ 'ਚੋਂ ਰਿਹਾਈ ਵੇਲੇ ਪਾਕਿਸਤਾਨੀ ਤਸਕਰਾਂ ਦੇ ਮੋਬਾਈਲ ਨੰਬਰ ਪ੍ਰਾਪਤ ਕਰਨ ਉਪਰੰਤ ਸਰਹੱਦ ਪਾਰੋਂ ਡ੍ਰੋਨਾਂ ਰਾਹੀਂ ਨਸ਼ੇ ਦੀ ਤਸਕਰੀ ਕਰਨ ਵਾਲੇ ਬਹੁਤ ਸਾਰੇ ਅਜਿਹੇ ਮੁਲਜ਼ਮ ਪੁਲਿਸ ਦੇ ਧੱਕੇ ਵੀ ਚੜ੍ਹੇ ਹਨ। ਪੰਜਾਬ ਦੀਆਂ ਜੇਲ੍ਹਾਂ 'ਚ ਨਸ਼ਾ, ਮੋਬਾਈਲ, ਬਾਹਰਲੇ ਤਸਕਰਾਂ ਨਾਲ ਸਬੰਧ, ਮੋਬਾਈਲ ਫ਼ੋਨਾਂ ਰਾਹੀਂ ਨਸ਼ੇ ਦਾ ਕਾਰੋਬਾਰ, ਜੇਲ੍ਹ 'ਚ ਬੈਠੇ ਗੈਂਗਸਟਰਾਂ ਵੱਲੋਂ ਫ਼ਿਰੌਤੀ ਲਈ ਧਮਕੀਆਂ, ਮੋਬਾਈਲ 'ਤੇ ਐਸ਼ਪ੍ਰਸਤੀ ਨੂੰ ਦਰਸਾਉਂਦੀਆਂ ਸੈਲਫ਼ੀਆਂ ਦਾ ਜੇਲ੍ਹ ਤੋਂ ਬਾਹਰ ਵਾਇਰਲ ਹੋਣਾ ਅੱਜ-ਕੱਲ੍ਹ ਬਹੁਤਕ ਜ਼ਿਆਦਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

ਪੰਜਾਬ ਦੀ ਇਕ ਜੇਲ੍ਹ ਤੋਂ ਸਜ਼ਾ ਕੱਟ ਕੇ ਬਾਹਰ ਆਏ ਕੈਦੀ ਨੇ ਸਨਸਨੀਖ਼ੇਜ਼ ਖ਼ੁਲਾਸਾ ਕਰਦਿਆਂ ਪ੍ਰਗਟਾਵਾ ਕੀਤਾ ਹੈ ਕਿ ਜੇਲ੍ਹ 'ਚ ਹਰ ਤਰ੍ਹਾਂ ਦਾ ਨਸ਼ਾ, ਮੋਬਾਈਲ ਅਤੇ ਹੋਰ ਸੁੱਖ-ਸਹੂਲਤਾਂ ਪੈਸੇ ਅਤੇ ਬਾਹੂਬਲ ਦੇ ਜ਼ੋਰ 'ਤੇ ਪ੍ਰਾਪਤ ਕੀਤੀਆਂ ਜਾਂਦੀਆਂ ਹਨ। ਕਮਜ਼ੋਰ ਵਰਗ ਤੇ ਗਰੀਬ ਤਬਕੇ ਦੀ ਜੇਲ੍ਹ 'ਚ ਕੋਈ ਪੁੱਛ ਪ੍ਰਤੀਤ ਨਹੀਂ ਪਰ ਬਦਮਾਸ਼ਾਂ ਅਤੇ ਦੋ ਨੰਬਰ ਦੀ ਕਮਾਈ ਕਰਨ ਵਾਲਿਆਂ ਲਈ ਜੇਲ੍ਹਾਂ ਐਸ਼ਪ੍ਰਸਤੀ ਦਾ ਅੱਡਾ ਬਣੀਆਂ ਹੋਈਆਂ ਹਨ। ਜੇਲ੍ਹਾਂ 'ਚ ਅਜਿਹੇ ਵਰਤਾਰੇ ਦਾ ਕੱਚਾ ਚਿੱਠਾ ਸ਼ਿਕਾਇਤ ਦੇ ਰੂਪ 'ਚ ਜਿੱਥੇ ਉਸ ਜ਼ਿਲ੍ਹੇ ਦੇ ਸਜ਼ਾ ਕੱਟ ਚੁੱਕੇ ਕੈਦੀ ਵੱਲੋਂ ਐੱਸਐੱਸਪੀ ਨੂੰ ਭੇਜਿਆ ਗਿਆ ਹੈ, ਉੱਥੇ ਹੀ ਸਾਰਾ ਕੁਝ ਦੱਸ ਕੇ ਵੀਡੀਓ ਜਨਤਕ ਕੀਤੀ ਹੈ। ਜੇਲ੍ਹ ਦੇ ਮੁਲਾਜ਼ਮਾਂ ਅਤੇ ਅਧਿਕਾਰੀਆਂ 'ਤੇ ਦੋਸ਼ ਲਾਉਂਦਿਆਂ ਉਸ ਨੇ ਪ੍ਰਗਟਾਵਾ ਕੀਤਾ ਕਿ ਇਹ ਸਾਰਾ ਉਨ੍ਹਾਂ ਦੀ ਮਿਲੀਭੁਗਤ ਨਾਲ ਹੀ ਕੀਤਾ ਜਾਂਦਾ ਹੈ। ਜਿਹੜਾ ਕੈਦੀ ਇਸ ਵਿਰੁੱਧ ਆਵਾਜ਼ ਉਠਾਉਂਦਾ ਹੈ, ਉਸ ਨੂੰ ਜੇਲ੍ਹ ਅਧਿਕਾਰੀਆਂ ਤੋਂ ਤਸੀਹੇ ਸਹਿਣੇ ਪੈਂਦੇ ਹਨ। ਗੇਟ ਦੇ ਅੰਦਰ ਆਉਣ-ਜਾਣ ਵਾਲੇ 'ਤੇ ਬਾਜ਼ ਅੱਖ ਰੱਖੀ ਜਾਂਦੀ ਹੈ, ਫਿਰ ਭਲਾ ਅੰਦਰ ਨਸ਼ਾ ਅਤੇ ਹੋਰ ਨਾਜਾਇਜ਼ ਸਾਮਾਨ ਕਿਵੇਂ ਪਹੁੰਚਦਾ ਹੈ? ਇਸ ਸਬੰਧੀ ਕੈਦੀ ਨੇ ਖ਼ੁਲਾਸਾ ਕੀਤਾ ਹੈ ਕਿ ਕੈਦੀਆਂ ਦੀਆਂ ਬਣੀਆਂ ਬੈਰਕਾਂ 'ਚੋਂ ਪਹੁੰਚ ਵਾਲੇ ਕੈਦੀਆਂ ਨੂੰ ਬੈਰਕ ਦਾ ਨੰਬਰਦਾਰ ਬਣਾ ਦਿੱਤਾ ਜਾਂਦਾ ਹੈ ਅਤੇ ਉਸ ਰਾਹੀਂ ਹੀ ਇਹ ਗੋਰਖਧੰਦਾ ਚੱਲਦਾ ਹੈ। ਦੁਪਹਿਰ ਬਾਰਾਂ-ਇਕ ਵਜੇ ਅਤੇ ਫਿਰ ਸ਼ਾਮ ਨੂੰ ਬਾਹਰੋਂ ਇੱਕ ਪੋਟਲੀ ਜਿਹੀ ਬਣਾ ਕੇ ਸਾਮਾਨ ਸੁੱਟਿਆ ਜਾਂਦਾ ਹੈ, ਜਿਸ 'ਚ ਮੋਬਾਈਲ ਫ਼ੋਨ, ਚਿੱਟਾ, ਜ਼ਰਦਾ, ਅਫ਼ੀਮ, ਸੁਲਫ਼ਾ, ਬੀੜੀਆਂ ਦੇ ਬੰਡਲ, ਮੈਡੀਕਲ ਨਸ਼ੇ ਵਾਲੀਆਂ ਗੋਲੀਆਂ, ਸਿਗਨੇਚਰ ਕੈਪਸੂਲ ਆਦਿ ਸਾਮਾਨ ਪੈਕ ਹੁੰਦਾ ਹੈ। ਇਸ ਸਾਮਾਨ ਨੂੰ ਨੰਬਰਦਾਰ ਹੀ ਸੰਭਾਲਦਾ ਹੈ ਅਤੇ ਫਿਰ ਮਹਿੰਗੇ ਭਾਅ 'ਤੇ ਕੈਦੀਆਂ ਨੂੰ ਸਪਲਾਈ ਕੀਤਾ ਜਾਂਦਾ ਹੈ।

ਜ਼ਰਦੇ ਦੀ 10 ਰੁਪਏ ਵਾਲੀ ਪੁੜੀ ਅਗਾਂਹ 500 ਤੋਂ 1000 ਰੁਪਏ ਤੱਕ ਵੇਚੀ ਜਾਂਦੀ ਹੈ। ਇਸ ਤਰੀਕੇ ਨਾਲ ਹੀ ਸਾਧਾਰਨ ਹਜ਼ਾਰ ਰੁਪਏ ਵਾਲਾ ਮੋਬਾਈਲ ਵੀਹ ਹਜ਼ਾਰ ਰੁਪਏ ਤੱਕ ਵੇਚਿਆ ਜਾਂਦਾ ਹੈ। ਬਾਹਰੋਂ ਸਾਮਾਨ ਸੁੱਟਣ ਵਾਲੇ ਨਾਲ ਨੰਬਰਦਾਰ ਦੀ ਅੱਟੀ-ਸੱਟੀ ਹੁੰਦੀ ਹੈ ਅਤੇ ਜੇਲ੍ਹ 'ਚ ਚੱਲ ਰਹੇ ਕਾਰੋਬਾਰ 'ਚ ਜੇਲ੍ਹ ਮੁਲਾਜ਼ਮਾਂ ਦੀ ਮਿਲੀਭੁਗਤ ਹੁੰਦੀ ਹੈ ਅਤੇ ਉਹ ਇਸ ਕਾਲੀ ਕਮਾਈ ਨੂੰ ਬਾਅਦ 'ਚ ਵੰਡ ਲੈਂਦੇ ਹਨ। ਮਾਨਸਾ ਜ਼ਿਲ੍ਹੇ ਨਾਲ ਸਬੰਧਤ ਜੇਲ੍ਹ ਤੋਂ ਰਿਹਾਅ ਹੋ ਕੇ ਆਏ ਕੈਦੀ ਦੇ ਦੋਸ਼ਾਂ ਦੀ ਜਦੋਂ ਉੱਚ ਪੱਧਰੀ ਪੜਤਾਲ ਕੀਤੀ ਗਈ ਤਾਂ ਦੋਸ਼ ਸਹੀ ਪਾਏ ਗਏ ਅਤੇ ਮਾਨਸਾ ਜੇਲ੍ਹ ਦੇ 2 ਸਹਾਇਕ ਸੁਪਰਡੈਂਟਾਂ ਸਮੇਤ 6 ਮੁਲਾਜ਼ਮਾਂ ਨੂੰ ਨਸ਼ਾ ਤਸਕਰੀ ਦੇ ਦੋਸ਼ਾਂ ਹੇਠ ਮੁਅੱਤਲ ਕਰ ਦਿੱਤਾ ਗਿਆ ਹੈ।



ਪੰਦਰਾਂ ਫ਼ਰਵਰੀ 2023 ਨੂੰ ਫ਼ਰੀਦਕੋਟ ਕੇਂਦਰੀ ਮਾਡਰਨ ਜੇਲ੍ਹ 'ਚ ਹੈੱਡ ਵਾਰਡਨ ਨੂੰ ਨਸ਼ਾ ਸਪਲਾਈ ਕਰਨ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ। ਜਿਸ ਕੈਦੀ ਨੂੰ ਉਹ ਹੈਰੋਇਨ ਸਪਲਾਈ ਕਰਦਾ ਫੜਿਆ ਗਿਆ, ਉਸ ਦੀ ਕੀਤੀ ਪੁੱਛਗਿੱਛ ਉਪਰੰਤ ਜੇਲ੍ਹ 'ਚ ਨਸ਼ਾ ਵੇਚਣ ਵਾਲਾ ਗਿਰੋਹ ਹੀ ਫੜਿਆ ਗਿਆ। ਇਸ ਕਾਲੇ ਧੰਦੇ ਦੇ ਕਾਰੋਬਾਰ ਦਾ ਲੈਣ-ਦੇਣ ਮੋਬਾਈਲ ਰਾਹੀਂ ਕੀਤਾ ਜਾਂਦਾ ਸੀ। ਜਦ ਦਰਬਾਨਾਂ ਦੀ ਅੱਖ ਚੋਰਾਂ ਨਾਲ ਮਿਲ ਜਾਵੇ, ਫ਼ਿਰ ਜਾਨ-ਮਾਲ ਨੂੰ ਗੰਭੀਰ ਖ਼ਤਰਾ ਹੋਣਾ ਹੀ ਹੈ।

ਇੱਕ ਪਾਸੇ ਨਸ਼ਾ ਮੁਕਤ ਸਮਾਜ ਸਿਰਜਣ ਦੇ ਸਰਕਾਰੀ ਯਤਨ ਅਤੇ ਦੂਜੇ ਪਾਸੇ ਪੰਜਾਬ ਦੀਆਂ ਬਹੁਤ ਸਾਰੀਆਂ ਜੇਲ੍ਹਾਂ ਦੀ ਨਸ਼ੇ ਦੀ ਮੰਡੀ ਵਜੋਂ ਪਛਾਣ ਬਣਨਾ ਬਹੁਤ ਗੰਭੀਰ ਚਿੰਤਾ ਵਾਲੀ ਗੱਲ ਹੈ। ਪਿਛਲੇ ਦਿਨੀਂ ਗੁਜਰਾਤ ਦੇ ਅਹਿਮਦਾਬਾਦ 'ਚ ਨਾਜਾਇਜ਼ ਮੈਡੀਕਲ ਨਸ਼ੇ ਦੀਆਂ ਦਵਾਈਆਂ ਤਿਆਰ ਕਰਨ ਵਾਲੀ ਫ਼ੈਕਟਰੀ ਦਾ ਪਰਦਾਫ਼ਾਸ਼ ਹੋਇਆ ਹੈ। ਉੱਥੋਂ ਨਸ਼ੇ ਵਾਲੀਆਂ ਦਵਾਈਆਂ ਦੀ ਸਪਲਾਈ ਗੋਇੰਦਵਾਲ ਸਾਹਿਬ ਅਤੇ ਮਾਨਸਾ ਜੇਲ੍ਹ 'ਚ ਬੰਦ ਕੁਝ ਹਵਾਲਾਤੀ ਮੋਬਾਈਲ ਰਾਹੀਂ ਹੀ ਕਰਵਾ ਰਹੇ ਸਨ।

ਇਸ ਤਰ੍ਹਾਂ ਹੀ ਜੇਲ੍ਹ 'ਚ ਬੰਦ ਇੱਕ ਹਤਿਆਰੇ ਦੀ ਜਾਰੀ ਇੱਕ ਸੈਲਫ਼ੀ ਵੀਡੀਓ ਦਾ ਅਦਾਲਤ ਵੱਲੋਂ ਗੰਭੀਰ ਨੋਟਿਸ ਲੈਂਦਿਆਂ ਸੂਬੇ ਦੇ ਡੀਜੀਪੀ ਨੂੰ ਹਲਫ਼ੀਆ ਬਿਆਨ ਦਾਖ਼ਲ ਕੀਤੇ ਜਾਣ ਦਾ ਦਿੱਤਾ ਗਿਆ ਨਿਰਦੇਸ਼ ਵੀ ਪੰਜਾਬ ਦੀਆਂ ਜੇਲ੍ਹਾਂ ਅੰਦਰ ਅਪਰਾਧੀਆਂ ਦੇ ਦਬਦਬੇ ਨੂੰ ਦਰਸਾਉਣ ਲਈ ਕਾਫ਼ੀ ਮੰਨਿਆ ਜਾ ਸਕਦਾ ਹੈ। ਇਸ ਸੈਲਫ਼ੀ 'ਚ ਉਕਤ ਹੱਤਿਆ ਦਾ ਦੋਸ਼ੀ ਅਤੇ ਉਸ ਨਾਲ ਖੜ੍ਹੇ ਕਈ ਹੋਰ ਕੈਦੀਆਂ ਦੇ ਹੱਥਾਂ 'ਚ ਮੋਬਾਈਲ ਫ਼ੋਨ ਫੜੇ ਦਿਖਾਈ ਦੇ ਰਹੇ ਹਨ। ਐਦਾਂ ਹੀ ਪਾਕਸੋ ਐਕਟ ਦੀ ਧਾਰਾ 376 ਅਧੀਨ ਜਬਰ-ਜਨਾਹ ਦਾ ਦੋਸ਼ੀ ਜੇਲ੍ਹ ਅੰਦਰੋਂ ਪੀੜਤ ਕੁੜੀ ਨੂੰ ਜੇਲ੍ਹ 'ਚ ਵੀਡੀਓ ਬਣਾ ਕੇ ਭੇਜਦਾ ਹੈ, ਜਿਸ 'ਚ ਉਹ ਆਪਣੇ ਦੋ-ਤਿੰਨ ਸਾਥੀਆਂ ਨਾਲ ਟੀਵੀ ਅੱਗੇ ਬੈਠਾ ਸ਼ੁਗਲ ਮੇਲਾ ਕਰ ਰਿਹਾ ਹੈ।

ਕੈਦੀ ਦੀ ਇਸ ਹਰਕਤ ਸਬੰਧੀ ਵੀ ਅਦਾਲਤ ਦੇ ਆਦੇਸ਼ ਅਨੁਸਾਰ ਪੜਤਾਲ ਹੋ ਰਹੀ ਹੈ। ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ 'ਚ ਬੰਦ ਕੈਦੀਆਂ ਵੱਲੋਂ ਅਮਨ ਕਾਨੂੰਨ ਭੰਗ ਕਰਨ ਵਾਲੀਆਂ ਅਜਿਹੀਆਂ ਘਟਨਾਵਾਂ ਦਾ ਹਾਈ ਕੋਰਟ ਨੇ ਗੰਭੀਰ ਨੋਟਿਸ ਲਿਆ ਹੈ। ਹਾਈ ਕੋਰਟ ਦੇ ਜੱਜ ਐੱਨਐੱਸ ਸ਼ੇਖਾਵਤ ਉਸ ਵੇਲੇ ਬਹੁਤ ਪਰੇਸ਼ਾਨ ਹੋ ਗਏ ਜਦੋਂ ਫ਼ਿਰੋਜ਼ਪੁਰ ਸੈਂਟਰਲ ਜੇਲ੍ਹ 'ਚ ਬੰਦ ਸਮੱਗਲਰਾਂ ਨੂੰ ਫ਼ੋਨ ਦੀਆਂ ਸਹੂਲਤਾਂ ਦੇਣ ਦਾ ਕਾਂਡ ਸਾਹਮਣੇ ਆਇਆ। ਇਕ ਸਮੱਗਲਰ ਜੇਲ੍ਹ 'ਚ 1 ਮਾਰਚ 2019 ਤੋਂ 31 ਮਾਰਚ 2019 ਤੱਕ ਅੰਦਰ ਸੀ। ਉਸ ਦੇ ਫ਼ੋਨ ਤੋਂ 38850 ਕਾਲਾਂ ਹੋਈਆਂ। ਦੂਜੇ ਕੈਦੀ ਦੇ ਫ਼ੋਨ ਤੋਂ 9 ਅਕਤੂਬਰ 2021 ਤੋਂ 14 ਫ਼ਰਵਰੀ 2021 ਤੱਕ 4582 ਕਾਲਾਂ ਦਾ ਰਿਕਾਰਡ ਸਾਹਮਣੇ ਆਇਆ ਹੈ। ਜੇਲ੍ਹ ਅੰਦਰ ਹੋਰ ਵੀ ਕਈ ਫ਼ੋਨਾਂ ਤੋਂ ਸੈਂਕੜੇ ਕਾਲਾਂ ਕੀਤੀਆਂ ਗਈਆਂ। ਜੇਲ੍ਹ 'ਚ ਬੰਦ ਦੋ ਤਸਕਰਾਂ ਵੱਲੋਂ ਆਪਣੀਆਂ ਪਤਨੀਆਂ ਦੇ ਖਾਤੇ 'ਚ 1.35 ਕਰੋੜ ਰੁਪਏ ਟਰਾਂਸਫ਼ਰ ਕਰਨ ਦਾ ਮਾਮਲਾ ਵੀ ਜੇਲ੍ਹ ਮੁਲਾਜ਼ਮਾਂ ਦੀ ਕਾਰਗੁਜ਼ਾਰੀ 'ਤੇ ਪ੍ਰਸ਼ਨ ਚਿੰਨ੍ਹ ਲਾਉਂਦਾ ਹੈ।

(ਬਾਕੀ ਸਫ਼ਾ 31 'ਤੇ)

# ਕਾਦਰ ਦੀ ਕੁਦਰਤ

# ਪਹਾੜਾਂ ਦੀ ਠੰਡ ਮੈਦਾਨਾਂ 'ਚ ਕਿਉਂ ਉੱਤਰੀ ?






## ➢ ਕੁਦਰਤ ਦੇ ਨਿਯਮਾਂ ਅਨੁਸਾਰ ਜ਼ਿੰਦਗੀ ਬਤੀਤ ਕਰੇ ਮਨੁੱਖ
## ➢ ਰੁੱਖਾਂ ਦੇ ਜੰਗਲਾਂ ਦੀ ਥਾਂ ਬਣ ਗਏ ਨੇ ਕੰਕਰੀਟ ਦੇ ਜੰਗਲ



ਪੰਜਾਬ ਡਾਇਰੀ ਲਿਖਣ ਸਮੇਂ ਪੰਜਾਬ ਸਮੇਤ ਪੂਰੇ ਉੱਤਰੀ ਭਾਰਤ ਵਿੱਚ ਕੜਾਕੇ ਦੀ ਠੰਡ ਪੈ ਰਹੀ ਹੈ। ਸੰਘਣੀ ਧੁੰਦ ਅਤੇ ਪੈ ਰਹੀ ਤ੍ਰੇਲ ਨੇ ਮਨੁੱਖਾਂ ਦੇ ਧੁਰ ਅੰਦਰ ਤੱਕ ਕੰਬਣੀ ਛੇੜੀ ਹੋਈ ਹੈ। ਵਾਤਾਵਰਣ ਅਤੇ ਮੌਸਮ ਦੇ ਮਾਹਿਰ ਦਾਅਵਾ ਕਰ ਰਹੇ ਹਨ ਕਿ ਪੰਜਾਬ ਵਿੱਚ ਇਸ ਸਮੇਂ ਪੈ ਰਹੀ ਠੰਡ ਨੇ ਪਿਛਲੇ ਕਈ ਰਿਕਾਰਡ ਤੋੜ ਦਿੱਤੇ ਹਨ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਸ ਠੰਡ ਲਈ ਕਿਤੇ ਕਿਸੇ ਨਾ ਕਿਸੇ ਰੂਪ ਵਿੱਚ ਖੁਦ ਇਨਸਾਨ ਹੀ ਤਾਂ ਜ਼ਿੰਮੇਵਾਰ ਨਹੀਂ ? ਪੁਰਾਣੇ ਸਮੇਂ ਦੌਰਾਨ ਪੰਜਾਬ ਵਿੱਚ ਮੁਟਿਆਰਾਂ ਦੇ ਚਰਖੇ ਦੀ ਕੂਕ ਸੁਣ ਕੇ ਅਤੇ ਚਰਖਾ ਕੱਤਦੀਆਂ ਮੁਟਿਆਰਾਂ ਵੱਲੋਂ ਸੁਰੀਲੀ ਆਵਾਜ਼ ਵਿੱਚ ਗਾਏ ਜਾ ਰਹੇ ਗੀਤ ਸੁਣ ਕੇ ਜੋਗੀ ਪਹਾੜਾਂ ਤੋਂ ਉੱਤਰ ਆਉਂਦੇ ਸਨ ਪਰ ਹੁਣ ਤਾਂ ਪਹਾੜਾਂ ਤੋਂ ਠੰਡ ਹੀ ਮੈਦਾਨੀ ਇਲਾਕਿਆਂ ਵਿੱਚ ਉੱਤਰ ਆਈ ਹੈ ਅਤੇ ਪਹਾੜੀ ਇਲਾਕਿਆਂ ਨਾਲੋਂ ਪੰਜਾਬ ਦੇ ਮੈਦਾਨੀ ਇਲਾਕਿਆਂ ਵਿੱਚ ਠੰਡ ਜ਼ਿਆਦਾ ਮਹਿਸੂਸ ਕੀਤੀ ਜਾ ਰਹੀ ਹੈ। ਮੌਸਮ ਵਿਗਿਆਨੀਆਂ ਅਨੁਸਾਰ ਅੱਜ ਕੱਲ੍ਹ ਪੰਜਾਬ ਦੇ ਕਈ ਸ਼ਹਿਰ ਪਹਾੜੀ ਇਲਾਕਿਆਂ ਨਾਲੋਂ ਵਧੇਰੇ ਠੰਡੇ ਹਨ। ਪੰਜਾਬ ਦੇ ਇਤਿਹਾਸ ਦੇ ਵਰਕੇ ਫਰੋਲਦਿਆਂ ਪਤਾ ਚੱਲਦਾ ਹੈ ਕਿ ਪੰਜਾਬ ਦੇ ਮਾਲਵਾ ਇਲਾਕੇ ਵਿੱਚ ਪਹਿਲਾਂ ਸੰਘਣੇ ਜੰਗਲ ਹੁੰਦੇ ਸਨ, ਪਰ ਹੁਣ ਤਾਂ ਇਸ ਇਲਾਕੇ ਵਿੱਚ ਸਿਰਫ਼ ਕੰਕਰੀਟ ਦੇ ਜੰਗਲ ਹੀ ਨਜ਼ਰ ਆ ਰਹੇ ਹਨ। ਇਹੋ ਹੀ ਹਾਲ ਪੰਜਾਬ ਦੇ ਮਾਝੇ ਤੇ ਦੋਆਬਾ ਇਲਾਕੇ ਦਾ ਹੋਇਆ ਹੈ ਭਾਵ ਹਰ ਪਾਸੇ ਕੰਕਰੀਟ ਦੇ ਜੰਗਲ ਤਾਂ ਨਜ਼ਰ ਆ ਰਹੇ ਹਨ ਪਰ ਵੱਖ- ਵੱਖ ਕਿਸਮਾਂ ਦੇ ਰੁੱਖਾਂ ਨਾਲ ਭਰੇ ਹੋਏ ਅਸਲੀ ਜੰਗਲ ਗਾਇਬ ਹੋ ਗਏ ਹਨ। ਪੰਜਾਬੀਆਂ ਨੇ ਤਾਂ ਮਾਛੀਵਾੜੇ ਦੇ ਇਤਿਹਾਸਿਕ ਜੰਗਲ ਵੀ ਸਾਂਭ ਕੇ ਨਹੀਂ ਰੱਖੇ, ਜਿਨ੍ਹਾਂ ਜੰਗਲਾਂ ਵਿੱਚ ਵਿਚਰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਮਹਾਨ ਸ਼ਬਦ ਦਾ ਉਚਾਰਨ ਕੀਤਾ ਸੀ। ਪੰਜਾਬੀਆਂ ਨੂੰ ਚਾਹੀਦਾ ਸੀ ਕਿ ਮਾਛੀਵਾੜੇ ਦੇ ਜੰਗਲਾਂ ਨੂੰ ਉਹ ਗੁਰੂ ਜੀ ਦੀ ਪਵਿੱਤਰ ਨਿਸ਼ਾਨੀ ਸਮਝ ਕੇ ਹੀ ਸੰਭਾਲ ਲੈਂਦੇ।

ਕੁਝ ਇਸੇ ਤਰਾਂ ਦਾ ਹੀ ਹਾਲ ਉੱਤਰੀ ਭਾਰਤ ਦੇ ਪਹਾੜੀ ਇਲਾਕਿਆਂ ਦਾ ਹੋਇਆ ਹੈ, ਪਹਿਲਾਂ ਜਿਹੜੇ ਪਹਾੜਾਂ 'ਤੇ ਸੰਘਣੇ ਜੰਗਲ ਹੁੰਦੇ ਸਨ, ਉਹ ਪਹਾੜ ਹੁਣ ਮਨੁੱਖ ਵੱਲੋਂ ਰੁੱਖਾਂ ਦੇ ਕੀਤੇ ਗਏ ਸਫ਼ਾਏ ਕਾਰਨ ਰੁੰਡ ਮਰੁੰਡ ਹੋ ਗਏ ਹਨ। ਮਨੁੱਖ ਨੇ ਆਪਣੇ ਲਾਲਚ ਲਈ ਪਹਾੜਾਂ ਤੋਂ ਅਤੇ ਪੰਜਾਬ ਦੇ ਮੈਦਾਨੀ ਇਲਾਕਿਆਂ ਵਿਚੋਂ ਜੰਗਲਾਂ ਦਾ ਸਫਾਇਆ ਕਰ ਦਿੱਤਾ ਹੈ, ਜਿਸ ਕਾਰਨ ਵੀ ਕਈ ਕੁਦਰਤੀ ਕਰੋਪੀਆਂ ਆਉਣ ਲੱਗ ਪਈਆਂ ਹਨ। ਵਾਤਾਵਰਣ ਮਾਹਿਰ ਕਹਿੰਦੇ ਹਨ ਕਿ ਰੁੱਖ ਅਤੇ ਜੰਗਲ ਸਾਨੂੰ ਜ਼ਿੰਦਗੀ ਦਿੰਦੇ ਹਨ। ਰੁੱਖ ਵਾਤਾਵਰਣ ਵਿੱਚੋਂ ਕਾਰਬਨ ਡਾਈਆਕਸਾਈਡ ਸੋਖ ਕੇ ਆਕਸੀਜਨ ਦਿੰਦੇ ਹਨ। ਇਸ ਤੋਂ ਇਲਾਵਾ ਰੁੱਖਾਂ ਦੇ ਫਲ, ਫੁੱਲ ਵੀ ਮਨੁੱਖ ਦੇ ਬਹੁਤ ਕੰਮ ਆਉਂਦੇ ਹਨ। ਕਈ ਪੌਦੇ ਅਤੇ ਰੁੱਖ ਤਾਂ ਮਨੁੱਖ ਲਈ ਜੜੀ ਬੂਟੀਆਂ ਦਾ ਕੰਮ ਵੀ ਕਰਦੇ ਹਨ। ਰੁੱਖਾਂ ਕਾਰਨ ਹੀ ਮੀਂਹ ਪੈਂਦੇ ਹਨ ਅਤੇ ਰੁੱਖ ਆਪਣੀਆਂ ਜੜਾਂ ਵਿੱਚ ਬਰਸਾਤੀ ਪਾਣੀ ਨੂੰ ਸੋਖ ਕੇ ਰੱਖਦੇ ਹਨ, ਜੋ ਕਿ ਹੋਲੀ ਹੋਲੀ ਸਿੰਮਦਾ ਰਹਿੰਦਾ ਹੈ, ਜਿਸ ਕਾਰਨ ਹੜ੍ਹਾਂ ਤੋਂ ਬਚਾਓ ਹੋ ਜਾਂਦਾ ਹੈ ਅਤੇ ਸਾਰਾ ਸਾਲ ਪਾਣੀ ਦੀ ਘਾਟ ਵੀ ਨਹੀਂ ਆਉਂਦੀ। ਰੁੱਖਾਂ ਕਾਰਨ ਕੁਦਰਤ ਦਾ ਸੰਤੁਲਨ ਬਣਿਆ ਰਹਿੰਦਾ ਹੈ, ਇਸ ਦੇ ਬਾਵਜੂਦ ਪੰਜਾਬ ਦੀ ਧਰਤੀ ਅਤੇ ਉੱਤਰੀ ਭਾਰਤ ਦੇ ਪਹਾੜੀ ਇਲਾਕਿਆਂ 'ਚੋਂ ਰੁੱਖਾਂ ਦਾ ਵੱਡੀ ਪੱਧਰ 'ਤੇ ਸਫ਼ਾਇਆ ਹੋਣਾ ਬਹੁਤ ਦੁੱਖ ਦੀ ਗੱਲ ਹੈ। ਵਿਕਾਸ ਦੀ ਆੜ ਵਿੱਚ ਰੁੱਖਾਂ ਦਾ ਕਤਲੇਆਮ ਕੀਤਾ ਜਾ ਰਿਹਾ ਹੈ। ਨਵੇਂ - ਨਵੇਂ ਮਾਰਗਾਂ ਅਤੇ ਸੜਕਾਂ ਬਣਾਉਣ ਲਈ ਅਤੇ ਸੜਕਾਂ ਨੂੰ ਚੌੜਾ ਕਰਨ ਲਈ ਵੀ ਸੜਕਾਂ ਕਿਨਾਰੇ ਲੱਗੇ ਸਦੀਆਂ ਪੁਰਾਣੇ ਰੁੱਖਾਂ ਦੀ ਬਲੀ ਲਈ ਜਾ ਰਹੀ ਹੈ।



ਸਿਆਣੇ ਕਹਿੰਦੇ ਹਨ ਕਿ ਮਨੁੱਖ ਨੇ ਜਦੋਂ ਤੋਂ ਕੁਦਰਤ ਨਾਲ ਛੇੜ-ਛਾੜ ਆਰੰਭ ਕੀਤੀ ਹੈ, ਉਦੋਂ ਤੋਂ ਹੀ ਕੁਦਰਤੀ ਕਰੋਪੀਆਂ ਜ਼ਿਆਦਾ ਆਉਣ ਲੱਗ ਪਈਆਂ ਹਨ। ਰੁੱਤਾਂ ਦਾ ਸਮਾਂ ਬਦਲ ਵੀ ਰਿਹਾ ਹੈ ਅਤੇ ਰੁੱਤਾਂ ਦਾ ਸਮਾਂ ਲੰਬਾ ਵੀ ਹੁੰਦਾ ਜਾ ਰਿਹਾ ਹੈ। ਜਿਸ ਕਾਰਨ ਪੰਜਾਬ ਦੇ ਮੌਸਮੀ ਚੱਕਰ ਵਿੱਚ ਵੀ ਬਦਲਾਓ ਆਉਂਦਾ ਜਾ ਰਿਹਾ ਹੈ। ਕਿਹਾ ਤਾਂ ਇਹ ਜਾ ਰਿਹਾ ਹੈ ਕਿ ਇਸ ਸਭ ਲਈ ਵੀ ਮਨੁੱਖ ਹੀ ਜ਼ਿੰਮੇਵਾਰ ਹੈ। ਇਸੇ ਕਾਰਨ ਗਰਮੀਆਂ ਵਿੱਚ ਭਿਅੰਕਰ ਗਰਮੀ ਪੈਂਦੀ ਹੈ ਅਤੇ ਸਿਆਲ ਵਿੱਚ ਠੰਡ ਬਹੁਤ ਜ਼ਿਆਦਾ ਪੈਣ ਲੱਗ ਪਈ ਹੈ। ਮਨੁੱਖ ਦੀ ਕੁਦਰਤ ਨਾਲ ਛੇੜ-ਛਾੜ ਕਾਰਨ ਹੀ ਬਰਸਾਤਾਂ ਸਮੇਂ ਪੰਜਾਬ ਵਿੱਚ ਹੜ੍ਹ ਆ ਜਾਂਦੇ ਹਨ। ਪੰਜਾਬ ਦੁਨੀਆਂ ਦਾ ਇਕਲੌਤਾ ਇਲਾਕਾ ਹੈ, ਜਿਥੇ ਕਿ ਇੱਕ ਸਾਲ ਵਿੱਚ ਛੇ ਰੁੱਤਾਂ ਆਉਂਦੀਆਂ ਹਨ ਪਰ ਮਨੁੱਖ ਵੱਲੋਂ ਫੈਲਾਏ ਜਾ ਰਹੇ ਪ੍ਰਦੂਸ਼ਣ ਕਾਰਨ ਅਤੇ ਕੁਦਰਤੀ ਸਰੋਤਾਂ ਦੀ ਅੰਨ੍ਹੇਵਾਹ ਵਰਤੋ ਕਾਰਨ ਮੌਸਮੀ ਮਾਰ ਵੀ ਇਨਸਾਨ ਨੂੰ ਹੀ ਪੈ ਰਹੀ ਹੈ। ਮਨੁੱਖ ਦੀਆਂ ਗਲਤੀਆਂ ਕਾਰਨ ਮੌਸਮ ਲਗਾਤਾਰ ਬੇਈਮਾਨ ਹੋ ਰਿਹਾ ਹੈ, ਜਿਸ ਦਾ ਨਤੀਜਾ ਵੀ ਮਨੁੱਖ ਹੀ ਭੁਗਤ ਰਿਹਾ ਹੈ।

ਪੰਜਾਬੀਆਂ ਦੀ ਸੁਪਨ ਨਗਰੀ ਕੈਨੇਡਾ ਦੀ ਜੇ ਗੱਲ ਕੀਤੀ ਜਾਵੇ ਤਾਂ ਕੈਨੇਡਾ ਵਿੱਚ ਤਾਂ ਪਤਝੜ ਰੁੱਤ ਵਿੱਚ ਵੀ ਕੁਦਰਤ ਨੱਚਦੀ ਗਾਉਂਦੀ ਪ੍ਰਤੀਤ ਹੁੰਦੀ ਹੈ। ਕੈਨੇਡਾ ਦੀ ਪਤਝੜ ਰੁੱਤ ਤਾਂ ਪੂਰੀ ਦੁਨੀਆਂ ਵਿੱਚ ਪ੍ਰਸਿੱਧ ਹੈ। ਜੇ ਕੈਨੇਡਾ ਦੀ ਪਤਝੜ ਰੁੱਤ ਹੀ ਏਨੀ ਸੋਹਣੀ ਹੁੰਦੀ ਹੈ ਤਾਂ ਕੈਨੇਡਾ ਦੀਆਂ ਹੋਰਨਾਂ ਰੁੱਤਾਂ ਕਿੰਨੀਆਂ ਕੁ ਸੋਹਣੀਆਂ ਹੁੰਦੀਆਂ ਹੋਣਗੀਆਂ, ਇਸਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਪੰਜਾਬੀਆਂ ਨੂੰ ਆਪਣੀ ਸੁਪਨ ਨਗਰੀ ਕੈਨੇਡਾ ਤੋਂ ਹੀ ਕੁਝ ਸਿੱਖਿਆ ਲੈ ਲੈਣੀ ਚਾਹੀਦੀ ਹੈ ਤੇ ਕੁਦਰਤ ਅਤੇ ਵਾਤਾਵਰਣ ਨਾਲ ਛੇੜ-ਛਾੜ ਕਰਨ ਤੋਂ ਦੂਰ ਰਹਿਣਾ ਚਾਹੀਦਾ ਹੈ। ਮਨੁੱਖ ਨੂੰ ਆਪਣੀ ਜ਼ਿੰਦਗੀ ਕੁਦਰਤ ਦੇ ਅਸੂਲਾਂ ਅਨੁਸਾਰ ਜੀਉਣੀ ਚਾਹੀਦੀ ਹੈ ਤੇ ਕੁਦਰਤ ਦੇ ਨੇਮਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਜੇ ਮਨੁੱਖ ਵੱਲੋਂ ਕੁਦਰਤ ਦੇ ਅਸੂਲਾਂ ਅਨੁਸਾਰ ਜ਼ਿੰਦਗੀ ਬਤੀਤ ਕੀਤੀ ਜਾਵੇਗੀ ਤਾਂ ਕੁਦਰਤ ਵੀ ਸ਼ਾਂਤ ਰਹਿ ਕੇ ਮਨੁੱਖ ਨੂੰ ਕੋਈ ਕੁਦਰਤੀ ਤੋਹਫ਼ਾ ਜ਼ਰੂਰ ਦੇਵੇਗੀ।





ਸੇਲ ਸੇਲ ਸੇਲ

# ਸੇਲ ਦੇ 'ਭਰਮ ਜਾਲ' 'ਚ ਫਸੀ ਦੁਨੀਆਂ




## 'ਲਾੜਿਆਂ ਦੀ ਵੀ ਲੱਗਦੀ ਹੈ ਸੇਲ'




ਭਾਰਤ ਇੱਕ ਅਜਿਹਾ ਦੇਸ਼ ਹੈ, ਜਿਥੇ ਹਰ ਮਹੀਨੇ ਹੀ ਅਨੇਕਾਂ ਤਿਉਹਾਰ ਅਤੇ ਇਤਿਹਾਸਿਕ ਦਿਹਾੜੇ ਮਨਾਏ ਜਾਂਦੇ ਹਨ। ਤਿਉਹਾਰਾਂ ਅਤੇ ਹੋਰਨਾਂ ਵਿਸ਼ੇਸ਼ ਦਿਨਾਂ ਮੌਕੇ ਅਕਸਰ ਵੱਡੀਆਂ ਕੰਪਨੀਆਂ, ਵਪਾਰੀਆਂ ਅਤੇ ਵੱਡੇ -ਛੋਟੇ ਦੁਕਾਨਦਾਰਾਂ ਵੱਲੋਂ ਵੱਖ-ਵੱਖ ਕਿਸਮਾਂ ਦੇ ਸਮਾਨ ਦੀ 'ਸੇਲ' ਲਗਾ ਦਿੱਤੀ ਜਾਂਦੀ ਹੈ ਅਤੇ ਕਈ ਕਿਸਮਾਂ ਦਾ ਸਮਾਨ 'ਸਸਤਾ' ਕਰਕੇ ਵੇਚਣ ਦੇ ਦਾਅਵੇ ਕੀਤੇ ਜਾਂਦੇ ਹਨ। ਸਸਤਾ ਸਮਾਨ ਲੈਣ ਦੇ ਚੱਕਰ ਵਿੱਚ ਅਕਸਰ ਆਮ ਲੋਕ ਬਿਨਾਂ ਲੋੜ ਤੋਂ ਵੀ ਕਾਫ਼ੀ ਸਮਾਨ ਖ਼ਰੀਦ ਲੈਂਦੇ ਹਨ। ਇਸ ਤਰਾਂ ਦੋਵਾਂ ਧਿਰਾਂ ਨੂੰ ਲਾਭ ਹੁੰਦਾ ਹੈ। 'ਸੇਲ' ਕਰਕੇ ਦੁਕਾਨਦਾਰਾਂ ਅਤੇ ਕੰਪਨੀਆਂ ਦਾ ਸਮਾਨ ਵਿਕ ਜਾਂਦਾ ਹੈ ਅਤੇ ਆਮ ਲੋਕ ਸਮਝਦੇ ਹਨ ਕਿ ਉਹਨਾਂ ਨੂੰ ਸਸਤਾ ਸਮਾਨ ਮਿਲ ਗਿਆ। ਅਸਲ ਵਿੱਚ ਇੱਕ ਨਿਸ਼ਚਿਤ ਸਮੇਂ ਵਿੱਚ ਵੇਚੀਆਂ ਗਈਆਂ ਵਸਤੂਆਂ 'ਤੇ ਦਿੱਤੀ ਗਈ 'ਛੋਟ' ਨੂੰ ਹੀ 'ਸੇਲ' ਕਹਿੰਦੇ ਹਨ। ਨਵੇਂ ਸਾਲ ਮੌਕੇ, ਦਿਵਾਲੀ ਮੌਕੇ ਅਤੇ ਹਰ ਤਿਉਹਾਰ ਮੌਕੇ ਅਤੇ ਇਤਿਹਾਸਿਕ ਦਿਨ ਦਿਹਾੜਿਆਂ ਮੌਕੇ ਅਕਸਰ ਹੀ ਆਨ ਲਾਈਨ ਕੰਪਨੀਆਂ, ਵੱਡੀਆਂ ਵਪਾਰਕ ਕੰਪਨੀਆਂ, ਵੱਡੇ ਵਪਾਰੀ, ਛੋਟੇ ਵੱਡੇ ਦੁਕਾਨਦਾਰ ਕਈ ਕਿਸਮ ਦਾ ਸਮਾਨ ਵੇਚਣ ਲਈ 'ਸੇਲ' ਲਗਾ ਦਿੰਦੇ ਹਨ, ਜਿਸ ਕਾਰਨ ਇਹਨਾਂ ਦਾ ਸਮਾਨ ਖਰੀਦਣ ਲਈ ਆਮ ਲੋਕਾਂ ਦੀ ਭੀੜ ਲੱਗ ਜਾਂਦੀ ਹੈ।

ਭਾਰਤ ਵਿੱਚ ਹਾਲ ਇਹ ਹੈ ਕਿ ਕੁਝ ਕੰਪਨੀਆਂ ਅਤੇ ਦੁਕਾਨਾਂ 'ਤੇ ਸਾਰਾ ਸਾਲ ਹੀ 'ਸੇਲ' ਲੱਗੀ ਰਹਿੰਦੀ ਹੈ ਅਤੇ ਇਹਨਾਂ ਸ਼ੋ-ਰੂਮਾਂ ਅਤੇ ਦੁਕਾਨਾਂ 'ਤੇ ਪਿਆ ਜ਼ਿਆਦਾਤਰ ਸਮਾਨ ਵਿਕ ਜਾਂਦਾ ਹੈ। ਕਈ ਵਾਰ ਸੇਲ ਵਿੱਚ ਬਰਾਂਡਿਡ ਸਮਾਨ ਦੀ ਥਾਂ ਡੁਪਲੀਕੇਟ ਜਾਂ ਹਲਕਾ ਸਮਾਨ ਵੀ ਵੇਚ ਦਿੱਤਾ ਜਾਂਦਾ ਹੈ ਅਤੇ ਸੇਲ ਦੇ ਲਾਲਚ ਵਿੱਚ ਆਏ ਲੋਕਾਂ ਨੂੰ ਪਤਾ ਹੀ ਨਹੀਂ ਚੱਲਦਾ ਕਿ ਉਹਨਾਂ ਨੇ ਬਰਾਂਡਿਡ ਸਮਾਨ ਦੀ ਥਾਂ ਡੁਪਲੀਕੇਟ ਜਾਂ ਹਲਕਾ ਸਮਾਨ ਖਰੀਦ ਲਿਆ ਹੈ। ਇਸ ਸੇਲ ਦਾ ਸ਼ਿਕਾਰ ਆਮ ਤੌਰ 'ਤੇ ਮਹਿਲਾਵਾਂ ਹੁੰਦੀਆਂ ਹਨ, ਇਸੇ ਕਾਰਨ ਕੰਪਨੀਆਂ, ਵਪਾਰੀ ਅਤੇ ਦੁਕਾਨਦਾਰ ਮਹਿਲਾਵਾਂ ਨਾਲ ਸਬੰਧਿਤ ਸਮਾਨ ਦੀ ਹੀ ਵਧੇਰੇ ਸੇਲ ਲਗਾਉਂਦੇ ਹਨ।

## ਕਈ ਸ਼ਹਿਰਾਂ 'ਚ ਲੱਗਦੀ ਹੈ 'ਸੰਡੇ ਮਾਰਕੀਟ'




ਭਾਰਤ ਦੇ ਕਈ ਸ਼ਹਿਰ ਅਜਿਹੇ ਹਨ ਜਿਥੇ ਕਿ ਹਰ ਐਤਵਾਰ ਨੂੰ ਹੀ 'ਸੰਡੇ ਮਾਰਕੀਟ' ਲੱਗਦੀ ਹੈ, ਜਿਥੇ ਕਿ ਸਾਰਾ ਸਮਾਨ ਹੀ 'ਸੇਲ' ਲਗਾ ਕੇ ਵੇਚਿਆ ਜਾਂਦਾ ਹੈ। ਚੰਡੀਗੜ੍ਹ ਦੇ ਸੈਕਟਰ 19 ਅਤੇ ਸੈਕਟਰ 22 ਵਿੱਚ ਲੱਗਦੀ 'ਸੰਡੇ ਮਾਰਕੀਟ ,' ਪਟਿਆਲਾ ਵਿੱਚ ਲੱਗਦੀ 'ਸੰਡੇ ਮਾਰਕੀਟ ' ਅਤੇ ਲੁਧਿਆਣਾ ਵਿੱਚ ਲੱਗਦੀ 'ਸੰਡੇ ਮਾਰਕੀਟ' ਤਾਂ ਪੂਰੇ ਭਾਰਤ ਵਿੱਚ ਪ੍ਰਸਿੱਧ ਹੈ। ਇਹਨਾਂ ਮਾਰਕੀਟਾਂ ਵਿੱਚ ਅਕਸਰ ਕਈ ਕਿਸਮ ਦਾ ਸਮਾਨ ਸਸਤੇ ਭਾਅ ਵੇਚਿਆ ਜਾਂਦਾ ਹੈ। ਸਸਤੇ ਸਮਾਨ ਦੇ ਲਾਲਚ ਵਿੱਚ ਅਕਸਰ ਲੋਕ 'ਸੰਡੇ ਮਾਰਕੀਟ' ਵਿੱਚ ਜਾਂਦੇ ਵੇਖੇ ਜਾਂਦੇ ਹਨ। ਹਰ ਸ਼ਹਿਰ ਦੀ 'ਸੰਡੇ ਮਾਰਕੀਟ' ਵਿੱਚ ਲੋਕਾਂ ਦੀ ਕਾਫ਼ੀ ਭੀੜ ਵੇਖਣ ਨੂੰ ਮਿਲਦੀ ਹੈ।



# 'ਦੂਲਹਾ ਵਿਕਤਾ ਹੈ' ਦੀ 'ਸੇਲ'

ਕੁਝ ਸਾਲ ਪਹਿਲਾਂ ਦੀ ਗੱਲ ਹੈ ਕਿ ਭਾਰਤ ਦੇ ਇੱਕ ਕਾਮੇਡੀਅਨ ਨੇ ਦਾਜ ਪ੍ਰਥਾ ਦਾ ਵੱਖਰੇ ਤਰੀਕੇ ਨਾਲ ਵਿਰੋਧ ਕਰਦਿਆਂ 'ਦੂਲਹਾ ਵਿਕਤਾ ਹੈ' ਸਿਰਲੇਖ ਅਧੀਨ ਲਾੜਿਆਂ ਦੀ ਹੀ ਸੇਲ ਲਗਾ ਦਿੱਤੀ ਸੀ ਅਤੇ ਦਾਅਵਾ ਕੀਤਾ ਸੀ ਕਿ ਇਸ ਸੇਲ ਵਿੱਚ ਹਰ ਕਿਸਮ ਦੇ ਲਾੜੇ ਵਿਕਾਊ ਹਨ। ਕੁੜੀ ਵਾਲਿਆਂ ਨੇ ਸਿਰਫ਼ ਉਸ ਲਾੜੇ ਦਾ ਮੁੱਲ ਤਾਰ ਕੇ ਦੂਲਹੇ ਨੂੰ ਖਰੀਦ ਲੈਣਾ ਸੀ। ਇਸ ਕਾਮੇਡੀਅਨ ਦਾ ਦਾਅਵਾ ਸੀ ਕਿ ਭਾਰਤ ਵਿੱਚ ਹੁਣ ਕੁੜੀ ਵਿਆਹੁਣ



ਵਾਲਿਆਂ ਨੂੰ ਕੁੜੀ ਦੇ ਵਿਆਹ ਵਿੱਚ ਏਨਾ ਦਹੇਜ਼ ਦੇਣਾ ਪੈਂਦਾ ਹੈ ਕਿ ਦੂਲਹੇ ਨੂੰ ਖਰੀਦਣ ਦੀ ਨੌਬਤ ਆ ਜਾਂਦੀ ਹੈ। ਇਸ ਸੇਲ ਵਿੱਚ ਮਜ਼ਾਕੀਆ ਤੌਰ 'ਤੇ ਡਾਕਟਰ, ਇੰਜੀਨੀਅਰ, ਅਧਿਆਪਕ, ਵੱਖ ਵੱਖ ਅਹੁਦਿਆਂ ਉਪਰ ਕੰਮ ਕਰਦੇ ਲਾੜੇ ਅਤੇ ਵਪਾਰੀ ਦਰਸਾਏ ਗਏ ਸਨ ਅਤੇ ਆਪਣੀ ਸਹੂਲਤ ਅਨੁਸਾਰ ਕੋਈ ਵੀ ਕਿਸੇ ਵੀ ਦੂਲਹੇ ਦਾ ਮੁੱਲ ਤਾਰ ਕੇ ਉਸ ਨੂੰ ਖਰੀਦ ਸਕਦਾ ਸੀ। ਅਸਲ ਵਿੱਚ ਇਹ ਦਹੇਜ ਪ੍ਰਥਾ ਦਾ ਵਿਰੋਧ ਕਰਨ ਦਾ ਇੱਕ ਵੱਖਰਾ ਢੰਗ ਸੀ।

## ਬਿਹਾਰ ਦਾ 'ਲਾੜਾ ਬਾਜ਼ਾਰ'

ਬਿਹਾਰ ਦੇ ਮਧੂਬਨੀ ਜ਼ਿਲ੍ਹੇ ਵਿੱਚ 'ਲਾੜਾ ਬਾਜ਼ਾਰ' ਦਾ ਆਯੋਜਨ ਕੀਤਾ ਜਾਂਦਾ ਹੈ। ਇਸ ਨੂੰ ਸੌਰਠ ਸਭਾ ਵੀ ਕਿਹਾ ਜਾਂਦਾ ਹੈ ਅਤੇ ਸਥਾਨਕ ਮਾਨਤਾ ਅਨੁਸਾਰ ਇਹ ਪਰੰਪਰਾ ਪਿਛਲੇ 700 ਸਾਲਾਂ ਤੋਂ ਚੱਲੀ ਆ ਰਹੀ ਹੈ।ਸੌਰਠ ਸਭਾ ਬਿਹਾਰ ਦੇ ਮਿਥਿਲਾਂਚਲ ਖੇਤਰ ਵਿੱਚ ਹਰ ਸਾਲ ਹੋਣ ਵਾਲਾ ਇੱਕ ਇਕੱਠ ਹੈ ਜਿੱਥੇ ਲੜਕੀਆਂ ਦੇ ਪਰਿਵਾਰ ਆਪਣੀ ਧੀ ਲਈ ਇੱਕ ਯੋਗ ਲੜਕੇ ਦੀ ਭਾਲ ਕਰਦੇ ਹਨ।ਇੱਥੇ ਹਰ ਕਿਸਮ ਦੇ ਲਾੜੇ ਹੁੰਦੇ ਹਨ ਅਤੇ ਲਾੜੇ ਦੀ ਚੋਣ ਪਰਿਵਾਰ ਦੀ ਸਥਿਤੀ, ਲੜਕੇ ਦੀ ਪੜ੍ਹਾਈ ਅਤੇ ਕਮਾਈ, ਕੁੰਡਲੀ ਆਦਿ ਦੇ ਅਨੁਸਾਰ ਕੀਤੀ ਜਾਂਦੀ ਹੈ। ਪੁਰਾਣੇ ਸਮਿਆਂ ਵਿੱਚ ਨੌਜਵਾਨਾਂ ਨੂੰ ਗੁਰੂਕੁਲ ਤੋਂ ਸਿੱਧੇ ਇਸ ਸਭਾ ਵਿੱਚ ਲਿਆਂਦਾ ਜਾਂਦਾ ਸੀ। ਇਸ ਮੀਟਿੰਗ ਦੀ ਸ਼ੁਰੂਆਤ ਕਰਨ ਵਾਲੇ ਮੈਥਿਲ ਬ੍ਰਾਹਮਣ ਅਤੇ ਕਾਯਸਥ ਸਨ। ਗੁਰੂਕੁਲ ਦੇ ਨੌਜਵਾਨਾਂ ਨੂੰ ਚੁਣ ਕੇ ਇੱਥੋਂ ਦੇ ਪਰਿਵਾਰ ਆਪਣੀਆਂ ਧੀਆਂ ਦੇ ਵਿਆਹ ਕਰਵਾਉਂਦੇ ਸਨ। ਇੱਥੇ ਇਸ ਗੱਲ ਦਾ ਬਹੁਤ ਧਿਆਨ ਰੱਖਿਆ ਜਾਂਦਾ ਹੈ ਕਿ ਨੌਜਵਾਨ ਦੇ ਪਰਿਵਾਰ ਅਤੇ ਲੜਕੀ ਦੇ ਪਰਿਵਾਰ ਵਿੱਚ ਕੋਈ ਸਬੰਧ ਨਾ ਰਹੇ।ਭਾਵੇਂ ਇਹ ਬ੍ਰਾਹਮਣਾਂ ਅਤੇ ਕਾਯਸਥਾਂ ਲਈ ਸ਼ੁਰੂ ਹੋਇਆ ਸੀ, ਪਰ ਹੁਣ ਇਹ ਸਭ ਲਈ ਬਣ ਗਿਆ ਹੈ।

## ਪਿਤਾ ਨੇ ਲਗਾਈ ਪੁੱਤਰ ਨੂੰ ਵੇਚਣ ਲਈ 'ਸੇਲ'



ਕੁਝ ਦਿਨ ਪਹਿਲਾਂ ਹੀ ਉੱਤਰ ਪ੍ਰਦੇਸ਼ ਦੇ ਅਲੀਗੜ੍ਹ ਵਿੱਚ ਸ਼ਾਹੂਕਾਰਾਂ ਦੀ ਧੱਕੇਸ਼ਾਹੀ ਤੋਂ ਤੰਗ ਆ ਕੇ ਇੱਕ ਪਿਤਾ ਨੂੰ ਆਪਣਾ ਪੁੱਤਰ ਵੇਚਣ ਲਈ ਮਜਬੂਰ ਹੋਣਾ ਪਿਆ। ਉਸ ਨੇ ਆਪਣੇ 11 ਸਾਲ ਦੇ ਬੇਟੇ ਨੂੰ ਵੇਚਣ ਲਈ ਚੌਰਾਹੇ ਦੇ ਵਿਚਕਾਰ ਇੱਕ 'ਸੇਲ' ਲਗਾ ਦਿੱਤੀ । ਉਹ ਆਪਣੀ ਪਤਨੀ, ਪੁੱਤਰ ਅਤੇ ਧੀ ਨਾਲ ਅਲੀਗੜ੍ਹ ਦੇ ਗਾਂਧੀ ਪਾਰਕ ਬੱਸ ਸਟੈਂਡ ਚੌਰਾਹੇ 'ਤੇ ਬੈਠ ਗਿਆ। ਉਸ ਨੇ ਆਪਣੇ ਗਲੇ ਵਿੱਚ ਇੱਕ ਤਖ਼ਤੀ ਲਟਕਾਈ ਹੋਈ ਸੀ, ਜਿਸ 'ਤੇ ਲਿਖਿਆ ਸੀ- 'ਮੇਰਾ ਪੁੱਤਰ ਵਿਕਣ ਲਈ ਹੈ, ਮੈਂ ਆਪਣਾ ਪੁੱਤਰ ਵੇਚਣਾ ਹੈ'। ਬੇਟੇ ਦੀ ਕੀਮਤ 6 ਤੋਂ 8 ਲੱਖ ਰੁਪਏ ਰੱਖੀ ਗਈ ਸੀ। ਭਾਵੇਂ ਕਿ ਬਾਅਦ ਵਿੱਚ ਪੁਲਿਸ ਨੇ ਸ਼ਾਹੂਕਾਰ ਅਤੇ ਕਰਜ਼ਾਈ ਵਿਅਕਤੀ ਵਿਚਾਲੇ ਸਮਝੌਤਾ ਕਰਵਾ ਦਿੱਤਾ।

# ਭਾਰਤ ਆਰਥਿਕ ਪੱਖੋਂ ਪਛੜਿਆ



ਡਾ. ਰਣਜੀਤ ਸਿੰਘ ਘੁੰਮਣ
ਅਰਥ ਸ਼ਾਸ਼ਤਰੀ

- ਆਰ.ਬੀ.ਆਈ. ਅਨੁਸਾਰ 2022-23 ਵਿੱਚ ਭਾਰਤ ਵਿੱਚ ਪਰਿਵਾਰਿਕ ਬੱਚਤ ਪਿਛਲੇ ਪੰਜਾਹ ਸਾਲਾਂ ਦੌਰਾਨ ਸਭ ਤੋਂ ਘੱਟ
- ਜਰਮਨੀ, ਇੰਗਲੈਂਡ, ਫਰਾਂਸ, ਇਟਲੀ ਅਤੇ ਜਾਪਾਨ ਦੀ ਪ੍ਰਤੀ ਜੀਅ ਆਮਦਨ ਭਾਰਤ ਦੇ ਮੁਕਾਬਲੇ ਵਧੀਕ
- ਕੇਂਦਰ ਸਰਕਾਰ ਸਿਰ ਘਰੇਲੂ ਉਤਪਾਦਨ ਦਾ 52.16 ਪ੍ਰਤੀਸ਼ਤ ਕਰਜ਼ਾ ਵਧ ਕੇ 2022-23 ਵਿੱਚ 61 ਪ੍ਰਤੀਸ਼ਤ ਹੋਇਆ



26 ਜਨਵਰੀ, 2024 ਨੂੰ ਭਾਰਤ ਨੇ ਆਪਣਾ 75ਵਾਂ ਗਣਤੰਤਰ ਦਿਨ ਮਨਾਇਆ ਹੈ। ਰਾਜਨੀਤਕ ਪਾਰਟੀਆਂ ਦੇ ਨੇਤਾ ਅਤੇ ਕਾਰਕੁੰਨ ਆਪਣੇ-ਆਪਣੇ ਢੰਗ ਨਾਲ ਪਿਛਲੇ 77 ਕੁ ਸਾਲਾਂ (15 ਅਗਸਤ, 1947 ਤੋਂ ਲੈ ਕੇ) ਵਿੱਚ ਹੋਈਆਂ ਪ੍ਰਾਪਤੀਆਂ ਅਤੇ ਅਸਫਲਤਾਵਾਂ ਦਾ ਜ਼ਿਕਰ ਅਕਸਰ ਹੀ ਕਰਦੇ ਰਹੇ ਹਨ। ਖ਼ਾਸ ਕਰਕੇ ਆਮ ਚੋਣਾਂ ਤੋਂ ਪਹਿਲਾਂ ਅਜਿਹੇ ਮੁੱਦੇ ਅਕਸਰ ਹੀ ਉਭਾਰੇ ਜਾਂਦੇ ਹਨ। ਸੱਤਾਧਾਰੀ ਸਿਆਸੀ ਧਿਰਾਂ ਆਪਣੀਆਂ ਪ੍ਰਾਪਤੀਆਂ ਨੂੰ ਅਕਸਰ ਹੀ ਵਧਾ-ਚੜ੍ਹਾ ਕੇ ਪੇਸ਼ ਕਰਦੀਆਂ ਹਨ, ਜਦ ਕਿ ਵਿਰੋਧੀ ਧਿਰਾਂ ਇਸ ਨੂੰ ਘਟਾ ਕੇ ਦੱਸਣ ਦੀ ਕੋਸ਼ਿਸ਼ ਕਰਦੀਆਂ ਹਨ। ਪਰ ਕੁਝ ਕੁ ਮਾਹਿਰ ਅਤੇ ਖੋਜ-ਸੰਸਥਾਵਾਂ ਵੀ ਆਪਣੇ-ਆਪਣੇ ਢੰਗ ਨਾਲ ਆਰਥਿਕਤਾ ਦਾ ਮੁਲਾਂਕਣ ਕਰਕੇ ਅਸਲ ਸਥਿਤੀ ਲੋਕਾਂ ਸਾਮਹਣੇ ਪੇਸ਼ ਕਰਨ ਲਈ ਯਤਨਸ਼ੀਲ ਰਹਿੰਦੀਆਂ ਹਨ। ਅਜਿਹੇ ਮਾਹਿਰ ਅਤੇ ਸੰਸਥਾਵਾਂ ਅਕਸਰ ਹੀ ਸੱਤਾਧਾਰੀ ਧਿਰ ਨੂੰ ਚੁੱਭਦੇ ਰਹਿੰਦੇ ਹਨ, ਜਿਸ ਕਾਰਨ ਉਨ੍ਹਾਂ ਉੱਪਰ ਕਈ ਕਿਸਮ ਦੀਆਂ ਬੰਦਿਸ਼ਾਂ ਵੀ ਲਾਈਆਂ ਜਾਂਦੀਆਂ ਹਨ।

ਇਹ ਵੀ ਵੇਖਣ ਵਿੱਚ ਆਇਆ ਹੈ ਕਿ ਸੱਤਾਧਾਰੀ ਧਿਰ ਜਦ ਆਪਣੀਆਂ ਪ੍ਰਾਪਤੀਆਂ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਦੀ ਹੈ ਤਾਂ ਵਿਰੋਧੀ ਧਿਰਾਂ (ਖ਼ਾਸ ਕਰਕੇ ਪਹਿਲੀਆਂ ਸਰਕਾਰਾਂ ਦੀਆਂ) ਦੀਆਂ 'ਪ੍ਰਾਪਤੀਆਂ' ਨੂੰ ਇੰਝ ਪੇਸ਼ ਕਰਦੀਆਂ ਹਨ ਕਿ ਜਿਵੇਂ ਉਸ ਤੋਂ ਪਹਿਲਾਂ ਦੀਆਂ ਸਰਕਾਰਾਂ ਨੇ ਤਾਂ ਦੇਸ਼ ਦੀ ਤਰੱਕੀ ਅਤੇ ਲੋਕਾਂ ਵਾਸਤੇ ਕੁਝ ਕੀਤਾ ਹੀ ਨਾ ਹੋਵੇ। ਦੇਸ਼ ਨੂੰ ਦਰਪੇਸ਼ ਆ ਰਹੀਆਂ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਪਹਿਲੀਆਂ (ਵਿਰੋਧੀ ਧਿਰਾਂ) ਸਰਕਾਰਾਂ ਨੂੰ ਹੀ ਗਰਦਾਨਿਆ ਜਾਂਦਾ ਹੈ। ਪਿਛਲੇ 10 ਕੁ ਸਾਲਾਂ ਤੋਂ ਅਜਿਹਾ ਵਰਤਾਰਾ ਆਮ ਹੀ ਵੇਖਣ ਵਿੱਚ ਆ ਰਿਹਾ ਹੈ। ਅਜਿਹੇ ਵਰਤਾਰੇ ਵਿੱਚ ਜਿਥੇ ਦੇਸ਼ ਸਾਹਮਣੇ ਮੌਜੂਦਾ ਬੁਨਿਆਦੀ ਮਸਲਿਆਂ ਨੂੰ ਜਾਂ ਤਾਂ ਘਟਾ ਕੇ ਪੇਸ਼ ਕੀਤਾ ਜਾਂਦਾ ਹੈ ਜਾਂ ਉਨ੍ਹਾਂ ਤੋਂ ਲੋਕਾਂ ਦਾ ਧਿਆਨ ਪਾਸੇ ਕਰਨ ਲਈ ਕਈ ਅਜਿਹੇ ਮਸਲੇ (ਜੋ ਮੁੱਖ ਤੌਰ 'ਤੇ ਗ਼ੈਰ-ਆਰਥਿਕ ਅਤੇ ਬੇਬੁਨਿਆਦ ਹੁੰਦੇ ਹਨ) ਉਭਾਰੇ ਜਾਂਦੇ ਹਨ। ਬੇਰੁਜ਼ਗਾਰੀ, ਮਹਿੰਗਾਈ, ਗ਼ਰੀਬੀ ਅਤੇ ਵੱਧ ਰਹੀ ਆਰਥਿਕ, ਸਮਾਜਿਕ ਅਤੇ ਰਾਜਨੀਤਕ ਨਾ-ਬਰਾਬਰੀ ਵਰਗੇ ਮੁੱਦਿਆਂ ਨੂੰ ਹੱਲ ਕਰਨ ਲਈ ਠੋਸ ਨੀਤੀਆਂ ਬਣਾਉਣ ਅਤੇ ਲਾਗੂ ਕਰਨ ਦੀ ਬਜਾਏ ਹੋਰ-ਹੋਰ ਮਸਲਿਆਂ ਨੂੰ ਉਭਾਰ ਕੇ ਲੋਕਾਂ ਦਾ ਧਿਆਨ ਖਿੱਚਿਆ ਜਾਂਦਾ ਹੈ। ਅਜਿਹਾ ਕਰਦਿਆਂ ਕਈ ਵਾਰ ਧਾਰਮਿਕ ਜਨੂੰਨ ਅਤੇ ਨਫ਼ਰਤ ਨੂੰ ਸ਼ਹਿ ਮਿਲਦੀ ਹੈ ਅਤੇ ਭਾਈਚਾਰਕ ਸਾਂਝ ਨੂੰ ਵੱਡੀ ਠੇਸ ਪਹੁੰਚਦੀ ਹੈ। ਰਾਜਨੀਤਕ ਪਾਰਟੀਆਂ ਵਲੋਂ ਜਿਥੇ ਲੋਕਾਂ ਦੇ ਬੁਨਿਆਦੀ ਮਸਲਿਆਂ ਦੀ ਅਣਦੇਖੀ ਕੀਤੀ ਜਾਂਦੀ ਹੈ, ਉਥੇ ਹੀ ਉਨ੍ਹਾਂ ਦਾ ਮੁੱਖ ਉਦੇਸ਼ ਰਾਜਨੀਤਕ ਸੱਤਾ ਪ੍ਰਾਪਤ ਕਰਨ ਤੱਕ ਸੀਮਿਤ ਹੋ ਜਾਂਦਾ ਹੈ। ਇਥੇ ਹੀ ਬਸ ਨਹੀਂ, ਬਲਕਿ ਕੁਝ ਮਹੱਤਵਪੂਰਨ ਮਸਲਿਆਂ (ਉਦਾਹਰਨ ਦੇ ਤੌਰ 'ਤੇ ਮੰਦੀ ਆਰਥਿਕ ਸਥਿਤੀ, ਗ਼ਰੀਬੀ, ਭੁੱਖਮਰੀ ਅਤੇ ਬੇ-ਰੁਜ਼ਗਾਰੀ ਆਦਿ) ਸੰਬੰਧੀ ਅੰਕੜਿਆਂ ਨੂੰ ਦਬਾਉਣ ਦੀ ਜਾਂ ਦੇਰ ਨਾਲ ਪੇਸ਼ ਕਰਨ ਦੀ ਜਾਂ ਤੋੜ-ਮਰੋੜ ਕੇ ਪੇਸ਼ ਕਰਨ ਦੀ ਕੋਸ਼ਿਸ਼ ਵੀ ਕੀਤੀ ਜਾਂਦੀ ਹੈ। ਮੁਕਦੀ ਗੱਲ ਰਾਜਨੀਤਕ ਪਾਰਟੀਆਂ ਦਾ ਸੱਤਾ ਵਿੱਚ ਬਣੇ ਰਹਿਣਾ ਹੀ ਮੁੱਖ ਉਦੇਸ਼ ਬਣਦਾ ਜਾ ਰਿਹਾ ਹੈ।

ਰਾਸ਼ਟਰੀ ਆਮਦਨ ਅਤੇ ਆਰਥਿਕ ਵਾਧੇ ਦੀ ਦਰ ਬਾਰੇ ਵੀ ਹਰ ਸਰਕਾਰ ਆਪਣੀ ਬਹੁਤ ਵੱਡੀ ਪ੍ਰਾਪਤੀ ਆਪਣੇ ਢੰਗ ਨਾਲ ਹੀ ਦਾਅਵਾ ਕਰਦੀ ਹੈ। ਮੌਜੂਦਾ ਸਰਕਾਰ ਵੀ ਇਹ ਦਾਅਵਾ ਕਰ ਰਹੀ ਹੈ ਕਿ ਅਗਲੇ ਕੁਝ ਸਾਲਾਂ ਵਿੱਚ ਭਾਰਤ ਰਾਸ਼ਟਰੀ ਆਮਦਨ ਦੇ ਹਿਸਾਬ ਨਾਲ ਦੁਨੀਆਂ 'ਚ ਤੀਜੀ ਵੱਡੀ ਆਰਥਿਕਤਾ ਬਣ ਜਾਵੇਗਾ ਅਤੇ 2027-28 ਤੱਕ ਇਹ 5 ਟ੍ਰਿਲੀਅਨ (5 ਲੱਖ ਕਰੋੜ) ਡਾਲਰ) ਹੋ ਜਾਵੇਗੀ। ਮੌਜੂਦਾ ਵਿਕਾਸ ਦਰ ਅਤੇ ਆਮਦਨ ਪੱਧਰ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਦਾ ਇਹ ਦਾਅਵਾ ਠੀਕ ਵੀ ਹੋ ਸਕਦਾ ਹੈ। ਪਰ ਪ੍ਰਤੀ ਜੀਅ ਆਮਦਨ (ਖਰੀਦ-ਸ਼ਕਤੀ ਸਮਾਨਤਾ ਅਨੁਸਾਰ) ਦੇ ਹਿਸਾਬ ਨਾਲ ਭਾਰਤ ਦੁਨੀਆਂ ਦੇ 195 ਦੇਸ਼ਾਂ ਵਿਚੋਂ 125 ਦੇਸ਼ਾਂ ਤੋਂ ਥੱਲੇ ਹੈ। ਵਿਕਸਿਤ ਦੇਸ਼ਾਂ ਦੇ ਮੁਕਾਬਲੇ ਤਾਂ ਭਾਰਤੀਆਂ ਦੀ ਪ੍ਰਤੀ ਜੀਅ ਆਮਦਨ ਬਹੁਤ ਹੀ ਘੱਟ ਹੈ। ਸਰਕਾਰ ਦਾ ਦਾਅਵਾ ਹੈ ਕਿ ਭਾਰਤ 2047 (ਅੰਮ੍ਰਿਤ ਕਾਲ ਦੌਰਾਨ) ਤੱਕ ਇੱਕ ਅਮੀਰ ਦੇਸ਼ ਬਣ ਜਾਵੇਗਾ ਪਰ ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਡਾ. ਰਘੂਰਾਮ ਰਾਜਨ ਦਾ ਮੰਨਣਾ ਹੈ ਕਿ ਜੇਕਰ 2047 ਤੱਕ ਭਾਰਤ ਦੀ ਆਬਾਦੀ ਹੁਣ ਦੇ ਪੱਧਰ 'ਤੇ ਹੀ ਰਹਿੰਦੀ ਹੈ ਅਤੇ ਆਰਥਿਕ ਵਿਕਾਸ ਦੀ ਦਰ 6 ਪ੍ਰਤੀਸ਼ਤ ਸਾਲਾਨਾ ਰਹਿੰਦੀ ਹੈ ਤਾਂ ਵੀ ਭਾਰਤ 2047 ਤੱਕ ਪ੍ਰਤੀ ਜੀਅ ਆਮਦਨ ਦੇ ਹਿਸਾਬ ਨਾਲ ਹੇਠਲੇ ਮੱਧ ਆਮਦਨ ਵਾਲੇ ਦੇਸ਼ਾਂ ਦੀ ਸ਼੍ਰੇਣੀ ਵਿੱਚ ਹੀ ਰਹੇਗਾ। ਵਰਨਣਯੋਗ ਹੈ ਕਿ ਸੰਸਾਰ ਬੈਂਕ ਅਨੁਸਾਰ ਭਾਰਤ ਇਸ ਵਕਤ ਵੀ ਹੇਠਲੇ-ਮੱਧ-ਆਮਦਨ ਵਾਲੇ ਦੇਸ਼ਾਂ ਦੀ ਸ਼੍ਰੇਣੀ ਵਿੱਚ ਹੀ ਆਉਂਦਾ ਹੈ। ਇਸ ਵਕਤ ਵੀ ਭਾਰਤ ਦੀ ਪ੍ਰਤੀ ਜੀਅ ਆਮਦਨ ਦੁਨੀਆ ਦੇ ਵਿਕਸਤ ਦੇਸ਼ਾਂ ਦੇ ਮੁਕਾਬਲੇ ਬਹੁਤ ਹੀ ਘੱਟ ਹੈ। ਅਮਰੀਕਾ ਦੀ ਪ੍ਰਤੀ ਜੀਅ ਆਮਦਨ ਭਾਰਤ ਨਾਲੋਂ ਤਕਰੀਬਨ 31 ਗੁਣਾ ਜ਼ਿਆਦਾ ਹੈ। ਜਰਮਨੀ, ਇੰਗਲੈਂਡ, ਫਰਾਂਸ, ਇਟਲੀ ਅਤੇ ਜਾਪਾਨ ਦੀ ਪ੍ਰਤੀ ਜੀਅ ਆਮਦਨ ਭਾਰਤ ਦੇ ਮੁਕਾਬਲੇ (ਕ੍ਰਮਵਾਰ) ਤਕਰੀਬਨ 20, 19, 18, 14 ਅਤੇ 13 ਗੁਣਾਂ ਜ਼ਿਆਦਾ ਹੈ। ਚੀਨ ਦੀ ਪ੍ਰਤੀ ਜੀਅ ਆਮਦਨ ਵੀ ਭਾਰਤ ਤੋਂ ਤਕਰੀਬਨ 5 ਗੁਣਾਂ ਜ਼ਿਆਦਾ ਹੈ।



ਜੇਕਰ ਸਮੁੱਚੇ ਘਰੇਲੂ ਉਤਪਾਦਨ ਦੀ ਗੱਲ ਕਰੀਏ ਤਾਂ ਵੀ ਪਿਛਲੇ 10 ਸਾਲਾਂ ਦੀ ਕਾਰਗੁਜ਼ਾਰੀ ਉਸ ਤੋਂ ਪਹਿਲਾਂ ਵਾਲੇ ਸਾਲਾਂ ਤੋਂ ਬਿਹਤਰ ਨਹੀਂ ਹੈ। ਸਾਲ 2003-04 (2011-12 ਦੀਆਂ ਸਥਿਰ ਕੀਮਤਾਂ ਉੱਪਰ) ਵਿੱਚ ਭਾਰਤ ਦਾ ਸਮੁੱਚਾ ਘਰੇਲੂ ਉਤਪਾਦਨ (ਸਾਧਨ ਲਾਗਤਾਂ ਉਪਰ) 42,88,100 ਕਰੋੜ ਰੁਪਏ ਸੀ, ਜੋ ਵੱਧ ਕੇ 2013-14 ਵਿੱਚ 90,84,400 ਕਰੋੜ ਰੁਪਏ (2.19 ਗੁਣਾ ਦਾ ਵਾਧਾ) ਹੋ ਗਿਆ। ਸਾਲ 2022-23 ਵਿੱਚ ਭਾਰਤ ਦਾ ਸਮੁੱਚਾ ਘਰੇਲੂ ਉਤਪਾਦਨ 1,60,06,425 (ਸਾਲ 2013-14 ਦੇ ਮੁਕਾਬਲੇ 1.76 ਗੁਣਾ ਦਾ ਵਾਧਾ) ਕਰੋੜ ਰੁਪਏ ਹੋ ਗਿਆ, ਜੋ ਸਾਲ 2023-24 ਵਿੱਚ 1,71,65,241 ਕਰੋੜ ਰੁਪਏ ਹੋਣ ਦੀ ਸੰਭਾਵਨਾ ਹੈ, ਜੋ ਕਿ 2013-14 ਦੇ ਮੁਕਾਬਲੇ 1.89 ਗੁਣਾ ਹੋਵੇਗਾ। ਭਾਰਤ ਦੀ ਪ੍ਰਤੀ ਜੀਅ ਅਸਲ ਆਮਦਨ (ਸਾਲ 2011-12 ਦੀਆਂ ਕੀਮਤਾਂ ਉਪਰ) ਵਿੱਤੀ ਸਾਲ 2003-04 ਵਿੱਚ 37,696 ਰੁਪਏ ਤੋਂ ਵੱਧ ਕੇ 2013-14 ਵਿੱਚ 68,867 ਰੁਪਏ (1.83 ਗੁਣਾ) ਹੋ ਗਈ, ਜਦ ਕਿ 2022-23 ਵਿੱਚ ਪ੍ਰਤੀ ਜੀਅ ਅਸਲ ਆਮਦਨ 1,15,746 ਰੁਪਏ (ਸਾਲ 2013-14 ਦੇ ਮੁਕਾਬਲੇ 1.78 ਗੁਣਾ) ਹੋਣ ਦੀ ਸੰਭਾਵਨਾ ਹੈ।

ਬੈਂਕ ਦੇ ਨਿਸ਼ਕ੍ਰਿਆ ਅਸਾਸੇ ਵੀ ਕੋਈ ਵਧੀਆ ਤਸਵੀਰ ਨਹੀਂ ਦਰਸਾ ਰਹੇ। ਸਾਲ 2003-04 ਵਿਚ ਬੈਂਕਾਂ ਦੇ ਨਿਸ਼ਕ੍ਰਿਆ ਅਸਾਸਿਆਂ ਦੀ ਰਾਸ਼ੀ 64,812 ਕਰੋੜ ਰੁਪਏ ਤੋਂ ਵੱਧ ਕੇ 2013-14 ਵਿੱਚ 2,63,362 ਕਰੋੜ ਰੁਪਏ ਅਤੇ 2018-19 ਵਿੱਚ 9,36,474 ਕਰੋੜ ਰੁਪਏ ਅਤੇ 2021-22 ਵਿੱਚ 7,43,653 ਕਰੋੜ ਰੁਪਏ ਹੋ ਗਈ। ਯਕਮੁਸ਼ਤ ਭੁਗਤਾਨ ਵਿਧੀ ਰਾਹੀਂ 18 ਤੋਂ 20 ਪ੍ਰਤੀਸ਼ਤ ਦੀ ਉਗਰਾਹੀ ਕਰਕੇ ਬੈਂਕਾਂ ਨੇ ਬਾਕੀ ਦੇ ਨਿਸ਼ਕ੍ਰਿਆ ਅਸਾਸੇ ਵੱਟੇ-ਖਾਤੇ ਪਾ ਦਿੱਤੇ ਹਨ। ਪਿਛਲੇ ਕੁਝ ਕੁ ਸਾਲਾਂ ਦੌਰਾਨ 8-10 ਲੱਖ ਕਰੋੜ ਰੁਪਏ ਤੋਂ ਵੱਧ ਦੇ ਨਿਸ਼ਕ੍ਰਿਆ ਅਸਾਸੇ ਮੁਆਫ਼ ਕੀਤੇ ਜਾ ਚੁੱਕੇ ਹਨ। ਬੈਂਕਾਂ ਦੇ ਵੱਡੇ-ਵੱਡੇ ਕਰਜ਼ਿਆਂ (ਜੋ ਆਮ ਤੌਰ 'ਤੇ ਵੱਡੇ-ਵੱਡੇ ਉਦਯੋਗਪਤੀਆਂ ਅਤੇ ਕਾਰੋਬਾਰੀਆਂ ਰਾਹੀਂ ਲਏ ਹੁੰਦੇ ਹਨ ਪਰ ਜਾਣ-ਬੁੱਝ ਕੇ ਵਾਪਸ ਨਹੀਂ ਕੀਤੇ ਜਾਂਦੇ) ਨੂੰ ਅਕਸਰ ਹੀ ਨਿਸ਼ਕ੍ਰਿਆ ਅਸਾਸੇ ਐਲਾਨ ਕੇ ਜਨਤਾ ਨੂੰ ਲੱਖਾਂ ਕਰੋੜਾਂ ਰੁਪਿਆਂ ਦਾ ਚੂਨਾ ਲਾਇਆ ਜਾ ਰਿਹਾ ਹੈ। ਸਰਕਾਰ ਸਿਰ ਕਰਜ਼ੇ ਦੀ ਪੰਡ ਵੀ ਭਾਰੀ ਹੁੰਦੀ ਜਾ ਰਹੀ ਹੈ। ਸਾਲ 2013-14 ਵਿੱਚ ਕੇਂਦਰ ਸਰਕਾਰ ਸਿਰ ਸਮੁੱਚੇ ਘਰੇਲੂ ਉਤਪਾਦਨ ਦਾ 52.16 ਪ੍ਰਤੀਸ਼ਤ ਕਰਜ਼ਾ ਸੀ, ਜੋ ਵੱਧ ਕੇ 2022-23 ਵਿੱਚ 61 ਪ੍ਰਤੀਸ਼ਤ ਹੋ ਗਿਆ।

ਬੇਰੁਜ਼ਗਾਰੀ ਬਾਰੇ ਗੱਲ ਕਰੀਏ ਤਾਂ 2017-18 ਦੌਰਾਨ ਭਾਰਤ ਵਿੱਚ ਬੇਰੁਜ਼ਗਾਰੀ ਦੀ ਦਰ 6.1 ਪ੍ਰਤੀਸ਼ਤ ਸੀ, ਜੋ ਪਿਛਲੇ 45 ਸਾਲਾਂ ਦੇ ਸਮੇਂ ਦੌਰਾਨ ਸਭ ਤੋਂ ਵੱਧ ਸੀ। ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦੀ ਦਰ ਤਾਂ 18 ਤੋਂ 20 ਪ੍ਰਤੀਸ਼ਤ ਵਿਚਕਾਰ ਸੀ। ਪੇਂਡੂ ਮਰਦ ਨੌਜਵਾਨਾਂ (15-29 ਸਾਲਾਂ ਦੀ ਉਮਰ ਦੌਰਾਨ) ਵਿਚੋਂ 2017-18 ਦੌਰਾਨ 17.4 ਪ੍ਰਤੀਸ਼ਤ ਬੇਰੁਜ਼ਗਾਰ ਸਨ ਜਦ ਕਿ ਇਹੀ ਦਰ 2011-12 ਵਿੱਚ 5 ਪ੍ਰਤੀਸ਼ਤ ਸੀ। ਪੇਂਡੂ ਔਰਤਾਂ ਦੇ ਕੇਸ ਵਿੱਚ 2004-05 ਅਤੇ 2011-12 ਦੌਰਾਨ ਬੇਰੁਜ਼ਗਾਰੀ ਦੀ ਦਰ 3.5 ਪ੍ਰਤੀਸ਼ਤ ਤੋਂ 4.4 ਪ੍ਰਤੀਸ਼ਤ ਵਿਚਕਾਰ ਸੀ, ਜੋ ਸਾਲ 2017-18 ਦੌਰਾਨ 10.5 ਪ੍ਰਤੀਸ਼ਤ ਸੀ। ਯੂ.ਪੀ.ਏ. ਸਰਕਾਰ ਦੇ ਕਾਰਜਕਾਲ ਦੌਰਾਨ ਅਕਸਰ ਇਹ ਕਿਹਾ ਜਾਂਦਾ ਸੀ ਕਿ ਵਿਕਾਸ ਦੀ ਦਰ ਨਾਲ ਰੁਜ਼ਗਾਰ ਵਿੱਚ ਨਿਗੂਣਾ ਜਿਹਾ ਵਾਧਾ ਹੋ ਰਿਹਾ ਹੈ ਜਾਂ ਰੁਜ਼ਗਾਰ-ਰਹਿਤ ਵਿਕਾਸ ਹੋ ਰਿਹਾ ਸੀ। ਪਰ ਉਸ ਤੋਂ ਬਾਅਦ ਮੌਜੂਦਾ ਸਰਕਾਰ ਦੇ ਕਾਰਜਕਾਲ ਦੌਰਾਨ ਵਿਕਾਸ ਦੇ ਨਾਲ-ਨਾਲ ਰੁਜ਼ਗਾਰ ਵਿੱਚ ਵੀ ਘਾਟਾ ਹੋਣ ਲੱਗ ਪਿਆ ਹੈ। ਦੂਜੇ ਸ਼ਬਦਾਂ ਵਿੱਚ ਭਾਰਤੀ ਆਰਥਿਕਤਾ ਜੌਬਲੈੱਸ ਵਿਕਾਸ ਤੋਂ ਜੌਬ ਲੌਸ ਵਿਕਾਸ ਵਾਲੇ ਰਸਤੇ ਉਪਰ ਚੱਲ ਪਈ ਹੈ। ਸਵੈ-ਚਾਲਕ ਤਕਨਾਲੋਜੀ ਅਤੇ ਮਨਸੂਈ ਬੌਧਿਕਤਾ ਦੇ ਪ੍ਰਫੁੱਲਿਤ ਹੋਣ ਨਾਲ ਰੁਜ਼ਗਾਰ ਦੇ ਮੌਕੇ ਹੋਰ ਵੀ ਘਟਣੇ ਹਨ।

ਭੁੱਖਮਰੀ ਅਤੇ ਕੁਪੋਸ਼ਣ ਦੇ ਹਿਸਾਬ ਨਾਲ ਵੀ ਭਾਰਤ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਦੇ ਮੁਕਾਬਲੇ ਮਾੜੀ ਹਾਲਤ ਵਿੱਚ ਹੈ। ਅੱਜ ਵੀ ਤਕਰੀਬਨ 83 ਕਰੋੜ ਭਾਰਤੀ ਭੋਜਨ ਅਸੁਰੱਖਿਆ ਦਾ ਸਾਹਮਣਾ ਕਰ ਰਹੇ ਹਨ, ਜਿਨ੍ਹਾਂ ਨੂੰ ਸਰਕਾਰ ਬਹੁਤ ਹੀ ਸਸਤਾ ਅਨਾਜ ਮੁਹੱਈਆ ਕਰਵਾ ਰਹੀ ਹੈ। ਸਾਲ 2023 ਵਿੱਚ ਭੁੱਖਮਰੀ ਸੂਚਕ ਅੰਕ ਦੇ ਹਿਸਾਬ ਨਾਲ ਭਾਰਤ 125 ਦੇਸ਼ਾਂ ਵਿਚੋਂ 111ਵੇਂ ਸਥਾਨ 'ਤੇ ਸੀ, ਭਾਵ ਭੁੱਖਮਰੀ ਸੂਚਕ ਅੰਕ ਦੇ ਹਿਸਾਬ ਨਾਲ ਕੇਵਲ 14 ਦੇਸ਼ ਹੀ ਭਾਰਤ ਤੋਂ ਹੇਠਾਂ ਹਨ। ਯਾਦ ਰਹੇ ਕਿ 2014 ਵਿੱਚ ਭੁੱਖਮਰੀ ਦੇ ਸੂਚਕ ਅੰਕ ਅਨੁਸਾਰ ਭਾਰਤ 101ਵੇਂ ਸਥਾਨ 'ਤੇ ਸੀ।

ਰਿਜ਼ਰਵ ਬੈਂਕ ਆਫ਼ ਇੰਡੀਆ ਦੇ ਅੰਕੜੇ ਦੱਸ ਰਹੇ ਹਨ ਕਿ ਸਾਲ 2022-23 ਵਿੱਚ ਭਾਰਤ ਵਿੱਚ ਪਰਿਵਾਰਕ ਬੱਚਤ ਪਿਛਲੇ ਪੰਜਾਹ ਸਾਲਾਂ ਦੌਰਾਨ ਸਭ ਤੋਂ ਘੱਟ ਸੀ। 2021-22 ਵਿੱਚ ਕੁਝ ਪਰਿਵਾਰਾਂ ਦੀ ਸ਼ੁੱਧ ਵਿੱਤੀ ਬੱਚਤ ਸਮੁੱਚੇ ਘਰੇਲੂ ਉਤਪਾਦਨ ਦਾ 7.2 ਪ੍ਰਤੀਸ਼ਤ ਸੀ, ਜੋ ਕਿ 2022-23 ਵਿੱਚ ਸਿਰਫ਼ 5.1 ਪ੍ਰਤੀਸ਼ਤ ਰਹਿ ਗਈ। ਇਸ ਤੋਂ ਇਲਾਵਾ ਪਰਿਵਾਰਾਂ ਦੀਆਂ ਵਿੱਤੀ ਦੇਣਦਾਰੀਆਂ ਸਾਲ 2021-22 ਵਿੱਚ ਸਮੁੱਚੇ ਘਰੇਲੂ ਉਤਪਾਦਨ ਦੇ 3.8 ਪ੍ਰਤੀਸ਼ਤ ਦੇ ਮੁਕਾਬਲੇ 2022-23 ਵਿੱਚ ਵੱਧ ਕੇ 5.8 ਪ੍ਰਤੀਸ਼ਤ ਹੋ ਗਈਆਂ। ਆਜ਼ਾਦੀ ਤੋਂ ਬਾਅਦ ਪਰਿਵਾਰਾਂ ਉੱਪਰ ਵਿੱਤੀ ਦੇਣਦਾਰੀਆਂ ਦਾ ਬੋਝ 2022-23 ਤੋਂ ਪਹਿਲਾਂ ਕੇਵਲ ਇੱਕ ਵਾਰੀ (2006-07 ਵਿੱਚ) ਹੀ ਇਸ ਤੋਂ ਜ਼ਿਆਦਾ ਸੀ। ਇਸੇ ਤਰ੍ਹਾਂ ਪਰਿਵਾਰਾਂ ਦੀ ਸ਼ੁੱਧ ਧਨ-ਸੰਪਤੀ ਦੀ ਰਾਸ਼ੀ ਵੀ 2020-21 ਵਿੱਚ 22.8 ਟ੍ਰਿਲੀਅਨ (22.8 ਲੱਖ ਕਰੋੜ ਰੁਪਏ) ਤੋਂ ਘੱਟ ਕੇ 2021-22 ਵਿੱਚ 16.96 ਟ੍ਰਿਲੀਅਨ (16.96 ਲੱਖ ਕਰੋੜ) ਰੁਪਏ ਅਤੇ ਸਾਲ 2022-23 ਦੌਰਾਨ ਕੇਵਲ 13.76 ਟ੍ਰਿਲੀਅਨ (13.76 ਲੱਖ ਕਰੋੜ) ਰੁਪਏ ਰਹਿ ਗਈ। ਇਸੇ ਤਰ੍ਹਾਂ ਪਰਿਵਾਰਾਂ ਉੱਪਰ ਸ਼ੁੱਧ ਕਰਜ਼ੇ ਵਿੱਚ ਵੀ ਗਿਣਨਯੋਗ ਵਾਧਾ ਹੋਇਆ ਹੈ।

ਉਪਰੋਕਤ ਬਿਰਤਾਂਤ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਭਾਰਤ ਵਿੱਚ ਬਹੁ-ਗਿਣਤੀ ਲੋਕ ਅੱਜ ਵੀ ਬਹੁਤ ਨਾਜ਼ੁਕ ਆਰਥਿਕ ਸਥਿਤੀਆਂ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਨੂੰ ਜਿਥੇ ਭੁੱਖਮਰੀ ਅਤੇ ਕੁਪੋਸ਼ਣ ਵਰਗੀਆਂ ਅਲਾਮਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਥੇ ਹੀ ਬੇਰੁਜ਼ਗਾਰੀ, ਘੱਟ ਉਜਰਤਾਂ ਉੱਪਰ ਰੁਜ਼ਗਾਰ, ਅਰਧ-ਬੇਰੁਜ਼ਗਾਰੀ, ਕੰਮ ਕਰਨ ਦੀਆਂ ਮਾੜੀਆਂ ਹਾਲਤਾਂ, ਸਮਾਜਿਕ ਅਸੁਰੱਖਿਆ, ਮਾੜੀਆਂ ਸਿਹਤ ਅਤੇ ਸਿੱਖਿਆ ਸਹੂਲਤਾਂ ਦਾ ਵੀ ਸਾਮਹਣਾ ਕਰਨਾ ਪੈ ਰਿਹਾ ਹੈ। ਵੱਡੀ ਗਿਣਤੀ ਵਿੱਚ ਕਿਰਤੀ ਵੇਖਣ ਨੂੰ ਭਾਵੇਂ ਬੇਰੁਜ਼ਗਾਰ ਲਗਦੇ ਹਨ ਪਰ ਅਸਲ ਵਿੱਚ ਅਰਧ ਰੁਜ਼ਗਾਰ ਪ੍ਰਾਪਤ-ਗ਼ਰੀਬ ਹਨ।

ਅਜਿਹੀ ਸਥਿਤੀ ਨੂੰ ਸੁਧਾਰਨ ਲਈ ਵੱਡੀ ਪੱਧਰ 'ਤੇ ਰੁਜ਼ਗਾਰ (ਚੰਗੀਆਂ ਉਜਰਤਾਂ ਅਤੇ ਕੰਮ ਦੀਆਂ ਵਧੀਆ ਹਾਲਤਾਂ ਵਾਲਾ) ਦੇ ਮੌਕੇ ਪੈਦਾ ਕਰਨ ਦੀ ਲੋੜ ਹੈ। ਗ਼ਰੀਬੀ ਅਤੇ ਭੁੱਖਮਰੀ ਨੂੰ ਦੂਰ ਕਰਨ ਲਈ ਜਨਤਕ ਖੇਤਰ ਅਤੇ ਆਰਥਿਕ ਕਲਿਆਣ ਵਾਲੇ ਮਾਹੌਲ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਵਧੀਆ ਸਿੱਖਿਆ, ਹੁਨਰ ਅਤੇ ਸਿਹਤ ਸੇਵਾਵਾਂ ਆਮ ਲੋਕਾਂ ਦੀ ਪਹੁੰਚ ਤੱਕ ਕਰਨ ਦੀ ਲੋੜ ਹੈ। ਅਜਿਹਾ ਤਾਂ ਹੀ ਸੰਭਵ ਹੋਵੇਗਾ ਜੇਕਰ ਸਰਕਾਰਾਂ ਅਤੇ ਨਿੱਜੀ-ਖੇਤਰ ਆਪਣੀ-ਆਪਣੀ ਜ਼ਿੰਮੇਵਾਰੀ ਸੁਚਾਰੂ ਢੰਗ ਨਾਲ ਨਿਭਾਉਣ ਅਤੇ ਲੋਕ-ਪੱਖੀ ਵਿਕਾਸ ਏਜੰਡੇ ਸਹੀ ਅਰਥਾਂ ਵਿੱਚ ਬਣਾਉਣ, ਅਪਣਾਉਣ ਅਤੇ ਲਾਗੂ ਕਰਨ। ਇਕੱਲਾ ਗੱਲਾਂ ਜਾਂ ਨਾਅਰਿਆਂ ਨਾਲ ਸਾਰਥਿਕ ਨਤੀਜੇ ਨਹੀਂ ਨਿਕਲਣ ਲੱਗੇ। ਲੋਕਾਂ ਦੇ ਬੁਨਿਆਦੀ ਮਸਲਿਆਂ ਨੂੰ ਲੰਬੇ ਸਮੇਂ ਲਈ ਅੱਖੋਂ-ਪਰੋਖੇ ਕਰਨ ਨਾਲ ਸਮਾਜਿਕ, ਆਰਥਿਕ ਅਤੇ ਰਾਜਨੀਤਕ ਅਰਾਜਕਤਾ ਵਰਗੇ ਹਾਲਾਤ ਪੈਦਾ ਹੋ ਸਕਦੇ ਹਨ।

# ਪੰਜਾਬੀ ਪੁਰਾਤਨ ਵਿਆਹਾਂ ਦੇ ਅਸਲੀ ਸੱਭਿਆਚਾਰ ਦੀਆਂ ਰੌਣਕਾਂ

ਸ਼ਮਸ਼ੇਰ ਸਿੰਘ ਸੋਹੀ

ਅੱਜ ਦੇ ਸਮੇਂ ਭਾਵੇਂ ਵਿਆਹ ਮੈਰਿਜ ਪੈਲੇਸਾਂ ਵਿੱਚ ਹੋਣ ਕਰਕੇ ਬਹੁਤ ਥੋੜ੍ਹੇ ਸਮੇਂ ਵਿੱਚ ਹੀ ਮੁੱਕ ਜਾਂਦਾ ਹੈ ਪਰ ਇਕ ਸਮਾਂ ਅਜਿਹਾ ਵੀ ਸੀ ਜਦੋਂ ਵਿਆਹ ਭਾਵ ਕਿ ਇਹਦੇ ਨਾਲ ਸੰਬੰਧਿਤ ਅਣਗਿਣਤ ਅਤਿ ਪਿਆਰੀਆਂ ਤੇ ਮਨ ਲੁਭਾਉਣੀਆਂ ਗੀਤਾਂ-ਰਸਮਾਂ ਅਤੇ ਵਿਆਹ ਵਾਲੇ ਘਰ ਬਣਿਆ ਰੌਣਕ-ਮੇਲਾ ਕਈ-ਕਈ ਦਿਨ ਤੱਕ ਚੱਲਦਾ ਰਹਿੰਦਾ ਸੀ। ਵਿਆਹ ਤੋਂ ਕਈ ਦਿਨ ਪਹਿਲਾਂ ਹੀ ਘਰ ਵਿੱਚ ਰੌਣਕਾਂ ਲੱਗ ਜਾਂਦੀਆਂ ਸਨ। ਪਿੰਡ ਦੀਆਂ ਔਰਤਾਂ ਵੀ ਇਸ ਹੋਣ ਜਾ ਰਹੇ ਵਿਆਹ ਨੂੰ ਮਨ-ਮਸਤਕ ਤੇ ਦਿਲ 'ਚ ਚਿਤਾਰਦਿਆਂ ਸ਼ਾਮ ਨੂੰ ਘਰ ਦੇ ਕੰਮ ਨਿਬੇੜ ਕੇ ਵਿਆਹ ਵਾਲੇ ਘਰ ਜਾ ਕੇ ਸੁਹਾਗ, ਘੋੜੀਆਂ ਗਾਉਂਦੀਆਂ ਸਨ। ਉਸ ਸਮੇਂ ਦੇ ਵਿਆਹਾਂ ਦਾ ਅੱਜ ਕੀਤੇ ਜਾ ਰਹੇ ਵਿਆਹਾਂ ਨਾਲੋਂ ਬਹੁਤ ਫ਼ਰਕ ਸੀ। ਉਨ੍ਹਾਂ ਗੁਜ਼ਰ ਚੁੱਕੇ ਭਲਿਆਂ ਵਕਤਾਂ 'ਚ ਨਾਨਕਿਆਂ-ਦਾਦਕਿਆਂ ਨੇ ਜਦੋਂ ਵਿਆਹ ਵਿੱਚ ਉਸ ਸਮੇਂ ਸਿੱਠਣੀਆਂ ਦੇਣੀਆਂ, ਇੱਕ-ਦੂਜੇ ਨੂੰ ਟਿੱਚਰਾਂ ਕਰਨੀਆਂ, ਹਾਸੇ-ਮਜ਼ਾਕ ਕਰਨੇ ਤਾਂ ਘਰ ਵਿੱਚ ਰੌਣਕਾਂ ਲੱਗ ਜਾਂਦੀਆਂ ਸਨ।



ਵਿਆਹ ਤੋਂ ਪਹਿਲਾਂ ਉਸ ਸਮੇਂ ਮੰਜੇ-ਬਿਸਤਰੇ ਇਕੱਠੇ ਕਰਨ ਦਾ ਵੀ ਰਿਵਾਜ ਸੀ। ਘਰ ਦਾ ਕੋਈ ਮੁਹਤਬਰ ਬੰਦਾ ਤੇ ਉਸ ਨਾਲ ਚਾਰ-ਪੰਜ ਜਣੇ ਆਸ-ਪਾਸ ਦੇ ਘਰਾਂ 'ਚੋਂ ਮੰਜੇ ਤੇ ਬਿਸਤਰੇ ਇਕੱਠੇ ਕਰਨ ਜਾਂਦੇ ਸਨ। ਇੱਕ ਬੰਦੇ ਨੇ ਕਲਮ ਤੇ ਦਵਾਤ ਫੜੀ ਹੋਣੀ, ਦੂਜੇ ਬੰਦੇ ਨੇ ਬਿਸਤਰਿਆਂ ਤੇ ਮੰਜਿਆਂ 'ਤੇ ਨੰਬਰ ਲਾਈ ਜਾਣਾ ਤੇ ਇੱਕ ਨੇ ਕਾਪੀ 'ਤੇ ਘਰ ਦੇ ਬੰਦੇ ਦਾ ਨਾਂਅ ਲਿਖੀ ਜਾਣਾ। ਉਸ ਸਮੇਂ ਮੋਬਾਈਲ ਤਾਂ ਹੁੰਦੇ ਨਹੀਂ ਸੀ। ਇਸ ਕਰਕੇ ਕਾਪੀ 'ਤੇ ਲਿਖੇ ਨਾਂਅ ਦੀ ਬੜੀ ਅਹਿਮੀਅਤ ਹੁੰਦੀ ਸੀ। ਜਦੋਂ ਵਿਆਹ ਦਾ ਕੰਮ ਨਿੱਬੜ ਜਾਂਦਾ ਸੀ ਤਾਂ ਲੋਕ ਵਿਆਹ ਵਾਲੇ ਘਰੋਂ ਆਪਣਾ-ਆਪਣਾ ਮੰਜਾ ਤੇ ਬਿਸਤਰਾ ਪਛਾਣ ਕੇ ਲੈ ਜਾਂਦੇ ਸਨ।

ਵਿਆਹ ਤੋਂ ਕੁਝ ਦਿਨ ਪਹਿਲਾਂ ਸਪੀਕਰ ਵਾਲਾ ਆਪਣਾ ਸਾਜ਼ੋ-ਸਾਮਾਨ ਲੈ ਕੇ ਆ ਜਾਂਦਾ ਸੀ। ਕੋਠੇ 'ਤੇ ਦੋ ਮੰਜੇ ਜੋੜ ਕੇ ਸਪੀਕਰ ਫਿੱਟ ਕਰ ਲਿਆ ਜਾਂਦਾ ਸੀ ਤੇ ਸਪੀਕਰ ਵਾਲਾ ਆਪ ਥੱਲੇ ਮਸ਼ੀਨ ਲਾ ਕੇ ਬੈਠ ਜਾਂਦਾ ਸੀ। ਵਿਆਹ ਦੀਆਂ ਰਸਮਾਂ ਮੁਤਾਬਕ ਜਦੋਂ ਸਪੀਕਰ ਵਾਲਾ ਵੱਖ-ਵੱਖ ਪੰਜਾਬੀ ਕਲਾਕਾਰਾਂ ਦੇ ਰਿਕਾਰਡ ਮਸ਼ੀਨ 'ਤੇ ਵਜਾਉਂਦਾ ਸੀ ਤਾਂ ਘਰ ਵਿੱਚ ਵੱਖਰਾ ਹੀ ਮਾਹੌਲ ਸਿਰਜ ਦਿੰਦਾ ਸੀ। ਉਸ ਸਮੇਂ ਉਹ ਜਿਹੜੇ ਗੀਤ ਵਜਾਉਂਦਾ ਸੀ ਉਹ ਸਾਡੇ ਕੰਨਾਂ ਵਿੱਚ ਰਸ ਘੋਲ ਦਿੰਦੇ ਸਨ। ਅੱਜ ਵਾਂਗ ਉਸ ਸਮੇਂ ਡੀ.ਜੇ. ਵਰਗਾ ਸ਼ੋਰ-ਸ਼ਰਾਬਾ ਕੋਈ ਨਹੀਂ ਸੀ ਹੁੰਦਾ। ਇਹ ਸੋਲ੍ਹਾਂ ਆਨੇ ਸੱਚ ਹੈ ਕਿ ਗੀਤਾਂ ਤੋਂ ਖ਼ੁਸ਼ ਹੋ ਕੇ ਘਰ ਵਾਲੇ ਸਪੀਕਰ ਵਾਲੇ ਦੀ ਪੂਰੀ ਆਓ-ਭਗਤ ਵੀ ਕਰਦੇ ਸਨ। ਸਪੀਕਰ ਵਿਆਹ ਤੋਂ ਕੁਝ ਦਿਨ ਪਹਿਲਾਂ ਤੇ ਦੋ ਦਿਨ ਬਾਅਦ ਵੀ ਚੱਲਦਾ ਰਹਿੰਦਾ ਸੀ। ਉਸ ਸਮੇਂ ਜਦੋਂ ਬਰਾਤ ਬੱਸਾਂ ਤੇ ਟਰੱਕਾਂ 'ਤੇ ਜਾਂਦੀ ਸੀ ਤਾਂ ਸਪੀਕਰ ਵਾਲੇ ਨੂੰ ਬੱਸ ਦੇ ਉੱਪਰ ਬਿਠਾਇਆ ਜਾਂਦਾ ਸੀ। ਕੁੜੀ ਵਾਲਿਆਂ ਨੂੰ ਸਪੀਕਰ ਦੀ ਆਵਾਜ਼ ਤੋਂ ਹੀ ਪਤਾ ਲੱਗ ਜਾਂਦਾ ਸੀ ਕਿ ਬਰਾਤ ਪਿੰਡ ਪਹੁੰਚ ਗਈ ਹੈ। ਪਿੰਡ ਦੇ ਮੁੰਡੇ ਆਈ ਹੋਈ ਬਰਾਤ ਦੀ ਪੂਰੀ ਆਓ-ਭਗਤ ਕਰਦੇ ਸਨ।

ਉਸ ਸਮੇਂ ਜਿਹੋ-ਜਿਹਾ ਧੀ ਲਈ ਮਾਪਿਆਂ ਨੇ ਵਰ ਲੱਭ ਦਿੱਤਾ, ਉਸੇ ਨਾਲ ਹੀ ਉਸ ਨੂੰ ਵਿਆਹ ਕਰਵਾਉਣਾ ਪੈਂਦਾ ਸੀ। ਮੁੰਡੇ ਨੂੰ ਵੀ ਆਪਣੇ ਸਹੁਰੇ ਘਰ ਗੇੜਾ ਮਾਰਨ ਦੀ ਉਸ ਸਮੇਂ ਮਨਾਹੀ ਸੀ। ਕਲਾਕਾਰਾਂ ਦੇ ਅਖਾੜੇ ਵਿਆਹ ਵਿੱਚ ਲੱਗਦੇ ਜ਼ਰੂਰ ਸਨ ਪਰ ਫੋਟੋਗ੍ਰਾਫੀ ਦਾ ਰਿਵਾਜ ਉਦੋਂ ਘੱਟ ਹੀ ਸੀ। ਵਿਆਪਕ ਗ਼ਰੀਬੀ ਥੁੜ੍ਹਾਂ ਮਾਰੀ ਹਾਲਤ, ਹਰ ਤਰ੍ਹਾਂ ਦੇ ਮੁਸ਼ਕਿਲਾਂ ਭਰੇ ਜੀਵਨ ਢੰਗ ਦੇ ਹੁੰਦਿਆਂ ਪੁਰਾਣੇ ਸਮਿਆਂ ਵਿੱਚ ਬਰਾਤਾਂ ਵੀ ਗੱਡਿਆਂ, ਟਾਂਗਿਆਂ ਵਗੈਰਾ 'ਤੇ ਹੀ ਜਾਂਦੀਆਂ ਸਨ। ਸਾਰੇ ਪਿੰਡ ਵੱਲੋਂ ਬਰਾਤੀਆਂ ਦੀ ਪੂਰੀ ਸੇਵਾ ਕੀਤੀ ਜਾਂਦੀ ਸੀ ਪਰ ਉਹ ਸੇਵਾ ਅੱਜ ਦੇ ਹੁੰਦੇ ਵਿਆਹਾਂ ਦੇ ਸਾਹਮਣੇ ਕਿਧਰੇ ਲਾਗੇ-ਚਾਗੇ ਵੀ ਨਹੀਂ ਸੀ ਖਲੋ ਸਕਦੀ, ਪਰੰਤੂ ਉਸ ਵਿਆਹ ਦੀਆਂ ਬਾਕਮਾਲ ਖ਼ੂਬੀਆਂ ਵੀ ਹੁੰਦੀਆਂ ਸਨ। ਉਦਾਹਰਨ ਦੇ ਤੌਰ 'ਤੇ ਕੁੜੀਆਂ-ਚਿੜੀਆਂ ਪਿੰਡ/ਘਰ ਢੁਕੀ ਬਾਰਾਤ 'ਚ ਸਜੇ-ਫਬੇ ਲਾੜੇ, ਉਹਦੇ ਰਖਵਾਲੇ ਬਣੇ ਸ਼ੁਭ-ਚਿੰਤਕਾਂ ਨਾਲ ਹਾਸਾ-ਮਜ਼ਾਕ ਵੀ ਬਹੁਤ ਕਰਦੀਆਂ ਸਨ। ਵਿਆਹ ਸਮੇਂ ਕੱਚੇ ਘਰ ਨੂੰ ਰੀਝਾਂ-ਸਧਰਾਂ, ਉਮੰਗਾਂ ਨੂੰ ਪਾਲਦਿਆਂ ਹੋਇਆਂ ਪੂਰਾ ਸਜਾਇਆ ਜਾਂਦਾ ਸੀ। ਮੇਰੀ ਨਜ਼ਰ 'ਚ ਉਨ੍ਹਾਂ ਵਿਆਹਾਂ ਦੀ ਸਭ ਤੋਂ ਵੱਡੀ ਖ਼ੂਬੀ ਨਾਨਕਾ ਮੇਲ ਦੀ ਵਿਆਹ ਵਿੱਚ ਪੂਰੀ ਟੌਹਰ ਹੋਣਾ ਹੁੰਦੀ ਸੀ। ਕੁੜੀ ਨੂੰ ਦਾਜ ਵਿੱਚ ਨਵਾਰੀ ਪਲੰਘ, ਸੰਦੂਕ, ਪੱਖੀਆਂ ਚਰਖਾ ਦਿੱਤਾ ਜਾਂਦਾ ਸੀ।



ਵਿਆਹ 'ਤੇ ਖਾਣ-ਪੀਣ ਦਾ ਸਾਮਾਨ ਮਠਿਆਈਆਂ ਵਗੈਰਾ ਸਭ ਕੁਝ ਘਰ ਵਿੱਚ ਹੀ ਬਣਾਇਆ ਜਾਂਦਾ ਸੀ, ਅੱਜ ਵਾਂਗ ਬਾਜ਼ਾਰੋਂ ਕੁਝ ਨਹੀਂ ਸੀ ਖਰੀਦਿਆ ਜਾਂਦਾ। ਲੱਡੂ, ਜਲੇਬੀਆਂ, ਸ਼ੱਕਰਪਾਰੇ, ਮਿੱਠੀ ਤੇ ਨਮਕੀਨ ਸ਼ੀਰਨੀ, ਬੂੰਦੀ, ਮੱਠੀਆਂ, ਪਕੌੜੇ, ਗੁਲਗੁਲੇ ਆਦਿ ਸਾਰਾ ਸਾਮਾਨ ਹਲਵਾਈ ਕੋਲੋਂ ਤਿਆਰ ਕਰਵਾਇਆ ਜਾਂਦਾ ਸੀ ਜੋ ਵਿਆਹ ਤੋਂ ਕੁਝ ਦਿਨ ਪਹਿਲਾਂ ਹੀ ਘਰ ਵਿੱਚ ਆ ਜਾਂਦਾ ਸੀ। ਹਲਵਾਈ ਦੀ ਘਰ ਵਿੱਚ ਆਮਦ ਅਸੀਮ ਖ਼ੁਸ਼ੀ ਦਾ ਇੱਕ ਮੌਕਾ ਬਣਦੀ ਅਤੇ ਘਰ-ਵਿਹੜੇ 'ਚ ਭਿੰਨ-ਭਿੰਨ ਬਣ ਰਹੇ ਪਦਾਰਥਾਂ ਕਰਕੇ ਖੇੜਾ ਪੈਦਾ ਕਰਨ ਵਾਲਾ ਇਹ ਸ਼ੁੱਭ ਮੌਕਾ ਮਨਾਂ 'ਚ ਰੀਝਾਂ-ਉਮੰਗਾਂ ਪਾਲਦਿਆਂ ਘਰ ਨੂੰ ਜਿਵੇਂ ਐਲਾਨੀਆ ਵਿਆਹ ਵਾਲਾ ਘਰ ਦਰਸਾਉਂਦਾ ਸੀ। ਵਿਆਹ ਦੀ ਭਾਜੀ ਵੰਡਣ ਵੇਲੇ ਵੀ ਲੱਡੂ ਘਰ ਵਿੱਚ ਹੀ ਬਣਾਏ ਜਾਂਦੇ ਸਨ। ਲੱਡੂ ਵੱਟਣ ਵੇਲੇ ਆਸ-ਪਾਸ ਦੀਆਂ ਗੁਆਂਢਣਾਂ ਤੇ ਸ਼ਰੀਕੇ ਦੀਆਂ ਔਰਤਾਂ ਵਿਆਹ ਵਾਲੇ ਘਰ ਸਮੇਂ ਸਿਰ ਪਹੁੰਚ ਜਾਂਦੀਆਂ ਸਨ। ਔਰਤਾਂ ਨੇ ਸਾਰਾ ਦਿਨ ਬੈਠ ਕੇ ਨਾਲੇ ਲੱਡੂ ਵੱਟਣੇ ਤੇ ਨਾਲੇ ਗੱਲਾਂ ਵੀ ਕਰੀ ਜਾਣੀਆਂ। ਇਹ ਗੱਲਾਂ ਅਨਮੋਲ ਹੁੰਦੀਆਂ ਸਨ ਅਤੇ ਇਨ੍ਹਾਂ 'ਚੋਂ ਪੰਜਾਬੀ ਸੱਭਿਆਚਾਰ ਦਾ ਮੋਹ-ਪਿਆਰ ਦਾ ਤੱਤ ਪ੍ਰਪੱਕ ਹੁੰਦਾ। ਵਿਆਹ ਸਮੇਂ ਵਰਤੋਂ 'ਚ ਆਉਣ ਵਾਲਾ ਜ਼ਿਆਦਾਤਰ ਸਾਮਾਨ ਜਿਵੇਂ ਦੁੱਧ ਉਸ ਸਮੇਂ ਆਂਢ-ਗੁਆਂਢ ਦੇ ਘਰਾਂ ਵਿਚੋਂ ਹੀ ਇਕੱਠਾ ਕਰ ਲਿਆ ਜਾਂਦਾ ਸੀ। ਸਾਰੇ ਸ਼ਰੀਕੇ ਵਾਲੇ ਵਿਆਹ ਨੂੰ ਆਪਣਾ ਪ੍ਰੋਗਰਾਮ ਮੰਨ ਕੇ ਸਮਰੱਥਾ ਮੁਤਾਬਕ ਆਪਣਾ ਯੋਗਦਾਨ ਪਾਉਂਦੇ ਸਨ। ਆਸ-ਪਾਸ ਦੇ ਗੁਆਂਢੀ, ਸਕੇ-ਸੰਬੰਧੀ ਤੇ ਰਿਸ਼ਤੇਦਾਰ ਸਮਾਂ ਕੱਢ ਕੇ ਪਹਿਲਾਂ ਹੀ ਵਿਆਹ ਵਾਲੇ ਘਰ ਆ ਜਾਂਦੇ ਸਨ ਤੇ ਉਨ੍ਹਾਂ ਦੇ ਕੰਮ ਵਿੱਚ ਹੱਥ ਵਟਾਉਂਦੇ ਸਨ। ਇਸ ਨਾਲ ਭਾਈਚਾਰਕ ਸਾਂਝ ਵਧਦੀ ਸੀ। ਪਿੰਡ ਦੇ ਸਾਰੇ ਮੁੰਡੇ ਇਕੱਠੇ ਹੋ ਕੇ ਵਿਆਹ ਵਾਲੇ ਘਰ ਟੈਂਟ ਤੇ ਮੇਜ਼-ਕੁਰਸੀਆਂ ਲਾਉਂਦੇ ਸਨ। ਉਸ ਸਮੇਂ ਜਦੋਂ ਕੋਈ ਵਿਆਹ ਸਮੇਂ ਕਲਾਕਾਰ ਨੂੰ ਬੁਲਾਉਂਦਾ ਸੀ ਤਾਂ ਆਸ-ਪਾਸ ਦੇ ਵੀਹ ਪਿੰਡਾਂ ਦੇ ਲੋਕ ਉਸ ਘਰ ਵਿੱਚ ਇਕੱਠੇ ਹੋ ਜਾਂਦੇ ਸਨ, ਜਿੱਥੇ ਕਲਾਕਾਰ ਦਾ ਅਖਾੜਾ ਲੱਗਣਾ ਹੁੰਦਾ ਸੀ। ਉਸ ਸਮੇਂ ਜੰਞ ਘਰਾਂ ਵਿੱਚ ਬਰਾਤ ਬੈਠਦੀ ਸੀ ਪਰ ਅੱਜ ਦੇ ਸਮੇਂ ਬਹੁਤੇ ਪਿੰਡਾਂ ਵਿੱਚ ਜੰਞ ਘਰ ਦੀ ਹੋਂਦ ਹੀ ਖ਼ਤਮ ਹੋ ਗਈ ਹੈ। ਲਾਵਾਂ ਪਿੰਡ ਦੇ ਗੁਰੂ-ਘਰ ਵਿੱਚ ਹੁੰਦੀਆਂ ਸਨ। ਇਸ ਸਮੇਂ ਸਿਹਰਾ ਤੇ ਸਿੱਖਿਆ ਗਾਉਣ ਜਾਂ ਬੋਲਣ ਦਾ ਰਿਵਾਜ਼ ਸੀ। ਡੋਲੀ ਵੀ ਘਰੋਂ ਹੀ ਵਿਦਾ ਹੁੰਦੀ ਸੀ। ਲਾਗੀ ਦੇ ਹੱਥ ਹੀ ਹੱਥ ਨਾਲ ਲਿਖੇ ਰੁਕੇ ਜਾਂ ਮੂੰਹ ਜ਼ੁਬਾਨੀ ਹੀ ਉਸ ਨੂੰ ਰਿਸ਼ਤੇਦਾਰਾਂ ਵੱਲ ਭੇਜ ਕਿ ਵਿਆਹ ਬਾਰੇ ਦੱਸਿਆ ਜਾਂਦਾ ਸੀ। ਇਹ ਇੱਕ ਬੜਾ ਹੀ ਸੁੱਚੀਆਂ ਭਾਵਨਾਵਾਂ ਦੇ ਕੁਦਰਤੀ ਪ੍ਰਗਟਾਵੇ ਦਾ ਅਤਿ ਮੁੱਲਵਾਨ ਅਤੇ ਚਿਰਕਾਲ ਤੱਕ ਮਨਾਂ 'ਚ ਸੰਭਾਲ ਕੇ ਰੱਖਣ ਯੋਗ ਅਵਸਰ ਬਣਾ ਜਾਂਦਾ। ਅਜਿਹੇ ਮੌਕਿਆਂ ਨੇ ਸੱਭਿਆਚਾਰਕ ਸਾਂਝਾਂ ਵਧਾਉਣ ਅਤੇ ਇਨ੍ਹਾਂ ਨੂੰ ਡੂੰਘੀਆਂ ਤੋਂ ਡੂੰਘੇਰੀਆਂ ਕਰ ਸਕਣ ਵਾਲੇ ਅਸੀਮ ਅਨੰਤ ਖ਼ੂਬਸੂਰਤੀਆਂ ਵਾਲਾ ਸੰਸਾਰ ਭਰ ਦੇ ਇੱਕ ਨਿਵੇਕਲੇ ਸੱਭਿਆਚਾਰ ਵਜੋਂ ਘੜਨ-ਸੁਆਰਨ 'ਚ ਭਰਵਾਂ ਹਿੱਸਾ ਪਾਇਆ ਹੈ।



ਜਦੋਂ ਘਰਾਂ ਵਿੱਚ ਵਿਆਹ ਹੁੰਦੇ ਸੀ, ਉਹ ਦਿਨ ਬੜੇ ਚੰਗੇ ਹੁੰਦੇ ਸੀ। ਪਿੰਡ ਦੇ ਸਾਰੇ ਲੋਕਾਂ ਵਿੱਚ ਆਪਸੀ ਪਿਆਰ ਤੇ ਭਾਈਚਾਰਾ ਹੁੰਦਾ ਸੀ ਤੇ ਉਹ ਵਿਆਹ ਸਿਰਫ਼ ਇੱਕ ਘਰ ਦਾ ਨਹੀਂ, ਸਗੋਂ ਸਾਰੇ ਪਿੰਡ ਦਾ ਸਾਂਝਾ ਹੁੰਦਾ ਸੀ। ਪਹਿਲੇ ਸਮਿਆਂ ਦੇ ਵਿਆਹਾਂ ਵਿੱਚ ਮੁਕਲਾਵੇ ਦੀ ਰਸਮ ਵੀ ਹੁੰਦੀ ਸੀ, ਜੋ ਅੱਜ ਬਿਲਕੁਲ ਅਲੋਪ ਹੋ ਗਈ ਹੈ। ਜਾਗੋ ਦਾ ਰੂਪ ਵੀ ਹੁਣ ਬਦਲ ਗਿਆ ਹੈ। ਸੱਜਣ ਲਈ ਹੁਣ ਬਿਊਟੀ ਪਾਰਲਰ ਆ ਗਏ ਹਨ ਜਿੱਥੇ ਜਾ ਕੇ ਕੁੜੀ ਵਿਆਹ ਵਾਲੇ ਦਿਨ ਤਿਆਰ ਹੁੰਦੀ ਹੈ। ਅੱਜ ਦੇ ਸਮੇਂ ਮੈਰਿਜ ਪੈਲੇਸਾਂ ਵਿੱਚ ਕੁਝ ਹੀ ਘੰਟਿਆਂ ਵਿੱਚ ਲੱਖਾਂ ਰੁਪਏ ਖਰਚ ਕਰਕੇ ਵਿਆਹ ਝਟਪਟ ਕਰ ਦਿੱਤੇ ਜਾਂਦੇ ਹਨ। ਮੈਰਿਜ ਪੈਲੇਸ ਵਿੱਚ ਸਮਾਂ ਜ਼ਰੂਰ ਬਚਦਾ ਹੈ ਪਰ ਪੁਰਾਣੇ ਸਮਿਆਂ ਵਾਲੇ ਵਿਆਹ ਦਾ ਨਜ਼ਾਰਾ ਵੱਖਰਾ ਹੀ ਹੁੰਦਾ ਸੀ।ਅੱਜ ਦੇ ਸਮੇਂ ਵਿਆਹ ਖਰਚੀਲੇ ਵੀ ਹੱਦੋਂ ਵੱਧ ਹੋ ਗਏ ਹਨ। ਵਿਆਹ ਦੇ ਕਾਰਡ ਬਣਾਉਣ ਤੇ ਪ੍ਰੀ-ਵੈਡਿੰਗ ਸ਼ੂਟ 'ਤੇ ਵੀ ਬਹੁਤ ਪੈਸੇ ਖਰਚੇ ਜਾਂਦੇ ਹਨ। ਅੱਜ ਦੇ ਸਮੇਂ ਡੋਲੀ ਤੁਰਦਿਆਂ ਸਾਰ ਹੀ ਸਾਰੇ ਰਿਸ਼ਤੇਦਾਰ ਆਪਣੇ ਆਪਣੇ ਘਰਾਂ ਨੂੰ ਤੁਰ ਪੈਂਦੇ ਹਨ ਜਦੋਂ ਕਿ ਉਸ ਸਮੇਂ ਵਿਆਹ ਤੋਂ ਕਿੰਨੇ ਕਿੰਨੇ ਦਿਨ ਬਾਅਦ ਵੀ ਰਿਸ਼ਤੇਦਾਰ ਵਿਆਹ ਵਾਲੇ ਘਰ ਰਹਿੰਦੇ ਸਨ ਅਤੇ ਉਨ੍ਹਾਂ ਦਾ ਰਿਸ਼ਤੇ ਦੀ ਅਹਿਮੀਅਤ ਨੂੰ ਸਾਹਮਣੇ ਰੱਖਦਿਆਂ ਡੂੰਘੇ ਦਿਲਾਂ ਤੋਂ ਮਾਣ-ਸਤਿਕਾਰ ਵੀ ਹੁੰਦਾ ਸੀ।







# ਸਾਹਿਤ ਨੂੰ ਸਾਹਿਤਕ ਮਾਫ਼ੀਆ ਤੋਂ ਬਚਾਉਣ ਦੀ ਲੋੜ

## ਰੋਕਣਾ ਹੋਵੇਗਾ ਸਾਹਿਤਕ ਖੇਤਰ 'ਚ .ਗੈਰ ਸਾਹਿਤਕ ਲੋਕਾਂ ਦਾ ਆਗਮਨ

## ਪਾਠਕਾਂ ਦੇ ਹੱਥਾਂ ਦੀ ਛੋਹ ਨੂੰ ਕਿਉਂ ਤਰਸਦੀਆਂ ਰਹਿ ਜਾਂਦੀਆਂ ਨੇ ਕਿਤਾਬਾਂ ?

### ਇੱਕ ਦੁਖੀ ਲੇਖਕ ਦੀ ਕਲਮ ਤੋਂ.....



ਸਾਹਿਤ ਦਾ ਅਰਥ ਹੈ ਕਿ ਜੋ ਰਚਨਾ ਸਾਰਿਆਂ ਦੇ ਹਿੱਤ ਵਿੱਚ ਹੋਵੇ ਪਰ ਪਿਛਲੇ ਕੁਝ ਸਮੇਂ ਤੋਂ ਸਾਹਿਤ ਖੇਤਰ ਵਿੱਚ .ਗੈਰ ਸਾਹਿਤਕ ਅਤੇ ਵਪਾਰੀ ਲੋਕਾਂ ਦੇ ਆਉਣ ਨਾਲ ਸਾਹਿਤ ਵੀ ਹੁਣ ਲਾਭ ਤੇ ਨੁਕਸਾਨ ਦਾ ਜ਼ਰੀਆ ਬਣਦਾ ਜਾ ਰਿਹਾ ਹੈ। ਇੱਕ ਚੰਗੀ ਗੱਲ ਇਹ ਵੀ ਹੈ ਕਿ ਪੰਜਾਬੀ ਸਾਹਿਤ ਵਿੱਚ ਕਈ ਕਵੀ ਤੇ ਲੇਖਕ ਬਹੁਤ ਮਿਆਰੀ ਰਚਨਾਵਾਂ ਲਿਖਦੇ ਰਹੇ ਹਨ ਅਤੇ ਲਿਖ ਰਹੇ ਹਨ। ਵੱਡੀ ਗਿਣਤੀ ਲੇਖਕ, ਸਾਹਿਤਕਾਰ ਤੇ ਕਵੀ ਬਹੁਤ ਮਿਹਨਤ ਨਾਲ ਆਪਣੀਆਂ ਮੌਲਿਕ ਰਚਨਾਵਾਂ ਲਿਖਦੇ ਹਨ ਜੋ ਕਿ ਪਾਠਕਾਂ ਦੀ ਕਸਵੱਟੀ 'ਤੇ ਵੀ ਪੂਰਾ ਉੱਤਰਦੀਆਂ ਹਨ। ਇਸ ਤੋਂ ਇਲਾਵਾ ਚੰਗੀਆਂ ਰਚਨਾਵਾਂ ਵਾਲੀਆਂ ਕਿਤਾਬਾਂ ਅਨੇਕਾਂ ਲਾਈਬ੍ਰੇਰੀਆਂ ਅਤੇ ਘਰਾਂ ਦੀ ਸ਼ਾਨ ਬਣਦੀਆਂ ਹਨ। ਇਸ ਤੋਂ ਇਲਾਵਾ ਪ੍ਰਮੁੱਖ ਅਖ਼ਬਾਰ ਵੀ ਚੰਗੀਆਂ ਤੇ ਮਿਆਰੀ ਰਚਨਾਵਾਂ ਹੀ ਛਾਪਦੇ ਹਨ, ਜਦੋਂ ਕਿ ਛੋਟੇ ਪੱਧਰ ਦੇ ਕੁਝ ਅਖ਼ਬਾਰ ਜਾਂ ਮੈਗਜ਼ੀਨ ਹਰ ਤਰਾਂ ਦਾ ਸਾਹਿਤ ਛਾਪ ਦਿੰਦੇ ਹਨ।

ਦੂਜੇ ਪਾਸੇ ਇਹ ਵੀ ਅਸਲੀਅਤ ਹੈ ਕਿ ਸਾਹਿਤ ਖੇਤਰ ਵਿੱਚ ਵੀ ਕੁਝ ਗੈਰ ਸਾਹਿਤਕ ਲੋਕਾਂ ਦੀ ਐਂਟਰੀ ਹੋ ਚੁੱਕੀ ਹੈ। ਕੁਝ ਸਾਹਿਤਕਾਰ ਕਹਿੰਦੇ ਹਨ ਕਿ ਪੰਜਾਬੀ ਦੇ ਨਾਲ ਹਿੰਦੀ ਸਹਿਤ ਵਿੱਚ ਵੀ ਹੁਣ ਸਾਹਿਤਕ ਮਾਫ਼ੀਆਂ ਨੇ ਪੈਰ ਪਸਾਰ ਲਏ ਹਨ ਅਤੇ ਹੁਣ ਅਨੇਕਾਂ ਕਿਤਾਬਾਂ ਅਜਿਹੀਆਂ ਵੀ ਛਪ ਰਹੀਆਂ ਹਨ, ਜਿਨ੍ਹਾਂ ਨੂੰ ਵਪਾਰਕ ਪੱਖ ਤੋਂ ਵੇਖ ਕੇ ਛਾਪਿਆ ਜਾ ਰਿਹਾ ਹੈ। ਕੁਝ ਸਾਹਿਤਕਾਰ ਕਹਿ ਰਹੇ ਹਨ ਕਿ ਹੁਣ ਕੁਝ ਟੁੱਕੜਬੋਚ ਅਤੇ ਕੱਚ-ਘਰੜ ਵਿਅਕਤੀ ਵੀ ਆਪਣੇ ਆਪ ਨੂੰ ਲੇਖਕ ਹੋਣ ਦਾ ਭਰਮ ਪਾਲ ਬੈਠੇ ਹਨ, ਜਿਨ੍ਹਾਂ ਦਾ ਕੰਮ ਹੀ ਆਪਣੇ 'ਆਕਾ' ਦੀ ਪ੍ਰਸ਼ੰਸਾ ਵਿੱਚ ਕਸੀਦੇ ਜਾਂ ਰਚਨਾਵਾਂ ਲਿਖਣਾ ਹੁੰਦਾ ਹੈ।

ਪੰਜਾਬੀ ਵਿੱਚ ਪਿਛਲੇ ਸਾਲਾਂ ਦੌਰਾਨ ਅਜਿਹੀਆਂ ਕਿਤਾਬਾਂ ਵੀ ਛਪੀਆਂ, ਜੋ ਕਿ ਅਜੇ ਵੀ ਪਾਠਕਾਂ ਦੇ ਹੱਥਾਂ ਦੀ ਛੋਹ ਨੂੰ ਤਰਸ ਰਹੀਆਂ ਹਨ ਪਰ ਉਹਨਾਂ ਕਿਤਾਬਾਂ ਦੀ ਰਿਲੀਜ਼ ਤੋਂ ਬਾਅਦ ਜਦੋਂ ਕੁਝ ਥਾਂਵਾਂ 'ਤੇ ਉਹਨਾਂ ਦੇ ਗੀਵੀਊ ਪੜੇ ਗਏ ਤਾਂ ਹੈਰਾਨੀ ਹੋਈ ਕਿ ਗੀਵੀਊਕਾਰਾਂ ਨੇ ਉਹਨਾਂ ਕਿਤਾਬਾਂ ਨੂੰ ਵਿਸ਼ਵ ਦੀਆਂ ਮਹਾਨ ਕਿਤਾਬਾਂ ਹੋਣ ਦਾ ਦਰਜ਼ਾ ਦੇ ਦਿੱਤਾ। ਅਜਿਹੇ ਗੀਵੀਊ ਪੜ੍ਹ ਕੇ ਜਦੋਂ ਕਿਸੇ ਪਾਠਕ ਨੇ ਅਜਿਹੀ ਕਿਸੇ ਕਿਤਾਬ ਨੂੰ ਮਹਿੰਗੇ ਮੁੱਲ 'ਤੇ ਖਰੀਦਿਆਂ ਤਾਂ ਅਕਸਰ ਪੂਰੀ ਕਿਤਾਬ ਪੜ੍ਹਨ ਤੋਂ ਬਾਅਦ ਵੀ ਪਾਠਕ ਦੇ ਕੁਝ ਪੱਲੇ ਨਾ ਪੈਣ ਵਰਗੀਆਂ ਘਟਨਾਵਾਂ ਵਾਪਰੀਆਂ। ਪਾਠਕਾਂ ਤੇ ਚੰਗੇ ਲੇਖਕਾਂ ਅਨੁਸਾਰ ਅਜਿਹੀਆਂ ਕਿਤਾਬਾਂ ਵਿੱਚ ਅਜਿਹੀਆਂ ਗੈਰ ਮਿਆਰੀ ਰਚਨਾਵਾਂ ਛਾਪੀਆਂ ਗਈਆਂ, ਜਿਨ੍ਹਾਂ ਦਾ ਕੋਈ ਅਰਥ ਹੀ ਨਹੀਂ ਸੀ ਨਿਕਲਦਾ।

ਕੁਝ ਲੇਖਕ ਕਹਿੰਦੇ ਹਨ ਕਿ ਅਕਸਰ ਕੁਝ ਉਭਰਦੇ ਲੇਖਕ ਤੇ ਲੇਖਕਾਵਾਂ ਆਪਣੀ ਵੱਖਰੀ ਸਾਹਿਤਕ ਸੰਸਥਾ ਬਣਾ ਲੈਂਦੇ ਹਨ ਜਾਂ ਵੱਖ-ਵੱਖ ਵਿਭਾਗਾਂ ਵਿਚੋਂ ਰਿਟਾਇਰ ਲੋਕ ਆਪਣਾ ਸਮਾਂ ਬਤੀਤ ਕਰਨ ਲਈ ਅਤੇ ਆਪਣੀ ਚੌਧਰ ਬਣਾਉਣ ਲਈ ਵੀ ਸਾਹਿਤਿਕ ਸੰਸਥਾਵਾਂ ਬਣਾ ਲੈਂਦੇ ਹਨ। ਜਿਸ ਕਾਰਨ ਹੀ ਇਹ ਸਾਰਾ ਮਸਲਾ ਸ਼ੁਰੂ ਹੁੰਦਾ ਹੈ। ਇਹਨਾਂ ਸੰਸਥਾਵਾਂ ਵੱਲੋਂ ਇੱਕ ਦੂਜੇ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਦਾ ਆਪਣੇ ਸਮਾਗਮਾਂ ਵਿੱਚ ਵਿਸ਼ੇਸ਼ ਸਨਮਾਨ ਵੀ ਕੀਤਾ ਜਾਂਦਾ ਹੈ ਅਤੇ ਇੱਕ ਦੂਜੇ ਦੀ ਸ਼ਲਾਘਾ ਵਿੱਚ ਕਸੀਦੇ ਪੜ੍ਹੇ ਜਾਂਦੇ ਹਨ। ਅਜਿਹੀਆਂ ਸੰਸਥਾਵਾਂ ਦੇ ਸੰਚਾਲਕਾਂ ਵੱਲੋਂ ਅਕਸਰ ਕਿਸੇ ਉਭਰਦੇ ਕਵੀ ਜਾਂ ਕਵਿੱਤਰੀ ਦੀ ਕਿਤਾਬ ਸੰਸਥਾ ਦੇ ਫ਼ੰਡ ਵਿੱਚੋਂ ਛਪਵਾ ਦਿੱਤੀ ਜਾਂਦੀ ਹੈ ਜਾਂ ਕੁਝ ਉਭਰਦੇ ਲੇਖਕ ਖੁਦ ਪੈਸੇ ਇਕੱਠੇ ਕਰਕੇ ਆਪਣੀ ਕਿਤਾਬ ਛਪਵਾ ਲੈਂਦੇ ਹਨ, ਫਿਰ ਉਸ ਕਿਤਾਬ ਦਾ ਰਿਲੀਜ਼ ਸਮਾਗਮ ਕਰਵਾਇਆ ਜਾਂਦਾ ਹੈ, ਜਿਸ ਵਿੱਚ ਕੁਝ ਲੇਖਕ ਅਤੇ ਬੁਲਾਰੇ ਕਿਤਾਬ ਵਾਲੇ ਲੇਖਕ ਜਾਂ ਲੇਖਿਕਾ ਦੀ ਬਹੁਤ ਪ੍ਰਸ਼ੰਸਾ ਕਰਦੇ ਹਨ ਅਤੇ ਦਾਅਵਾ ਕਰਦੇ ਹਨ ਕਿ ਰਿਲੀਜ਼ ਕੀਤੀ ਗਈ ਕਿਤਾਬ ਵਿਸ਼ਵ ਦੀ ਮਹਾਨ ਰਚਨਾ ਹੈ। ਪ੍ਰਬੰਧਕਾਂ ਵੱਲੋਂ ਅਜਿਹੇ ਸਮਾਗਮਾਂ ਦੀਆਂ ਰਿਪੋਰਟਾਂ ਖੁਦ ਹੀ ਬਣਾ ਕੇ ਅਖ਼ਬਾਰਾਂ ਨੂੰ ਜਾਂ ਪੱਤਰਕਾਰਾਂ ਨੂੰ ਭੇਜ ਦਿੱਤੀਆਂ ਜਾਂਦੀਆਂ ਹਨ ਜਾਂ ਕੁਝ ਪੱਤਰਕਾਰਾਂ ਨੂੰ ਵੀ ਸਨਮਾਨਿਤ ਕਰਕੇ ਅਜਿਹੀਆਂ ਖ਼ਬਰਾਂ ਨੂੰ ਪ੍ਰਮੁਖਤਾ ਨਾਲ ਛਪਵਾ ਲਿਆ ਜਾਂਦਾ ਹੈ।



ਜਦੋਂ ਕੋਈ ਪਾਠਕ ਅਜਿਹੀ ਕਿਸੇ ਕਿਤਾਬ ਨੂੰ ਪੜ੍ਹਦਾ ਹੈ ਤਾਂ ਉਸ ਨੂੰ ਨਿਰਾਸ਼ ਹੋਣਾ ਪੈਂਦਾ ਹੈ। ਕੁਝ ਕਵਿਤਾਵਾਂ ਦੀਆਂ ਕਿਤਾਬਾਂ ਵਿੱਚ ਕਵਿਤਾ ਦੇ ਪੂਰੇ ਤੱਤ ਹੀ ਨਹੀਂ ਹੁੰਦੇ ਸਗੋਂ ਆਮ ਤੁਕਬੰਦੀ ਹੁੰਦੀ ਹੈ। ਕਈ ਕਵੀ ਅਜਿਹੇ ਵੀ ਹਨ ਜੋ ਕਿ ਖੁੱਲ੍ਹੀ ਕਵਿਤਾ ਦੇ ਨਾਮ ਹੇਠ ਵਾਰਤਕ ਹੀ ਲਿਖੀ ਜਾ ਰਹੇ ਹਨ। ਕਈ ਲੇਖਕਾਂ ਵੱਲੋਂ ਲੇਖਾਂ ਤੇ ਆਰਟੀਕਲਾਂ ਵਿੱਚ ਬੇਤੁਕੀਆਂ ਗੱਲਾਂ ਕੀਤੀਆਂ ਹੁੰਦੀਆਂ ਹਨ। ਜਦੋਂ ਕੋਈ ਪਾਠਕ ਲਗਾਤਾਰ ਅਜਿਹੀਆਂ ਦੋ ਤਿੰਨ ਕਿਤਾਬਾਂ ਪੜ੍ਹ ਜਾਂ ਵੇਖ ਲੈਂਦਾ ਹੈ ਤਾਂ ਉਹ ਪਾਠਕ ਮੁੜ ਕੇ ਕਿਸੇ ਕਿਤਾਬ ਪੜ੍ਹਨ ਤੋਂ ਹੀ ਤੋਬਾ ਕਰ ਲੈਂਦਾ ਹੈ, ਜਿਸ ਕਾਰਨ ਚੰਗੀਆਂ ਤੇ ਮਿਆਰੀ ਕਿਤਾਬਾਂ ਵੀ ਪਾਠਕਾਂ ਤੋਂ ਦੂਰ ਰਹਿ ਜਾਂਦੀਆਂ ਹਨ।

ਭਾਵੇਂ ਕਿ ਬੇਤੁਕਾ ਅਤੇ ਕੱਚ-ਘਰੜ ਸਾਹਿਤ ਲਿਖਣ ਵਾਲਿਆਂ ਦੀ ਗਿਣਤੀ ਆਟੇ 'ਚ ਲੂਣ ਬਰਾਬਰ ਹੀ ਹੈ, ਪਰ ਅਜਿਹੀਆਂ ਰਚਨਾਵਾਂ ਕਾਰਨ ਅਕਸਰ ਪਾਠਕ ਚੰਗੀਆਂ ਰਚਨਾਵਾਂ ਨੂੰ ਵੀ ਪੜ੍ਹਨ ਤੋਂ ਹੱਟ ਜਾਂਦੇ ਹਨ, ਜੋ ਕਿ ਚਿੰਤਾ ਦਾ ਵਿਸ਼ਾ ਹੈ। ਇਸ ਲਈ ਗੈਰ ਸਾਹਿਤਕ ਲੋਕਾਂ ਨੂੰ ਸਾਹਿਤਕ ਖੇਤਰ ਤੋਂ ਦੂਰ ਰੱਖਣ ਵਿੱਚ ਹੀ ਸਾਹਿਤਕਾਰਾਂ ਅਤੇ ਲੇਖਕਾਂ ਦੀ ਭਲਾਈ ਹੈ ਅਤੇ ਇਸ ਨਾਲ ਚੰਗੀਆਂ ਰਚਨਾਵਾਂ ਨਾਲ ਵੀ ਇਨਸਾਫ਼ ਹੋਵੇਗਾ। ਚੰਗਾ ਅਤੇ ਮਿਆਰੀ ਰਚਨਾਵਾਂ ਲਿਖਣ ਵਾਲਿਆਂ ਨੂੰ ਜ਼ਰੂਰ ਉਤਸ਼ਾਹਿਤ ਕਰਨਾ ਚਾਹੀਦਾ ਹੈ ਅਤੇ ਗੈਰ ਮਿਆਰੀ ਰਚਨਾਵਾਂ ਲਿਖਣ ਵਾਲਿਆਂ ਤੋਂ ਦੂਰੀ ਵਿੱਚ ਹੀ ਭਲਾਈ ਹੈ।



# ਪੰਜਾਬਣਾਂ ਕਰਨ ਲੱਗੀਆਂ ਘੋੜਿਆਂ ਦਾ ਕਾਰੋਬਾਰ

## ਕਈ ਮੁਟਿਆਰਾਂ ਨੇ ਸਟੱਡ ਫ਼ਾਰਮ ਖੋਲ੍ਹੇ, ਬੇਰੁਜ਼ਗਾਰਾਂ ਲਈ ਬਣੀਆਂ ਰੋਲ ਮਾਡਲ



ਘੋੜੇ ਪਾਲਣਾ ਕਦੇ ਮਰਦਾਂ ਦਾ ਸ਼ੌਕ ਹੁੰਦਾ ਸੀ ਪਰ ਹੁਣ ਕੁੜੀਆਂ ਨੇ ਵੀ ਇਸ ਖੇਤਰ ’ਚ ਪੈਰ ਧਰਿਆ ਹੈ। ਉਹ ਸਿਰਫ਼ ਘੋੜੇ ਪਾਲਣ ਤੱਕ ਹੀ ਸੀਮਤ ਨਹੀਂ ਘੋੜ ਸਵਾਰੀ ’ਚ ਵੀ ਨਾਮਣਾ ਖੱਟ ਰਹੀਆਂ ਹਨ। ਘੋੜੇ ਪਾਲਣਾ ਭਾਵੇਂ ਮਹਿੰਗਾ ਸ਼ੌਕ ਹੈ ਪਰ ਸੌਕ ਦਾ ਕੋਈ ਮੁੱਲ ਨਹੀਂ ਹੁੰਦਾ। ਪਹਿਲਾਂ ਜੰਗਾਂ-ਯੁੱਧਾਂ ’ਚ ਇਸ ਦੀ ਵਰਤੋਂ ਕੀਤੀ ਜਾਂਦੀ ਸੀ ਹੁਣ ਇਹ ਕਾਰੋਬਾਰ ਦਾ ਅਹਿਮ ਸਾਧਨ ਹੈ। ਲੱਖਾਂ ’ਚ ਹੁੰਦੇ ਘੋੜਿਆਂ ਦੇ ਕਾਰੋਬਾਰ ਨੇ ਬਹੁਤ ਸਾਰੇ ਲੋਕਾਂ ਨੂੰ ਇਸ ਕਿੱਤੇ ਵੱਲ ਖਿੱਚਿਆ ਹੈ ਜਿਨ੍ਹਾਂ ’ਚ ਪੰਜਾਬ ਦੀਆਂ ਧੀਆਂ ਵੀ ਸਾਮਲ ਹਨ।

ਘੋੜਸਵਾਰੀ ਦੀ ਕਲਾ ਸਾਨੂੰ ਗੁਰੂ ਸਾਹਿਬਾਨ ਨੇ ਬਖ਼ਸ਼ੀ ਹੈ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਪੰਜਾਬ ਕਿਸ ਤਰ੍ਹਾਂ ਦੇ ਦੌਰ ’ਚੋਂ ਗੁਜ਼ਰੇਗਾ ਇਸ ਦਾ ਆਭਾਸ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਹੋ ਗਿਆ ਸੀ। ਇਸ ਲਈ ਉਨ੍ਹਾਂ ਸਿੱਖਾਂ ਨੂੰ ਹੋਰ ਰਸਦਾਂ ਦੇ ਨਾਲ-ਨਾਲ ਘੋੜੇ ਲਿਆਉਣ ਅਤੇ ਘੋੜਸਵਾਰੀ ਦੀ ਕਲਾ ’ਚ ਨਿਪੁੰਨ ਹੋਣ ਦਾ ਆਦੇਸ਼ ਦਿੱਤਾ।

ਘੋੜੇ ਦੀ ਸਾਡੀ ਜ਼ਿੰਦਗੀ ’ਚ ਬੜੀ ਅਹਿਮੀਅਤ ਹੈ। ਪਹਿਲਾਂ ਜੰਗਾਂ-ਯੁੱਧਾਂ ’ਚ ਇਸ ਦੀ ਵਰਤੋਂ ਕੀਤੀ ਜਾਂਦੀ ਸੀ ਹੁਣ ਇਹ ਕਾਰੋਬਾਰ ਦਾ ਅਹਿਮ ਸਾਧਨ ਹੈ। ਲੱਖਾਂ ਵਿੱਚ ਹੁੰਦੇ ਘੋੜਿਆਂ ਦੇ ਕਾਰੋਬਾਰ ਨੇ ਬਹੁਤ ਸਾਰੇ ਲੋਕਾਂ ਨੂੰ ਇਸ ਕਿੱਤੇ ਵੱਲ ਖਿੱਚਿਆ ਹੈ ਜਿਨ੍ਹਾਂ ’ਚ ਪੰਜਾਬ ਦੀਆਂ ਧੀਆਂ ਵੀ ਸਾਮਲ ਹਨ। ਘੋੜਸਵਾਰੀ ਦੀ ਕਲਾ ਸਾਨੂੰ ਗੁਰੂ ਸਾਹਿਬਾਨ ਨੇ ਬਖ਼ਸ਼ੀ ਹੈ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਪੰਜਾਬ ਕਿਸ ਤਰ੍ਹਾਂ ਦੇ ਦੌਰ ਵਿਚੋਂ ਗੁਜ਼ਰੇਗਾ ਇਸ ਦਾ ਆਭਾਸ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਹੋ ਗਿਆ ਸੀ। ਇਸ ਲਈ ਉਨ੍ਹਾਂ ਸਿੱਖਾਂ ਨੂੰ ਹੋਰ ਰਸਦਾਂ ਦੇ ਨਾਲ-ਨਾਲ ਘੋੜੇ ਲਿਆਉਣ ਅਤੇ ਘੋੜਸਵਾਰੀ ਦੀ ਕਲਾ ਵਿਚ ਨਿਪੁੰਨ ਹੋਣ ਦਾ ਆਦੇਸ਼ ਦਿੱਤਾ। ਮਾਈ ਭਾਗੋ ਨੇ ਵੀ ਘੋੜਸਵਾਰੀ ਕਰਦਿਆਂ ਦੁਸ਼ਮਣਾਂ ਨਾਲ ਲੋਹਾ ਲਿਆ। ਕਿਹਾ ਜਾਂਦਾ ਹੈ ਕਿ ਜੰਗਾਂ ਲੜਦੇ ਸਿੰਘਾਂ ਘੋੜਿਆਂ ਦੀਆਂ ਕਾਠੀਆਂ ’ਤੇ ਸੌਂਦੇ ਸਨ।

ਘੋੜਿਆਂ ਦੇ ਕਰਤੱਬ ਸਾਡੇ ਸੱਭਿਆਚਾਰਕ ਮੇਲਿਆਂ ਦੀ ਖਿੱਚ ਹਨ। ਅੱਜ ਪੰਜਾਬ ਦੀਆਂ ਕੁਝ ਧੀਆਂ ਨਿੱਕੀ ਉਮਰੇ ਹੀ ਘੋੜਸਵਾਰੀ ’ਚ ਨਿਪੁੰਨਤਾ ਹਾਸਲ ਕਰ ਕੇ ਜਿੱਥੇ ਵਿਰਾਸਤ ਨੂੰ ਸੰਭਾਲ ਰਹੀਆਂ ਹਨ ਉੱਥੇ ਬੇਰੁਜ਼ਗਾਰੀ ਨੂੰ ਵੀ ਠੱਲ੍ਹ ਪਾ ਰਹੀਆਂ ਹਨ। ਭਵਿੱਖ ’ਚ ਪੰਜਾਬ ਦੀਆਂ ਇਹ ਧੀਆਂ ਹੋਰਾਂ ਲਈ ਵੀ ਪ੍ਰੇਰਨਾਸ੍ਰੋਤ ਬਣਨਗੀਆਂ।

ਬਠਿੰਡਾ ਦੇ ਪਿੰਡ ਰਾਮਸਰਾ ਵਿੱਚ ਐਮਬੀਏ ਦੀ ਪੜ੍ਹਾਈ ਕਰ ਰਹੀ 23 ਸਾਲਾ ਮੁਸਕਾਨ ਸਿੱਧੂ ਨੇ ਆਪਣੇ ਪਿਤਾ ਦਾ ਬੰਦ ਹੋਇਆ ਸਟੱਡ ਫ਼ਾਰਮ ਮੁੜ ਖੋਲ੍ਹ ਲਿਆ ਹੈ। ਤਿੰਨ ਘੋੜਿਆਂ ਤੇ ਇਕ ਘੋੜੀ ਦੀ ਮਾਲਕਣ ਮੁਸਕਾਨ ਸਿੱਧੂ ਪੰਜਾਬ ਦੇ ਕਈ ਸੱਭਿਆਚਾਰਕ ਮੇਲਿਆਂ ’ਚ ਘੋੜਿਆਂ ਦੀ ਨੁਮਾਇੰਸ਼ ਕਰ ਕੇ ਹਰ ਵਰਗ ਦਾ ਪਿਆਰ ਹਾਸਲ ਕਰ ਰਹੀ ਹੈ। ਮੁਸਕਾਨ ਸਿੱਧੂ ਵਾਸੀ ਰਾਮਸਰਾ, ਬਠਿੰਡਾ ਅਨੁਸਾਰ ਉਸ ਦੇ ਪਿਤਾ ਗੁਰਨਿੰਦਰ ਸਿੰਘ (ਮਿੱਟੂ ਰਾਮਸਰਾ) ਉਸ ਦੇ ਜਨਮ ਤੋਂ ਪਹਿਲਾਂ ਦੇ ਹੀ ਘੋੜੇ ਰੱਖਦੇ ਆ ਰਹੇ ਹਨ। ਇਸੇ ਕਾਰਨ ਹੀ ਉਸ ਦਾ ਘੋੜਿਆਂ ਨਾਲ ਮੋਹ ਪੈ ਗਿਆ। 23 ਸਾਲ ਦੀ ਉਮਰ ਵਿੱਚ ਮੁਸਕਾਨ ਸਿੱਧੂ ਨੂੰ ਆਪਣੇ ਪਾਲੇ ਘੋੜੇ ਦੇ ਸੁਭਾਅ ਦੀ ਪੂਰੀ ਜਾਣਕਾਰੀ ਹੈ ਤੇ ਉਹ ਘੋੜਿਆਂ ਦੇ ਸੁਭਾਅ ਅਨੁਸਾਰ ਉਨ੍ਹਾਂ ਨਾਲ ਤਾਲਮੇਲ ਬਿਠਾਉਂਦੀ ਹੈ।

ਮੁਸਕਾਨ ਦੇ ਪਿਤਾ ਗੁਰਨਿੰਦਰ ਸਿੰਘ ਤੇ ਮਾਤਾ ਖ਼ੁਸ਼ੀਵਿੰਦਰ ਕੌਰ ਹਮੇਸ਼ਾ ਉਸ ਨੂੰ ਘੋੜਦੌੜ ਤੇ ਹੋਰ ਸ਼ੌਕਾਂ ਨੂੰ ਪੂਰਾ ਕਰਨ ਲਈ ਉਸ ਨੂੰ ਹਮੇਸ਼ਾ ਪ੍ਰੇਰਿਤ ਕਰਦੇ ਹਨ। ਇਸ ਤੋਂ ਇਲਾਵਾ ਮੁਸਕਾਨ ਪੇਂਟਿੰਗ, ਸਿਲਾਈ ਕਢਾਈ ਦਾ ਵੀ ਸ਼ੌਕ ਰੱਖਦੀ ਹੈ। ਮੁਸਕਾਨ ਸਿੱਧੂ ਕਹਿੰਦੀ ਹੈ ਕਿ ਉਸ ਨੂੰ ਉਸ ਵੇਲੇ ਬਹੁਤ ਵਧੀਆ ਲੱਗਦਾ ਹੈ ਜਦ ਛੋਟੇ-ਛੋਟੇ ਬੱਚੇ ਉਤਸੁਕਤਾ ਨਾਲ ਉਸ ਤੋਂ ਘੋੜਿਆਂ ਦੀ ਜਾਣਕਾਰੀ ਲੈਂਦੇ ਹਨ ਤੇ ਉਸ ਨੂੰ ਉਸ ਦੇ ਘੋੜਿਆਂ ਕਾਰਨ ਆ ਕੇ ਜਾਣਦੇ ਹਨ।

ਮੁਸਕਾਨ ਵਾਂਗ ਹੀ ਸ੍ਰੀ ਮੁਕਤਸਰ ਸਾਹਿਬ ਦੀ ਰਹਿਣ ਵਾਲੀ ਕੋਮਲ ਅਤੇ ਖ਼ੁਸ਼ੀ ਨੇ ਵੀ ਘੋੜਿਆਂ ਦਾ ਸਫ਼ਲ ਕਾਰੋਬਾਰ ਸ਼ੁਰੂ ਕੀਤਾ ਹੈ।



ਮੁਸਕਾਨ ਸਿੱਧੂ ਅਨੁਸਾਰ ਉਨ੍ਹਾਂ ਦੇ ਪਿਤਾ ਨੂੰ 2012 ਵਿੱਚ ਇਹ ਸਟੱਡ ਫ਼ਾਰਮ ਬੰਦ ਕਰਨਾ ਪਿਆ ਸੀ। ਉਸਨੇ ਦਸਿਆ ਕਿ ਮੈਂ ਆਪਣੇ ਪਿਤਾ ਨੂੰ ਸਟੱਡ ਫ਼ਾਰਮ ਨੂੰ ਦੋਬਾਰਾ ਸ਼ੁਰੂ ਕਰਨ ਲਈ ਕਿਹਾ ਉਸ ਤੋਂ ਬਾਅਦ ਮੇਰਾ ਸਫ਼ਰ ਸ਼ੁਰੂ ਹੋਇਆ। ਮੁਸਕਾਨ ਨੇ ਦੱਸਿਆ,ਕਿ ਮੈਂ ਲਾਕਡਾਊਨ ਦੌਰਾਨ ਘਰ ਵਾਪਸ ਆਈ ਅਤੇ ਜਾਨਵਰਾਂ ਦੀ ਅਣਹੋਂਦ ਕਰਨ ਖੁਦ ਨੂੰ ਇਕੱਲਾ ਮਹਿਸੂਸ ਕਰਨ ਲੱਗੀ। ਉਨ੍ਹਾਂ ਅੱਗੇ ਦੱਸਿਆ ਕਿ ਜੇਕਰ ਕੁੜੀਆਂ ਇਸ ਕਿਰਤ ਦੀ ਚੋਣ ਕਰਦੀਆਂ ਹਨ ਤਾਂ ਇਸ ਬਾਰੇ ਨਕਾਰਾਤਮਕ ਗੱਲ ਨਹੀਂ ਹੋਣੀ ਚਾਹੀਦੀ, ਕਿਉਂਕਿ ਪੱਛਮੀ ਦੇਸ਼ਾਂ ਵਿੱਚ ਇਹ ਮੁੱਖ ਤੌਰ ’ਤੇ ਔਰਤਾਂ ਵੱਲੋਂ ਚਲਾਇਆ ਜਾਂਦਾ ਹੈ। ਮੁਸਕਾਨ ਨੇ ਦੱਸਿਆ, ਸਟੱਡ ਕਾਰੋਬਾਰ ਵਿੱਚ ਆਮਦਨ ਦੇ ਬਹੁਤ ਸਾਰੇ ਤਰੀਕੇ ਹਨ, ਜਿਵੇਂ ਕਿ ਘੋੜ ਸਵਾਰੀ ਇੱਕ ਖੇਡ ਹੈ, ਘੋੜੇ ਦੀ ਵਿਕਰੀ ਅਤੇ ਖਰੀਦਦਾਰੀ ਅਤੇ ਘੋੜਿਆਂ ਦੀ ਬ੍ਰੀਡਿੰਗ।

ਮੁਸਕਾਨ ਦੇ ਪਿਤਾ ਗੁਰਿੰਦਰ ਸਿੰਘ ਸਿੱਧੂ ਨੂੰ ਵੀ ਆਪਣੀ ਧੀ ਉੱਤੇ ਮਾਣ ਹੈ। ਉਹ ਕਹਿੰਦੇ ਹਨ ਕਿ ਕੁੜੀਆਂ ਨੂੰ ਸਟੱਡ ਕਾਰੋਬਾਰ ਦੀ ਚੋਣ ਕਰਨ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

ਬਚਪਨ ਤੋਂ ਹੀ ਘੋੜਿਆਂ ਪ੍ਰਤੀ ਸਨੇਹ ਰੱਖਣ ਵਾਲੀ ਬਾਰ੍ਹਵੀਂ ਜਮਾਤ ਦੀ ਵਿਦਿਆਰਥਣ 16 ਸਾਲ ਦੀ ਕੌਮਲਪ੍ਰੀਤ ਕੌਰ ਭੁੱਲਰ ਇਸ ਸਮੇਂ 13-14 ਮਰਵਾੜੀ ਘੋੜਿਆਂ ਦੀ ਮਾਲਕਣ ਹੈ। ਪਿੰਡ ਥਾਂਦੇਵਾਲਾ, ਸ੍ਰੀ ਮੁਕਤਸਰ ਸਾਹਿਬ ਦੀ ਵਸਨੀਕ ਕੋਮਲ ਦੇ ਪਿਤਾ ਸੁਖਚੈਨ ਸਿੰਘ ਭੁੱਲਰ ਤੇ ਮਾਤਾ ਮਨਦੀਪ ਕੌਰ ਆਪਣੀ ਧੀ ਦੀ ਤਰੱਕੀ ਲਈ ਮੋਢੇ ਨਾਲ ਮੋਢਾ ਜੋੜ ਕੇ ਉਸ ਦਾ ਸਾਥ ਦੇ ਰਹੇ ਹਨ। ਕੋਮਲਪ੍ਰੀਤ ਨੂੰ ਬਚਪਨ ਤੋਂ ਹੀ ਘੋੜਿਆਂ ਦਾ ਸ਼ੌਕ ਸੀ ਪਰ ਹੁਣ ਉਹ ਇਨ੍ਹਾਂ ਨੂੰ ਸ਼ੌਕ ਦੇ ਨਾਲ-ਨਾਲ ਬਿਜ਼ਨੈੱਸ ਵਜੋਂ ਅਪਣਾ ਰਹੀ ਹੈ। ਘੋੜਿਆਂ ਦੇ ਸਾਂਭ-ਸੰਭਾਲ ਬਾਰੇ ਕੋਮਲਪ੍ਰੀਤ ਕਹਿੰਦੀ ਹੈ ਕਿ ਉਹ ਇਨ੍ਹਾਂ ਨੂੰ ਆਪਣੇ ਪਰਿਵਾਰ ਦੇ ਮੈਂਬਰਾਂ ਦੀ ਤਰ੍ਹਾਂ ਮੰਨਦੀ ਹੈ ਤੇ ਜੋ ਘੋੜਿਆਂ ’ਤੇ ਖ਼ਰਚ ਆਉਦਾ ਹੈ ਉਸ ਤੋਂ ਕਿਤੇ ਜ਼ਿਆਦਾ ਇਹ ਮੋੜ ਦਿੰਦੇ ਹਨ। ਉਨ੍ਹਾਂ ਦੱਸਿਆ, ਮੈਂ ਮਾਰਵਾੜੀ ਘੋੜਿਆਂ ਦੀ ਨਸਲ ਵਿੱਚ ਸੁਧਾਰ ਕਰਨ ਦਾ ਟੀਚਾ ਰੱਖ ਰਹੀ ਹਾਂ। ਮੈਂ ਆਪਣੇ ਫ਼ਾਰਮ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਇਕ ਘੋੜਿਆਂ ਦੀ ਚੰਗੀ ਨਸਲ ਪੈਦਾ ਕਰਨਾ ਚਾਹੁੰਦੀ ਹਾਂ। ਘੋੜਸਵਾਰੀ ਦੇ ਨਾਲ-ਨਾਲ ਕੋਮਲਪ੍ਰੀਤ ਦਾ ਸੁਪਨਾ ਯੂ.ਪੀ.ਐੱਸ.ਸੀ. ਕਲੀਅਰ ਕਰਨਾ ਚਾਹੁੰਦੀ ਤਾਂ ਜੋ ਉਹ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਦੇ ਨਾਲ-ਨਾਲ ਮਾਪਿਆਂ ਨੂੰ ਹੋਰ ਵੀ ਮਾਣ ਮਹਿਸੂਸ ਕਰਵਾ ਸਕੇ।

ਕੋਮਲ ਦੇ ਪਿਤਾ ਸੁਖਚੈਨ ਸਿੰਘ ਭੁੱਲਰ ਦੱਸਦੇ ਹਨ, ਕੋਮਲ ਨੇ ਆਪਣੇ ਤੌਰ ’ਤੇ ਸਟੱਡ ਕਾਰੋਬਾਰ ਦੀ ਚੋਣ ਕੀਤੀ ਹੈ ।

ਉਨ੍ਹਾਂ ਦੱਸਿਆ ਕਿ ਹਾਲਾਂਕਿ ਉਨ੍ਹਾਂ ਨੇ ਕੋਮਲ ਨੂੰ ਘੋੜਸਵਾਰੀ ਨਹੀਂ ਸਿਖਾਈ ਪਰ ਉਸ ਨੇ ਆਪਣੇ ਆਪ ਸਿੱਖ ਕੇ ਘੋੜਸਵਾਰੀ ਦਾ ਮੁਕਾਬਲਾ ਵੀ ਜਿੱਤਿਆ ਹੈ।

12 ਸਾਲ ਦੀ ਉਮਰ ’ਚ ਰਵੀਨਾ (ਰਵੂ ਝੰਡੀ ਨਾਮ ਨਾਲ ਮਸ਼ਹੂਰ) ਨੂੰ ਘੋੜੇ ਪਾਲਣ ਦਾ ਸ਼ੌਕ ਪੈ ਗਿਆ ਸੀ। ਜ਼ਿਲ੍ਹਾ ਪਟਿਆਲਾ ਦੇ ਪਿੰਡ ਝੰਡੀ ਦੀ ਵਸਨੀਕ ਰਵੂ ਨੇ ਕਈ ਸੱਭਿਆਚਾਰਕ ਮੇਲਿਆਂ ’ਚ ਆਪਣੇ ਘੋੜਿਆਂ ਦੀ ਨੁਮਾਇਸ਼ ਕਰ ਕੇ ਸਰੋਤਿਆਂ ਦੀ ਵਾਹ-ਵਾਹੀ ਲੁੱਟੀ। ਸ਼ਾਨਦਾਰ ਘੋੜਸਵਾਰੀ ਸਦਕਾ ਰਵੂ ਨੂੰ ਕਈ ਮੇਲਿਆਂ ਤੇ ਸਮਾਗਮ ’ਚ



ਸਨਮਾਨਿਤ ਵੀ ਕੀਤਾ ਗਿਆ ਹੈ। ਰਵੂ ਝੰਡੀ ਬਾਰ੍ਹਵੀ ਕਲਾਸ ਦੀ ਵਿਦਿਆਰਥਣ ਹੈ ਤੇ 16 ਸਾਲ ਦੀ ਉਮਰ ’ਚ ਹੀ ਘੋੜੇ ਤੇ ਘੋੜੀਆਂ ਦੀ ਦੇਖ-ਭਾਲ ਉਹ ਆਪ ਹੀ ਕਰਦੀ ਹੈ। ਹੈਰਾਨੀ ਦੀ ਗੱਲ ਹੈ ਕਿ ਘੋੜਿਆਂ ਦਾ ਸੁਭਾਅ ਪਤਾ ਕਰਨ ’ਚ ਕਈਆਂ ਦੀਆਂ ਉਮਰਾਂ ਬੀਤ ਜਾਂਦੀਆਂ ਹਨ ਪਰ ਇਹ ਰਵੂ ਝੰਡੀ ਦਾ ਘੋੜਿਆਂ ਪ੍ਰਤੀ ਪਿਆਰ ਹੀ ਹੈ ਜੋ ਉਹ ਉਨ੍ਹਾਂ ਦੇ ਸੁਭਾਅ ਨੂੰ ਪਰਖ ਕੇ ਉਨ੍ਹਾਂ ਦੀ ਸਵਾਰੀ ਕਰ ਰਹੀ ਹੈ। ਰਵੂ ਦੇ ਇਸ ਸ਼ੌਕ ਨੂੰ ਪੂਰਾ ਕਰਨ ’ਚ ਉਸ ਦੇ ਪਿਤਾ ਖ਼ੁਸ਼ੀ ਮੁਹੰਮਦ ਤੇ ਮਾਤਾ ਵੀਰਪਾਲ ਦਾ ਬਹੁਤ ਵੱਡਾ ਹੱਥ ਹੈ। ਰਵੂ ਪਰਿਵਾਰ ਦੀ ਪਹਿਲੀ ਮੈਂਬਰ ਸੀ ਜਿਸ ਦੇ ਦਿਮਾਗ਼ ’ਚ ਘੋੜੇ ਪਾਲਣ ਦਾ ਖ਼ਿਆਲ ਆਇਆ ਸੀ। ਇਸ ਵੇਲੇ ਉਹ ਪੰਜ ਜਾਨਵਰਾਂ ਦੀ ਮਾਲਕਣ ਹੈ। ਰਵੂ ਝੰਡੀ ਅਨੁਸਾਰ ਉਸ ਕੋਲ ਮਾਲਵੜੀ ਘੋੜੇ, ਦੋ ਨੁੱਕਰੀ ਬਸ਼ੇਰੀਆਂ ਘੋੜੀਆਂ ਤੇ ਮਜੂ ਕੇ ਲਾਈਨ ਦੀ ਇੱਕ ਘੋੜੀ ਹੈ। ਘੋੜਿਆਂ ਨਾਲ ਪਿਆਰ ਰੱਖਣ ਵਾਲੀ ਰਵੂ ਝੰਡੀ ਭਵਿੱਖ ’ਚ ਘੋੜਿਆਂ ਦਾ ਹਸਪਤਾਲ ਖੋਲ੍ਹ ਕੇ ਉਨ੍ਹਾਂ ਦੀ ਸੇਵਾ ਕਰਨਾ ਚਾਹੁੰਦੀ ਹੈ। ਉਹ ਕਹਿੰਦੀ ਹੈ ਕਿ ਉਸ ਨੂੰ ਖ਼ੁਸ਼ੀ ਹੁੰਦੀ ਹੈ ਜਦ ਕੋਈ ਉਸ ਨੂੰ ਉਸ ਦੇ ਘੋੜਿਆਂ ਕਾਰਨ ਅਸੀਸਾਂ ਦਿੰਦਾ ਹੈ ਤੇ ਉਸ ਨਾਲ ਆਪਣੇ ਤਜਰਬੇ ਸਾਂਝੇ ਕਰਦਾ ਹੈ। ਰਵੂ ਨੂੰ ਖ਼ੁਸ਼ੀ ਹੁੰਦੀ ਹੈ ਕਿ ਪੰਜਾਬ ਦੇ ਹਰ ਵਰਗ ਤੋਂ ਘੋੜਿਆਂ ਦੇ ਸ਼ੌਕ ਕਾਰਨ ਉਸ ਨੂੰ ਸਤਿਕਾਰ ਤੇ ਪਿਆਰ ਮਿਲਦਾ ਹੈ।

20 ਸਾਲਾ ਖ਼ੁਸ਼ੀ ਜੈਲਦਾਰ ਹਰਿਆਣਾ ਦੇ ਸਿਰਸਾ ਜ਼ਿਲ੍ਹੇ ਦੇ ਪਿੰਡ ਦੇਸੂ ਜੋਧਾ ਦੀ ਰਹਿਣ ਵਾਲੀ ਹੈ, ਅਤੇ ਉਨ੍ਹਾਂ ਨੇ 2017 ਵਿੱਚ ਇੱਕ ਸਟੱਡ ਫ਼ਾਰਮ ਸ਼ੁਰੂ ਕੀਤਾ ਸੀ। ਖ਼ੁਸ਼ੀ ਦੇ ਇੰਸਟਾਗ੍ਰਾਮ ’ਤੇ ਵੀ 1.50 ਲੱਖ ਤੋਂ ਵੱਧ ਫ਼ੌਲੋਅਰਜ਼ ਹਨ। ਖ਼ੁਸ਼ੀ ਦੱਸਦੀ ਹੈ ਕਿ ਮੈਨੂੰ 2017 ਵਿੱਚ ਆਪਣਾ ਪਹਿਲਾ ਘੋੜਾ ਆਪਣੇ ਦਾਦਾ ਜੀ ਤੋਂ ਤੋਹਫ਼ੇ ਵਿੱਚ ਮਿਲਿਆ ਸੀ। ਅੱਜ ਮੈਂ ਘੋੜਿਆਂ ਦੀ ਬਦੌਲਤ ਹੀ ਮੈਂ ਆਪਣਾ ਨਾਮ ਬਣਾਇਆ ਹੈ।

ਇਹ ਇੱਕ ਚੰਗਾ ਸੰਕੇਤ ਹੈ ਕਿ ਲੜਕੀਆਂ ਸਟੱਡ ਦੇ ਕਾਰੋਬਾਰ ਵਿੱਚ ਆ ਰਹੀਆਂ ਹਨ ਜਿਵੇਂ ਕਿ ਪੱਛਮੀ ਦੇਸ਼ਾਂ ਵਿੱਚ, ਬਹੁਤ ਸਾਰੀਆਂ ਔਰਤਾਂ ਸਟੱਡ ਫ਼ਾਰਮ ਚਲਾਉਂਦੀਆਂ ਹਨ। ਹੁਣ ਪੰਜਾਬ ਅਤੇ ਹਰਿਆਣਾ ਵਿੱਚ ਕੁੜੀਆਂ ਨੇ ਇਸ ਵਿੱਚ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ ਹੈ। ਵਪਾਰਕ ਲੋਕ ਅਤੇ ਬਾਲੀਵੁੱਡ ਸਿਤਾਰੇ ਵੀ ਇਸ ਪੇਸ਼ੇ ਵਿੱਚ ਖ਼ਾਸ ਦਿਲਚਸਪੀ ਰੱਖਦੇ ਹਨ, ਜਿਸ ਨਾਲ ਸਟੱਡ ਕਾਰੋਬਾਰ ਦਾ ਬਹੁਤ ਵਿਸਥਾਰ ਹੋਇਆ ਹੈ ਤੇ ਪੇਸ਼ੇ ਵਿੱਚ ਹੋਰ ਮੌਕੇ ਵੱਧ ਰਹੇ ਹਨ।





# ਸੰਤ ਅਤਰ ਸਿੰਘ ਜੀ ਮਸਤੂਆਣਾ




ਡਾ.ਚਰਨਜੀਤ ਸਿੰਘ ਗੁਮਟਾਲਾ
91-9417533060

ਸੰਤ ਅਤਰ ਸਿੰਘ ਜੀ ਦਾ ਜਨਮ 28 ਮਾਰਚ 1866 ਨੂੰ ਸ. ਕਰਮ ਸਿੰਘ ਤੇ ਮਾਤਾ ਭੋਲੀ ਦੇ ਗ੍ਰਿਹਿ ਵਿਖੇ ਪਿੰਡ ਚੀਮਾ ਜ਼ਿਲ੍ਹਾ ਸੰਗਰੂਰ ਵਿਖੇ ਹੋਇਆ। ਮਾਇਕ ਹਾਲਤ ਠੀਕ ਨਾ ਹੋਣ ਕਰਕੇ ਆਪ ਨੂੰ ਪਿੰਡ ਦੇ ਭਾਈ ਰਾਮ ਸਿੰਘ ਦੇ ਨਿਰਮਲੇ ਡੇਰੇ, ਜਿਸ ਦਾ ਮੁਖੀ ਉਸ ਸਮੇਂ ਭਾਈ ਬੂਟਾ ਸਿੰਘ ਸੀ, ਕੋਲ ਭੇਜ ਦਿੱਤਾ। ਇੱਥੋਂ ਆਪ ਨੇ ਗੁਰਬਾਣੀ ਤੇ ਸਿੱਖ ਧਰਮ ਨਾਲ ਸੰਬੰਧਿਤ ਗ੍ਰੰਥਾਂ ਤੋਂ ਗਿਆਨ ਪ੍ਰਾਪਤ ਕੀਤਾ।

ਆਪ 17 ਸਾਲ ਦੀ ਉਮਰ ਵਿੱਚ ਫੌਜ ਵਿੱਚ ਭਰਤੀ ਹੋ ਗਏ। ਉਸ ਸਮੇਂ ਭਰਤੀ ਸਮੇਂ ਅੰਮ੍ਰਿਤ ਛਕਾਇਆ ਜਾਂਦਾ ਸੀ। ਆਪ ਨੇ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਪਾਨ ਕੀਤਾ। ਕੋਹਾਟ ਛਾਉਣੀ ਦੇ ਤੋਪਖ਼ਾਨੇ ਵਿੱਚ 1 ਸਾਲ ਸਿਖਲਾਈ ਪ੍ਰਾਪਤ ਕਰਨ ਤੋਂ ਪਿੱਛੋਂ ਆਪ ਦੀ ਬਦਲੀ 54 ਸਿੱਖ ਰੈਜਮੈਂਟ ਵਿੱਚ ਕਰ ਦਿੱਤੀ ਗਈ।

ਪਿਤਾ ਦੇ ਸਵਰਗਵਾਸ ਹੋਣ 'ਤੇ ਆਪ ਪਿੰਡ ਵਾਪਿਸ ਆ ਗਏ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਖਤਮ ਹੋਣ ਉਪਰੰਤ ਸਿੱਖ ਧਰਮ ਗਿਰਾਵਟ ਜਾਣ ਲੱਗ ਪਿਆ। ਲੋਕ ਅੰਧ ਵਿਸ਼ਵਾਸਾਂ, ਵਹਿਮਾਂ ਭਰਮਾਂ ਦਾ ਸ਼ਿਕਾਰ ਹੋ ਰਹੇ ਸਨ। ਆਪ ਨੇ ਸਿੱਖੀ ਦਾ ਪ੍ਰਚਾਰ ਕਰਨ ਦਾ ਬੀੜਾ ਚੁੱਕਿਆ। ਸਿੱਖੀ ਦੇ ਲੜ ਲਾਉਣ ਲਈ ਅੰਮ੍ਰਿਤ ਪਾਨ ਕਰਾਉਣਾ ਸ਼ੁਰੂ ਕੀਤਾ। ਬਹੁਤ ਸਾਰੇ ਸਿਰਕੱਢ ਸਿੱਖ ਆਗੂਆਂ ਜਿਨ੍ਹਾਂ ਵਿੱਚ ਮਾਸਟਰ ਤਾਰਾ ਸਿੰਘ, ਭਾਈ ਜੋਧ ਸਿੰਘ, ਮਲਿਕ ਮੋਹਨ ਸਿੰਘ, ਭਾਈ ਹਰਿ ਕ੍ਰਿਸ਼ਨ ਸਿੰਘ, ਸ. ਹਰਦਿੱਤ ਸਿੰਘ ਮਲਿਕ, ਪ੍ਰੋ. ਪੂਰਨ ਸਿੰਘ, ਪ੍ਰੋ. ਸਾਹਿਬ ਸਿੰਘ, ਸ. ਸੇਵਾ ਸਿੰਘ ਠੀਕਰੀਵਾਲਾ, ਸੰਤ ਤੇਜਾ ਸਿੰਘ, ਸੰਤ ਨਿਰੰਜਨ ਸਿੰਘ ਮੋਹੀ, ਸੰਤ ਬਿਸ਼ਨ ਸਿੰਘ, ਸੰਤ ਗੁਲਾਬ ਸਿੰਘ ਆਦਿ ਦੇ ਵਿਸ਼ੇਸ਼ ਨਾਂ ਵਰਣਨਯੋਗ ਹਨ।

ਆਪ ਨੇ ਮਸਤੂਆਣਾ ਨੂੰ ਭਾਰਤੀ ਅਧਿਆਤਮਿਕ ਵਿਦਿਆ ਅਤੇ ਪੱਛਮੀ ਮੁਲਕਾਂ ਦੀ ਸਾਇੰਸ ਤੇ ਤਕਨੀਕੀ ਵਿਦਿਆ ਦਾ ਸਾਂਝਾ ਕੇਂਦਰ ਬਨਾਉਣ ਲਈ ਆਪਣੇ ਸੇਵਕ ਸੰਤ ਤੇਜਾ ਸਿੰਘ ਨੂੰ ਇੰਗਲੈਂਡ, ਅਮਰੀਕਾ ਤੇ ਪੱਛਮੀ ਮੁਲਕਾਂ ਵਿੱਚ ਭੇਜਿਆ।

ਆਪ ਨੇ ਲਾਇਲਪੁਰ ਵਿਖੇ ਹਾਈ ਸਕੂਲ ਦੀ ਨੀਂਹ ਮਹਾਰਾਜਾ ਪਟਿਆਲਾ ਸ. ਭੁਪਿੰਦਰ ਸਿੰਘ ਦੀ ਬੇਨਤੀ 'ਤੇ ਰੱਖੀ। ਆਪ ਨੇ 23 ਫਰਵਰੀ 1907 ਨੂੰ ਉਪਦੇਸ਼ਕ ਕਾਲਜ ਗੁੱਜਰਾਂਵਾਲਾ ਦੀ ਨੀਂਹ ਰੱਖੀ।

ਸੰਗਤਾਂ ਦੀ ਬੇਨਤੀ 'ਤੇ ਛੇਵੇਂ ਪਾਤਸ਼ਾਹ ਜੀ ਦੇ ਪਵਿੱਤਰ ਚਰਨਾਂ ਦੀ ਛੋਹ ਪ੍ਰਾਪਤ ਥਾਂ ਕਾਂਝਲਾ ਵਿਖੇ ਗੁਰਦੁਆਰਾ ਸਾਹਿਬ ਦੀ ਨੀਂਹ ਰੱਖੀ। 18 ਮਈ 1914 ਨੂੰ ਪੰਡਤ ਮੋਹਨ ਮਾਲਵੀਆ ਵੀ ਸੰਤਾਂ ਦੇ ਦਰਸ਼ਨਾਂ ਲਈ ਮਸਤੂਆਣਾ ਸਾਹਿਬ ਆਏ ਤੇ ਉਨ੍ਹਾਂ ਦੀ ਬੇਨਤੀ 'ਤੇ 24 ਦਸੰਬਰ 1914 ਨੂੰ ਬਨਾਰਸ ਹਿੰਦੂ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਿਆ ਤੇ ਕੁੱਲ ਆਲਮ ਨੂੰ ਮਾਨਵਤਾ ਦੀ ਭਲਾਈ ਦਾ ਸੰਦੇਸ਼ ਦਿੱਤਾ। ਇੱਥੇ ਹੀ ਮਦਨ ਮੋਹਨ ਮਾਲਵੀਆ ਜੀ ਨੇ ਹਿੰਦੂ ਪਰਿਵਾਰ ਅੰਦਰ ਇੱਕ ਬੱਚੇ ਨੂੰ ਸਿੱਖ ਬਣਾਉਣ ਦਾ ਅਹਿਦ ਕਰਨ ਲਈ ਪ੍ਰੇਰਿਆ। ਆਪ ਨੇ 23 ਫਰਵਰੀ 1907 ਨੂੰ ਉਪਦੇਸ਼ਕ ਕਾਲਜ ਗੁੱਜਰਾਂਵਾਲਾ ਦੀ ਨੀਂਹ ਆਪਣੇ ਕਰ-ਕਮਲਾਂ ਨਾਲ ਰੱਖੀ। ਸੰਗਤਾਂ ਦੀ ਬੇਨਤੀ 'ਤੇ ਛੇਵੇਂ ਪਾਤਸ਼ਾਹ ਜੀ ਦੇ ਪਵਿੱਤਰ ਚਰਨਾਂ ਦੀ ਛੋਹ ਪ੍ਰਾਪਤ ਥਾਂ ਕਾਂਝਲਾ ਵਿਖੇ ਗੁਰਦੁਆਰਾ ਸਾਹਿਬ ਦੀ ਨੀਂਹ ਰੱਖੀ।

ਜਲੰਧਰ ਵਿਖੇ ਸਿੱਖ ਐਜੂਕੇਸ਼ਨ ਕਾਨਫਰੰਸ ਦੌਰਾਨ ਵਿਦਿਅਕ ਸੰਸਥਾਵਾਂ ਤੇ ਆਸ਼ਰਮਾਂ ਦੀ ਉਸਾਰੀ ਦਾ ਸੱਦਾ ਦਿੱਤਾ। ਫਿਰੋਜ਼ਪੁਰ ਵਿਖੇ ਸੰਨ 1915 'ਚ ਹੋਈ ਤਿੰਨ ਰੋਜ਼ਾ ਅੱਠਵੀਂ ਸਿੱਖ ਵਿਦਿਅਕ ਕਾਨਫਰੰਸ ਦੀ ਪ੍ਰਧਾਨਗੀ ਕੀਤੀ। ਚੀਫ਼ ਖਾਲਸਾ ਦੀਵਾਨ ਵੱਲੋਂ ਇਸ ਕਾਨਫਰੰਸ ਵਿੱਚ ਆਪ ਨੂੰ ਸੰਤ ਦੀ ਉਪਾਧੀ ਦਾ ਖਿਤਾਬ ਦੇ ਕੇ ਨਿਵਾਜਿਆ ਗਿਆ। 1919 'ਚ ਆਪ ਜੀ ਨੇ ਸੰਗਤਾਂ ਨਾਲ ਗੁਰਮਤਾ ਕਰਕੇ ਅਕਾਲ ਕਾਲਜ ਦੀ ਇਮਾਰਤ ਦੀ ਉਸਾਰੀ ਦਾ ਕੰਮ ਸ਼ੁਰੂ ਕਰਵਾਇਆ ਅਤੇ ਪੰਜ ਪਿਆਰਿਆਂ ਪਾਸੋਂ ਨੀਂਹ ਰਖਵਾਈ। ਅਕਾਲ ਕਾਲਜ ਕੌਂਸਲ ਦੇ ਪਹਿਲੇ ਪ੍ਰਧਾਨ ਸੇਵਾ ਸਿੰਘ ਠੀਕਰੀਵਾਲਾ ਬਣੇ। ਅਕਾਲ ਕਾਲਜ ਕੌਂਸਲ ਦੇ ਪ੍ਰਬੰਧ ਅਧੀਨ ਚੱਲ ਰਹੀਆਂ ਸੰਸਥਾਵਾਂ 70 ਏਕੜ ਦੇ ਰਕਬੇ 'ਚ ਫੈਲੀਆਂ ਹੋਈਆਂ ਹਨ ਅਤੇ ਇੱਥੇ 5 ਹਜ਼ਾਰ ਦੇ ਲਗਭਗ ਵਿਦਿਆਰਥੀ ਸਿੱਖਿਆ ਪ੍ਰਾਪਤ ਕਰ ਰਹੇ ਹਨ। ਪ੍ਰਬੰਧਕੀ ਕਾਰਜਾਂ ਨੂੰ ਚਲਾਉਣ ਲਈ ਸੰਨ 1946 'ਚ ਅਕਾਲ ਕਾਲਜ ਕੌਂਸਲ ਦਾ ਪੁਨਰ ਨਿਰਮਾਣ ਕੀਤਾ ਗਿਆ।

21 ਫਰਵਰੀ 1921 ਨੂੰ ਨਨਕਾਣਾ ਸਾਹਿਬ ਦਾ ਸਾਕਾ ਹੋਇਆ। ਸੰਤ ਅਤਰ ਸਿੰਘ ਨੇ ਕਾਲੀ ਦਸਤਾਰ ਸਜ਼ਾ ਕੇ ਰੋਸ ਵੀ ਪ੍ਰਗਟਾਇਆ ਤੇ ਸ਼ਰਧਾਂਜਲੀ ਵੀ ਭੇਟ ਕੀਤੀ। ਉਨ੍ਹਾਂ ਅੰਗਰੇਜ਼ੀ ਰਾਜ ਖ਼ਿਲਾਫ਼ ਆਪਣੀ ਗੱਲ ਪੂਰੇ ਦਾਈਏ ਨਾਲ ਆਖੀ। ਸੰਨ 1923 'ਚ ਸੰਤ ਜੀ ਨੇ ਗੁਰੂ ਕਾਂਸੀ ਦਮਦਮਾ ਸਾਹਿਬ ਦੀ ਸੇਵਾ ਆਰੰਭ ਕਰਵਾਈ ਅਤੇ ਗੁਰੂ ਸਰ ਸਾਹਿਬ ਦੇ ਕੱਚੇ ਟੋਭੇ ਨੂੰ ਪੱਕਾ ਕਰਕੇ ਸਰੋਵਰ ਦਾ ਨਿਰਮਾਣ ਕੀਤਾ।

ਸੰਨ 1926 'ਚ ਜੈਤੋਂ ਦਾ ਮੋਰਚਾ ਸਰ ਹੋਣ ਤੋਂ ਬਾਅਦ ਆਪ ਜੀ ਨੇ ਸ੍ਰੀ ਗੰਗਸਰ ਸਾਹਿਬ, ਜੈਤੋਂ ਵਿਖੇ 101 ਅਖੰਡ ਪਾਠ ਆਰੰਭ ਕੀਤੇ ਅਤੇ ਦੀਵਾਨ ਸਜਾ ਕੇ ਸੰਗਤਾਂ ਨੂੰ ਨਿਹਾਲ ਕੀਤਾ।

ਸੰਨ 1923 'ਚ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪਾਵਨ ਸਰੋਵਰ ਦੀ ਕਾਰਸੇਵਾ ਦਾ ਸ਼ੁੱਭ- ਆਰੰਭ ਸੰਤ ਅਤਰ ਸਿੰਘ ਜੀ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਗੁਰਦੁਆਰਾ ਸ੍ਰੀ ਗੁਰ ਸਾਗਰ ਮਸਤੂਆਣਾ ਸਾਹਿਬ ਦੇ ਲੰਗਰ ਵਾਸਤੇ ਅੱਠ ਧਾਤੂਆਂ ਦੀ ਦੇਗਾਂ ਬਣਵਾਈਆਂ।

ਇਹ ਅਸ਼ਟਧਾਤੂ ਦੇਗ ਵੇਖਣਯੋਗ ਹੈ। ਇਹ ਦੇਗ ਸੰਨ 1923 'ਚ ਵਿਸ਼ੇਸ ਤੌਰ 'ਤੇ ਗੁੱਜਰਾਂਵਾਲਾ ਤੋਂ ਤਿਆਰ ਕਰਵਾਈ ਗਈ ਸੀ, ਜਿਸ 'ਚ ਇੱਕੋ ਸਮੇਂ 80 ਪੀਪੇ ਪਾਣੀ, 2 ਕੁਇੰਟਲ ਚੀਨੀ, 4 ਕੁਇੰਟਲ ਚਾਵਲ ਅਤੇ 30 ਕਿਲੋ ਘੀ ਮਿਲਾ ਕੇ ਚਾਵਲ ਪਕਾਏ ਜਾ ਸਕਦੇ ਹਨ ਅਤੇ ਇਸ ਅਸ਼ਟਧਾਤੂ ਦੇਗ 'ਚ ਇਕੋ ਸਮੇਂ ਤਿਆਰ ਕੀਤੇ ਚਾਵਲ 40 ਹਜ਼ਾਰ ਸੰਗਤਾਂ ਨੂੰ ਛਕਾਏ ਜਾ ਸਕਦੇ ਹਨ ।

ਜਨਵਰੀ 1927 ਵਿੱਚ ਆਪਣੇ ਅੰਤਿਮ ਸਮੇਂ ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਵਿਖੇ ਕੀਰਤਨ ਕਰ ਰਹੇ ਸਨ। ਅੰਗੂਠੇ ਤੇ ਉਂਗਲ ਵਿਚਕਾਰ ਇੱਕ ਛਾਲਾ ਹੋ ਗਿਆ। ਇਸ ਤੋਂ ਬਾਅਦ ਮਸਤੂਆਣਾ ਵਾਪਸ ਚਲੇ ਗਏ, ਉਹ ਸ.ਗੋਬਿੰਦਰ ਸਿੰਘ ਦੀ ਕੋਠੀ ਵਿੱਚ ਠਹਿਰੇ, ਜਿਸ ਨੂੰ ਅੱਜ-ਕਲ੍ਹ ਗੁਰਦੁਆਰਾ ਜੋਤੀ ਸਰੂਪ ਸਾਹਿਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਜਿੱਥੇ ਬੰਗਾਲੀ ਡਾਕਟਰ ਚੈਟਰ ਜੀ ਨੇ ਇਨ੍ਹਾ ਦਾ ਇਲਾਜ ਕਰਨ ਦੀ ਭਰਪੂਰ ਕੋਸ਼ਿਸ਼ ਵੀ ਕੀਤੀ ਪਰ 17 ਮਾਘ (ਜਨਵਰੀ 1927) ਦੀ ਰਾਤ ਨੂੰ ਸੰਤ ਅਤਰ ਸਿੰਘ ਜੋਤੀ

ਜੋਤ ਸਮਾ ਗਏ। ਸੰਤਾਂ ਦਾ ਅੰਤਿਮ ਸੰਸਕਾਰ ਮਸਤੂਆਣਾ ਸਾਹਿਬ ਵਿਖੇ ਹੋਇਆ। ਇਸ ਥਾਂ ਗੁਰਦੁਆਰਾ ਅੰਗੀਠਾ ਸਾਹਿਬ ਸੁਸ਼ੋਭਿਤ ਹੈ। ਸੰਤ ਅਤਰ ਸਿੰਘ ਜੀ ਜੀ ਦੀ ਮਿੱਠੀ ਅਤੇ ਨਿੱਘੀ ਯਾਦ 'ਚ ਹਰ ਸਾਲ ਸਲਾਨਾ ਜੋੜ ਮੇਲਾ 30, 31 ਜਨਵਰੀ ਅਤੇ 1 ਫਰਵਰੀ (16,17 ਅਤੇ 18 ਮਾਘ) ਤਕ ਮਸਤੂਆਣਾ ਸਾਹਿਬ ਵਿਖੇ ਸਰਧਾਪੂਰਵਕ ਮਨਾਇਆ ਜਾਂਦਾ ਹੈ । ਸੰਤਾਂ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਕਈ ਵਿਦਿਅਕ ਅਦਾਰੇ ਖੋਲੇ ਗਏ ਤੇ ਗੁਰਦੁਆਰੇ ਵੀ ਬਣਾਏ ਗਏ। ਹਜ਼ੂਰ ਸਹਿਬ ਵਿਖੇ ਗੋਦਾਵਰੀ ਕੰਢੇ ਆਪ ਜੀ ਦੀ ਯਾਦ ਵਿੱਚ ਗੁਰਦੁਆਰਾ ਭਜਨਗੜ ਸਾਹਿਬ ਅਜੇ ਵੀ ਹੈ। ਸੰਤ ਜੀ ਦੀ ਮਾਤਾ ਜੀ ਦੀ ਯਾਦ ਵਿੱਚ ਮਸਤੂਆਣੇ ਵਿੱਚ ਬਣੇ ਗੁਰਦੁਆਰਾ ਸਾਹਿਬ ਦਾ ਨਾਮ ਗੁਰਦੁਆਰਾ ਮਾਤਾ ਭੋਲੀ ਜੀ ਮਸਤੂਆਣਾ ਸਾਹਿਬ ਹੈ। ਸੰਨ 1945 ਵਿੱਚ 'ਸੰਤ ਅਤਰ ਸਿੰਘ ਗੁਰ ਸਾਗਰ ਮਸਤੂਆਣਾ ਟਰੱਸਟ' ਹੋਂਦ 'ਚ ਆਇਆ, ਇਹ ਟਰੱਸਟ ਹੀ ਗੁਰਦੁਆਰਾ ਸ੍ਰੀ ਗੁਰ ਸਾਗਰ ਮਸਤੂਆਣਾ ਸਾਹਿਬ ਦੀ ਸਮੁੱਚੀ ਚੱਲ-ਅਚੱਲ ਜਾਇਦਾਦ ਅਤੇ ਵਿਦਿਅਕ ਸੰਸਥਾਵਾਂ ਦਾ ਕਸਟੋਡੀਅਨ ਹੈ। ਅਕਾਲ ਸੀਨੀਅਰ ਸੈਕੰਡਰੀ ਸਕੂਲ, ਮਸਤੂਆਣਾ-ਮਸਤੂਆਣਾ ਸਾਹਿਬ ਵਿਖੇ ਸੰਤ ਅਤਰ ਸਿੰਘ ਜੀ ਵੱਲੋਂ ਸ਼ੁਰੂ ਕੀਤੀ ਸਭ ਤੋਂ ਪਹਿਲੀ ਵਿਦਿਅਕ ਸੰਸਥਾ ਹੈ, ਜੋ ਅੱਜ ਕੱਲ੍ਹ ਅਕਾਲ ਕਾਲਜ ਕੌਂਸਲ ਦੇ ਪ੍ਰਬੰਧ ਅਧੀਨ ਬਹਾਦਰਪੁਰ ਜ਼ਿਲ੍ਹਾ ਸੰਗਰੂਰ ਵਿਖੇ ਚੱਲ ਰਹੀ ਹੈ। ਅਕਾਲ ਡਿਗਰੀ ਕਾਲਜ ਮਸਤੂਆਣਾ 13 ਅਪ੍ਰੈਲ 1920 ਨੂੰ ਸ਼ੁਰੂ ਹੋਇਆ ਸੀ, ਇਸ ਕਾਲਜ 'ਚ ਹੁਣ ਬੀਏ, ਬੀਸੀਏ, ਪੀਜੀਡੀਸੀਏ, ਬੀਬੀਏ, ਬੀਐਸਸੀ (ਮੈਡੀਕਲ/ਨਾਨ ਮੈਡੀਕਲ) ,ਐਮਐਸਸੀ(ਆਈਟੀ), ਸਪੋਕਨ ਇੰਗਲਿਸ ਆਦਿ ਕੋਰਸ ਚੱਲ ਰਹੇ ਹਨ। ਸੰਤ ਅਤਰ ਸਿੰਘ ਅਕਾਡਮੀ ਮਸਤੂਆਣਾ- ਸੰਨ 1983 'ਚ ਸਥਾਪਤ ਕੋ-ਐਜੂਕੇਸ਼ਨ, ਅੰਗਰੇਜੀ ਮਾਧਿਅਮ ਰਾਹੀਂ ਪੇਂਡੂ ਖੇਤਰ ਦੇ ਬੱਚਿਆਂ ਨੂੰ ਸਹਿਰਾਂ ਦੇ ਸਕੂਲਾਂ ਵਾਂਗ ਅਤਿ ਅਧੁਨਿਕ ਸਿੱਖਿਆ ਪ੍ਰਦਾਨ ਕਰਨ ਦੇ ਮੰਤਵ ਨਾਲ ਹੋਂਦ 'ਚ ਆਈ ਸੀ, ਜੋ ਸਫਲਤਾ ਪੂਰਵਕ ਚੱਲ ਰਹੀ ਹੈ। ਇਸ ਅਕਾਦਮੀ 'ਚ ਇਲਾਕੇ ਦੇ 60 ਪਿੰਡਾਂ 'ਚੋਂ ਬੱਚੇ ਸਿੱਖਿਆ ਪ੍ਰਾਪਤੀ ਲਈ ਆਉਂਦੇ ਹਨ ਅਤੇ ਇਸ ਵਿੱਚ ਨਰਸਰੀ ਤੋਂ ਲੈ ਕੇ ਬਾਰਵੀਂ (ਸਇੰਸ ਗਰੁੱਪ) ਤੱਕ ਪੜ੍ਹਾਈ ਹੁੰਦੀ ਹੈ। ਅਕਾਲ ਕਾਲਜ਼ ਆਫ ਫਾਰਮੇਸੀ ਐਂਡ ਟੈਕਨੀਕਲ ਐਜੂਕੇਸ਼ਨ, ਸ੍ਰੀ ਮਸਤੂਆਣਾ ਸਾਹਿਬ-ਵਿੱਚ ਫਾਰਮੇਸੀ ਦੇ ਨਾਲ ਨਾਲ ਫਾਰਮੇਸੀ ਮੁਤਲਕ ਟੇਕਨੀਕੇਲਿਟੀ ਬਾਰੇ ਵੀ ਗਿਆਨ ਦਿਤਾ ਜਾਂਦਾ ਹੈ। ਅਕਾਲ ਕਾਲਜ ਆਫ਼ ਐਜੂਕੇਸ਼ਨ ਵਿੱਚ

**(ਬਾਕੀ ਸਫ਼ਾ 30 'ਤੇ)**





ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ

ਗੁਰੂ ਹਰਿ ਰਾਇ ਸਾਹਿਬ ਜੀ ਦੇ ਆਦਰਸ਼ਕ ਗੁਰ ਵਿਅਕਤੀ ਦੇ ਗੁਣ ਦੇਖਦੇ ਹੋਏ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਪੋਤਰੇ ਨੂੰ ਸਿੱਖਾਂ ਦੇ ਸਤਵੀਂ ਪਾਤਿਸ਼ਾਹੀ ਦੀ ਗੁਰਗੱਦੀ ਸੌਂਪੀ। ਉਨ੍ਹਾਂ ਦੀ ਉਮਰ 14 ਸਾਲ ਸੀ। ਗੁਰੂ ਹਰਿ ਰਾਇ ਸਾਹਿਬ ਜੀ ਦੇ ਮਨ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਬੜਾ ਪ੍ਰਭਾਵ ਸੀ। ਉਨ੍ਹਾਂ ਦੀ ਨਿਗਰਾਨੀ ਹੇਠ ਆਪ ਜੀ ਨੂੰ ਅਧਿਆਤਮਕ, ਸੰਸਾਰਕ, ਵਿਹਾਰਕ, ਗੁਰਬਾਣੀ ਵਿਚਾਰ ਬੀਰ ਰਸ ਦੇ ਪ੍ਰਭਾਵਾਂ ਦੇ ਨਾਲ ਨਾਲ ਸ਼ਸਤਰ ਵਿਦਿਆ ਦੇ ਗਿਆਨ ਵਿੱਚ ਪ੍ਰਪੱਕ ਹੋਣ ਦਾ ਪ੍ਰਬੰਧ ਪ੍ਰਾਪਤ ਸੀ। ਛੋਟੀ ਉਮਰ ਵਿੱਚ ਹੀ ਆਪ ਸੰਤ ਸੁਭਾਅ ਅਤੇ ਕੋਮਲ ਹਿਰਦੇ ਦੇ ਮਾਲਕ ਸਨ। ਆਪ ਬਲਵਾਨ, ਵੀਰਤਾ ਅਤੇ ਸੇਵਾ ਦੇ ਪੁੰਜ ਸਨ। ਉਨ੍ਹਾਂ ਨੇ ਨਿਰਭਉ ਨਿਰਵੈਰ ਵਾਲਾ ਜੀਵਨ ਬਤੀਤ ਕੀਤਾ। ਉਨ੍ਹਾਂ ਨੂੰ ਇਹ ਸਿੱਖਿਆ ਮਿਲੀ ਹੋਈ ਸੀ ਕਿ ਸੰਸਾਰ ਵਿੱਚ ਵਿਚਰਦੇ ਸਮੇਂ ਸੰਜਮ ਵਿੱਚ ਰਹਿਣਾ ਹੈ। ਤਾਕਤ ਦੀ ਵਰਤੋ ਬੜੇ ਸੋਚ ਸਮਝ ਕੇ ਕਰਨੀ ਹੈ ਕਿ ਕੁਝ ਨਾਜਾਇਜ਼ ਨਾ ਹੋਵੇ। ਇਸੇ ਭਾਣੇ ਵਿੱਚ ਆਪ ਨੇ ਤਾਣ ਹੁੰਦਿਆਂ ਨਿਤਾਣੇ ਹੋ ਵਿਖਾਇਆ।

ਆਪ ਜੀ ਦਾ ਆਗਮਨ 16 ਜਨਵਰੀ 1630 ਈ. ਨੂੰ ਸ਼ੀਸ਼ ਮਹੱਲ ਕੀਰਤਪੁਰ ਹੁਣ ਜ਼ਿਲ੍ਹਾ ਰੋਪੜ ਪੰਜਾਬ ਵਿਖੇ ਬਾਬਾ ਗੁਰਦਿੱਤਾ ਜੀ ਤੇ ਮਾਤਾ ਨਿਹਾਲ ਕੌਰ ਜੀ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਦਾ ਵਿਆਹ 1640 ਈ. ਵਿੱਚ ਮਾਤਾ ਕ੍ਰਿਸ਼ਨਾ (ਸੁਲੱਖਣੀ) ਦੇ ਨਾਲ ਹੋਇਆ। ਆਪ ਜੀ ਦੇ ਦੋ ਪੁੱਤਰ ਰਾਮ ਰਾਇ ਅਤੇ ਹਰਿ ਕ੍ਰਿਸ਼ਨ (ਗੁਰੂ ) ਜੀ ਸਨ।

ਆਪ ਜੀ ਦੀ ਗੁਰਿਆਈ ਦਾ ਸਮਾਂ ਮਾਰਚ 1644 ਤੋਂ 20 ਅਕਤੂਬਰ 1666 ਈ. ਦਾ ਹੈ। ਉਹਨਾਂ ਨੇ ਗੁਰੂ ਨਾਨਕ ਦੇਵ ਜੀ ਦੀ ਸੋਚ, ਹੁਨਰ ਅਤੇ ਉਪਦੇਸ਼ ਨੂੰ ਅਗਾਂਹ ਤੋਰਿਆ। ਉਸ ਆਸ਼ੇ ਵਿੱਚ ਆਪ ਜੀ ਨੇ ਜ਼ਿੰਮੇਵਾਰੀਆਂ ਨਿਭਾਈਆਂ, ਆਪ ਨੇ ਸੰਗਤਾਂ ਵਿੱਚ ਚੜ੍ਹਦੀਕਲਾ ਦਾ ਜਜ਼ਬਾ ਭਰਿਆ ਕਿ ਅਧਿਆਤਮਕ ਉਚਾਈਆਂ ਦੇ ਨਾਲ ਨਾਲ ਧਰਮ ਵਿੱਚ ਵਿਸ਼ਵਾਸ ਨੂੰ ਨਹੀਂ ਤਿਆਗਣਾ। ਸਗੋਂ ਧਰਮ ਦੀ ਰੱਖਿਆ ਕਰਨੀ ਹੈ। ਜਿਸ ਲਈ ਜੀਵਨ ਘੋਲ ਘੁਮਾਉਣ ਲਈ ਹਮੇਸ਼ਾ ਤਿਆਰ ਰਹਿਣਾ ਹੈ। ਸਿੱਖ ਨਾ ਤਾਂ ਕਿਸੇ ਤੋਂ ਡਰਦਾ ਹੈ ਅਤੇ ਨਾ ਹੀ ਕਿਸੇ ਨੂੰ ਡਰਾਉਂਦਾ ਹੈ। ਨਿਰਭਊ ਨਿਰਵੈਰ ਹੈ। ਗੁਰੂ ਸਾਹਿਬ ਜੀ ਨੇ ਸੰਜਮ ਵਿੱਚ ਰਹਿਣ ਦਾ ਉਪਦੇਸ਼ ਦਿੱਤਾ ਕਿ ਥੋੜਾ ਖਾਣਾ, ਥੋੜਾ ਸੋਣਾ ਅਤੇ ਸਰੀਰ ਨੂੰ ਤੰਦਰੁਸਤ ਰੱਖਣਾ ਅਤੇ ਸਹਿਜ ਵਿੱਚ ਰਹਿਣਾ ਹੈ। ਲੋੜਵੰਦਾਂ ਦੀ ਖਿੜੇ ਮੱਥੇ ਸੇਵਾ ਕਰਨੀ ਹੈ। ਗੁਰੂ ਕੇ ਲੰਗਰਾਂ ਦੀ ਸੇਵਾ ਪ੍ਰਥਾ ਨੂੰ ਸਿੱਖਾਂ ਦੇ ਘਰਾਂ ਤਕ ਚਲਾਉਣ ਦੀ ਮਰਯਾਦਾ ਬਣਾ ਦਿੱਤੀ। ਉਹੀ ਲੰਗਰ ਸਫ਼ਲ ਮੰਨਿਆ ਜਾਵੇ ਜੋ ਹਰ ਸਮੇਂ ਹਰ ਪ੍ਰਾਣੀ ਮਾਤਰ ਲਈ ਵਰਤਾਇਆ ਜਾਵੇ। ਘਰ ਘਰ ਧਰਮਸਾਲ ਨਾਲ ਘਰ ਘਰ ਗੁਰੂ ਕੇ ਲੰਗਰਾਂ ਦੀ ਪ੍ਰਥਾ ਨੂੰ ਜੋੜ ਦਿੱਤਾ। ਸਿੱਖ ਦੇ ਘਰੋਂ ਕੋਈ ਭੁੱਖਾ ਨਾ ਜਾਵੇ। ਲੰਗਰਾਂ ਨੂੰ ਸਿੱਖੀ ਦੀ ਰਹਿਣੀ ਬਹਿਣੀ ਦਾ ਅਟੁੱਟ ਪ੍ਰਪੱਕ ਅੰਗ ਦੱਸਿਆ ਹੈ। ਇਸੇ ਉਪਦੇਸ਼ ਅਧੀਨ ਸਿੱਖ ਸੰਗਤਾਂ ਨੇ ਹਮੇਸ਼ਾ ਕੁਦਰਤੀ ਆਫ਼ਤਾਂ, ਮਹਾਂਮਾਰੀਆਂ ਵਿੱਚ ਬਿਮਾਰਾਂ , ਲਾਚਾਰਾਂ, ਲੋੜਵੰਦਾਂ ਦੀ ਤਨ,ਮਨ ਅਤੇ ਧਨ ਨਾਲ ਸੇਵਾ ਕਰਨ ਦੀ ਸੰਸਾਰ ਵਿੱਚ ਮਿਸਾਲ ਕਾਇਮ ਕੀਤੀ ਹੈ। ਆਪ ਜੀ ਨੂੰ ਗੁਰਿਆਈ ਬਖ਼ਸ਼ਣ ਵੇਲੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪ ਜੀ ਨੂੰ ਹਦਾਇਤ ਕੀਤੀ ਕਿ ਸਵੈ ਰੱਖਿਆ ਲਈ ਲੋੜ ਅਨੁਸਾਰ ਫ਼ੌਜ ਜ਼ਰੂਰ ਰੱਖਣੀ ਹੈ। ਤਦ ਹੀ ਤਾਂ 2200 ਘੋੜ ਸਵਾਰਾਂ ਦੀ ਫ਼ੌਜ ਹਮੇਸ਼ਾ ਤਿਆਰ ਰਹਿੰਦੀ ਸੀ। ਜੋ ਖ਼ਾਲਸੇ ਦੇ ਜੁਝਾਰੂ ਜਲੋਅ ਦਾ ਪ੍ਰਤੀਕ ਸੀ। ਇਸ ਤਰਾਂ ਗੁਰਾਂ ਨੇ ਮੀਰੀ ਪੀਰੀ ਦੀ ਮਰਯਾਦਾ ਨੂੰ ਕਾਇਮ ਰੱਖਿਆ। ਇਸੇ ਨੀਤੀ ਹੇਠ ਜਾਨ ਬਚਾਉਣ ਲਈ ਭੱਜੇ ਜਾਂਦੇ ਦਾਰਾ ਸ਼ਿਕੋਹ ਦੀ ਬੇਨਤੀ ’ਤੇ ਦਰਿਆ ਦੀਆਂ ਸਾਰੀਆਂ ਬੇੜੀਆਂ ਕਬਜ਼ੇ ਵਿੱਚ ਲੈ ਕੇ ਔਰੰਗਜ਼ੇਬ ਦੀ ਫ਼ੌਜ ਨੂੰ ਰੋਕੀ ਰੱਖਿਆ ਤਾਂ ਜੋ ਦਾਰਾ ਸ਼ਕੋਅ ਸੁਰੱਖਿਅਤ ਬੱਚ ਨਿਕਲਣ ਵਿੱਚ ਸਫਲ ਹੋ ਸਕੇ। ਜਿੱਥੇ ਆਪ ਸੰਗਤਾਂ ਨੂੰ ਨਾਮ ਦਾਨ ਦੇ ਕੇ ਸਫਲ ਜੀਵਨ ਦੇ ਰਾਹ ਪਾਉਂਦੇ ਸਨ, ਉੱਥੇ ਰੋਗੀਆਂ ਦੇ ਰੋਗ ਦੂਰ ਕਰਨ ਵਿੱਚ ਵੀ ਸਹਾਇਤਾ ਕਰਦੇ ਸਨ। ਇਸ ਲਈ ਸੰਗਤਾਂ ਨੂੰ ਹਦਾਇਤ ਕੀਤੀ ਸੀ ਕਿ ਲੰਗਰਾਂ ਵਿੱਚ ਜੋ ਵੀ ਰਸਦ ਵਸਤ ਅਤੇ ਸਮਾਨ ਆਵੇ ਬੜਾ ਸੰਭਾਲ ਕੇ ਰਖਣਾ ਹੈ ਤਾਂ ਜੋ ਕਿਸੇ ਸਮੇਂ ਜੇ ਲੋੜ ਪਵੇ ਤਾਂ ਕੋਈ ਚੀਜ਼ ਕੰਮ ਆ ਸਕੇ। ਇਸ ਤਰ੍ਹਾਂ ਆਪ ਜੀ ਕੋਲ ਕੀਮਤੀ ਵਸਤਾਂ ਦਾ ਵੱਡਾ ਭੰਡਾਰ ਹੋ ਗਿਆ। ਇਨ੍ਹਾਂ ਦੁਰਲੱਭ ਵਸਤਾਂ ਨੇ ਇੱਕ ਚੰਗੇ ਦਵਾਖ਼ਾਨੇ ਦਾ ਰੂਪ ਧਾਰ ਲਿਆ ਸੀ। ਲੋੜਵੰਦ ਰੋਗੀਆਂ ਨੂੰ ਵਸਤਾਂ ਮੁਫ਼ਤ ਦਵਾਈ ਦੇ ਰੂਪ ਵਿੱਚ ਵੰਡੀਆਂ ਜਾਂਦੀਆਂ ਸਨ ਤਾਂ ਜੋ ਉਹ ਨਿਰੋਗ ਰਹਿ ਸਕਣ। ਜਦ ਮੁਗਲ ਬਾਦਸ਼ਾਹ ਸ਼ਾਹ ਜਹਾਨ ਦਾ ਪੁੱਤਰ ਦਾਰਾ ਸ਼ਿਕੋਹ ਸਖ਼ਤ ਬਿਮਾਰ ਹੋ ਗਿਆ ਤਾਂ ਗੁਰੂ ਸਾਹਿਬ ਜੀ ਦੇ ਦਵਾਖ਼ਾਨੇ ਦੀਆਂ ਔਸ਼ਧੀਆਂ ਵਸਤਾਂ ਨਾਲ ਤੰਦਰੁਸਤ ਹੋ ਗਿਆ ਸੀ। ਉਸ ਨੇ ਬੜੀ ਸ਼ਰਧਾ ਭਾਵਨਾ ਨਾਲ ਕੀਰਤਪੁਰ ਸਾਹਿਬ ਜਾ ਕੇ ਗੁਰੂ ਜੀ ਦਾ ਸ਼ੁਕਰਾਨਾ ਕੀਤਾ। ਉਹ ਗੁਰੂ ਜੀ ਦੇ ਉਪਦੇਸ਼ ਸੁਣ ਕੇ ਅਤੇ ਪ੍ਰਬੰਧ ਵੇਖ ਕੇ ਬੜਾ ਪ੍ਰਭਾਵਿਤ ਹੋਇਆ।

> *ਇਸ ਤਰ੍ਹਾਂ ਆਪ ਜੀ ਕੋਲ ਕੀਮਤੀ ਵਸਤਾਂ ਦਾ ਵੱਡਾ ਭੰਡਾਰ ਹੋ ਗਿਆ। ਇਨ੍ਹਾਂ ਦੁਰਲੱਭ ਵਸਤਾਂ ਨੇ ਇੱਕ ਚੰਗੇ ਦਵਾਖ਼ਾਨੇ ਦਾ ਰੂਪ ਧਾਰ ਲਿਆ ਸੀ। ਲੋੜਵੰਦ ਰੋਗੀਆਂ ਨੂੰ ਵਸਤਾਂ ਮੁਫ਼ਤ ਦਵਾਈ ਦੇ ਰੂਪ ਵਿੱਚ ਵੰਡੀਆਂ ਜਾਂਦੀਆਂ ਸਨ ਤਾਂ ਜੋ ਉਹ ਨਿਰੋਗ ਰਹਿ ਸਕਣ। ਜਦ ਮੁਗ਼ਲ ਬਾਦਸ਼ਾਹ ਸ਼ਾਹ ਜਹਾਨ ਦਾ ਪੁੱਤਰ ਦਾਰਾ ਸ਼ਿਕੋਹ ਸਖ਼ਤ ਬਿਮਾਰ ਹੋ ਗਿਆ ਤਾਂ ਗੁਰੂ ਸਾਹਿਬ ਜੀ ਦੇ ਦਵਾਖ਼ਾਨੇ ਦੀਆਂ ਔਸ਼ਧੀਆਂ ਵਸਤਾਂ ਨਾਲ ਤੰਦਰੁਸਤ ਹੋ ਗਿਆ ਸੀ। ਉਸ ਨੇ ਬੜੀ ਸ਼ਰਧਾ ਭਾਵਨਾ ਨਾਲ ਕੀਰਤਪੁਰ ਸਾਹਿਬ ਜਾ ਕੇ ਗੁਰੂ ਜੀ ਦਾ ਸ਼ੁਕਰਾਨਾ ਕੀਤਾ। ਉਹ ਗੁਰੂ ਜੀ ਦੇ ਉਪਦੇਸ਼*

ਗੁਰੂ ਸਾਹਿਬ ਜੀ ਦਾ ਦਾਰਾ ਸ਼ਿਕੋਹ ਨਾਲ ਮੇਲ ਮਿਲਾਪ ਵਧਦਾ ਵੇਖ ਕੇ, ਬਾਦਸ਼ਾਹ ਔਰੰਗਜ਼ੇਬ ਨੇ ਈਰਖਾ ਵੱਸ ਹੋ ਕੇ ਬ ਹਾਨੇ ਨਾਲ ਗੁਰੂ ਸਾਹਿਬ ਜੀ ਨੂੰ ਤਲਬ ਕਰਨਾ ਚਾਹਿਆ । ਗੁਰੂ ਸਾਹਿਬ ਜੀ ਨੇ ਆਪਣੇ ਵੱਡੇ ਸਾਹਿਬਜ਼ਾਦਾ ਰਾਮ ਰਾਇ ਜੀ ਨੂੰ ਭੇਜ ਦਿੱਤਾ। ਬਾਦਸ਼ਾਹ ਔਰੰਗਜ਼ੇਬ ਇੱਕ ਕੱਟੜ ਸ਼ਰੱਈ ਮੁਸਲਮਾਨ ਸੀ। ਉਹ ਲੋਕਾਂ ਦਾ ਜਬਰੀ ਧਰਮ ਪ੍ਰੀਵਰਤਣ ਕਰਵਾਉਣ ਦਾ ਆਦੀ ਸੀ। ਉਸਨੇ ਚਾਹਿਆ ਕਿ ਰਾਮ ਰਾਇ ਜੀ ਦਾ ਦਿਲ ਜਿੱਤ ਕੇ ਇਸ ਨੂੰ ਇਸਲਾਮ ਵਿੱਚ ਲਿਆਂਦਾ ਜਾਵੇ। ਧਰਮ ਗ੍ਰੰਥ ਦੀ ਟਿੱਪਣੀ ਦੇ ਬਹਾਨੇ ਬਾਦਸ਼ਾਹ ਨੇ ਕਿਹਾ ਕਿ ਤੁਹਾਡੇ ਧਰਮ ਗ੍ਰੰਥ ਵਿੱਚ ਦਰਜ ਹੈ ਕਿ ਮ:1 ॥ ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ ॥ ਘੜਿ ਭਾਂਡੇ ਇਟਾ ਕੀਤਾ ਜਲਦੀ ਕਰੇ ਪੁਕਾਰ ॥ ਅੰਗ 466 ॥ ਇਹ ਇਸਲਾਮ ਧਰਮ ਦੀ ਸਿੱਧੀ ਨਿਰਾਦਰੀ ਨਹੀਂ ? ਬਾਦਸ਼ਾਹ ਨਾਲ ਬਣਦਾ ਜਾਂਦਾ ਰਸੂਖ ਜਾਣ ਕੇ ਰਾਮ ਰਾਇ ਜੀ ਨੇ ਝੱਟ ਕਹਿ ਦਿੱਤਾ ਕਿ ਹਜ਼ੂਰ ਇੱਥੇ ਮਿਟੀ ਮੁਸਲਮਾਨ ਕੀ ਨਹੀਂ ਬਲਕਿ ਮਿਟੀ ਬੇਈਮਾਨ ਕੀ ਹੈ। ਬਾਦਸ਼ਾਹ ਨੇ ਉਸ ਦੀ ਚਤੁਰਤਾ ਤੋਂ ਖੁਸ਼ ਹੋ ਕੇ ਦੂਨ ਦਾ ਇਲਾਕਾ ਜਗੀਰ ਵਿੱਚ ਦੇ ਦਿੱਤਾ।

ਜਦੋਂ ਗੁਰੂ ਹਰਿ ਰਾਏ ਸਾਹਿਬ ਜੀ ਨੂੰ ਰਾਮ ਰਾਇ ਜੀ ਦੀ ਚਤੁਰਾਈ ਅਤੇ ਕਮਜ਼ੋਰੀ ਦਾ ਪਤਾ ਲਗਾ ਤਾਂ ਉਨ੍ਹਾਂ ਦਾ ਮਨ ਉਚਾਟ ਹੋਇਆ। ਗੁਰੂ ਸਾਹਿਬ ਜੀ ਅਸੂਲਾਂ ਦੇ ਬੜੇ ਪੱਕੇ ਸਨ। ਉਨ੍ਹਾਂ ਨੇ ਬੜੀ ਦ੍ਰਿੜ੍ਹਤਾ ਨਾਲ ਫੈਸਲਾ ਕਰ ਲਿਆ ਕਿ ਰਾਮ ਰਾਇ ਗੁਰਗੱਦੀ ਦੇ ਲਾਇਕ ਨਹੀਂ ਹੈ। ਜਿੱਥੇ ਜਿੱਥੇ ਵੀ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਉਪਦੇਸ਼ ਮੰਨਣ ਵਾਲੇ ਵਸੇ ਸਨ, ਉਥੇ ਪ੍ਰਚਾਰਕ ਦੌਰੇ ਕੀਤੇ। ਉਨ੍ਹਾਂ ਨੇ ਸੰਗਤਾਂ ਨੂੰ ਗੁਰ ਉਦੇਸ਼ ਦ੍ਰਿੜ੍ਹ ਕਰਵਾਇਆ ਆਪ ਜੀ ਨੇ ਬਹੁਤ ਸਾਰੇ ਪ੍ਰਚਾਰਕ ਕੇਂਦਰ ਖੋਲੇ। ਉੱਥੇ ਆਪ ਜੀ ਨੇ ਸੁਚੱਜੇ ਪ੍ਰਚਾਰਕ ਥਾਪੇ। ਜਿਵੇਂ ਸੁਥੇਰ ਸ਼ਾਹੀ, ਭਗਤ ਭਗਵਾਨੀਏ, ਸੰਗਤ ਸਾਹਿਬੀਏ, ਇਹਨਾਂ ਕੇਂਦਰਾਂ ਨੂੰ ਚਲਾਉਣ ਲਈ ਭਾਈ ਬਹਿਲੋ, ਭਾਈ ਭੂੰਦੜ, ਭਾਈ ਪੰਜਾਬ, ਭਾਈ ਭਗਤੂ ਨਿਯੁਕਤ ਕੀਤੇ। 20 ਅਕਤੂਬਰ 1666 ਈ. ਨੂੰ ਆਪ ਜੀ ਨੇ ਛੋਟੇ ਸਾਹਿਬਜ਼ਾਦਾ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਗੁਰਗੱਦੀ ’ਤੇ ਬਿਠਾ ਕੇ ਜੋਤੀ ਜੋਤਿ ਸਮਾ ਗਏ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ ’ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# TRANS-ALLIANCE

TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

TA PETRO TA EXPRESS AMBEST Love's

## FUEL CARDS

NO CREDIT - NO PROBLEM
BEST CUSTOMER SERVICE

QUIKQ WEX




## FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

ROAD SQUAD CONNECT

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST

TA TRUCK SERVICE

## FUEL MANAGEMENT

DAILY FUEL RATES IN PHONE APP

CALL FOR MORE INFO

(855)641-6955, (888)795-7035




# ਗਠੀਏ ਦੌਰਾਨ ਸੈਰ ਕਰਨ ਦੇ ਲਾਭ

## ਗਠੀਆ ਤੋਂ ਪੀੜ੍ਹਤ ਔਰਤਾਂ ਦੇ ਬਲੱਡ ਪ੍ਰੈਸ਼ਰ ਨੂੰ ਸੁਧਾਰ ਸਕਦੀ ਹੈ ਸਿਰਫ਼ 30 ਮਿੰਟ ਦੀ ਸੈਰ





ਇੱਕ ਖੋਜ ਵਿੱਚ ਸਾਹਮਣੇ ਆਇਆ ਹੈ ਕਿ ਸਿਰਫ਼ 30 ਮਿੰਟ ਦੀ ਸਾਧਾਰਨ ਸੈਰ ਗਠੀਆ ਤੋਂ ਪੀੜਤ ਔਰਤਾਂ ਨੂੰ ਰਾਹਤ ਪ੍ਰਦਾਨ ਕਰ ਸਕਦੀ ਹੈ ਅਤੇ ਉਨ੍ਹਾਂ ਦੇ ਬਲੱਡ ਪ੍ਰੈਸ਼ਰ ਨੂੰ ਅਸਥਾਈ ਤੌਰ 'ਤੇ ਘੱਟ ਕਰ ਸਕਦੀ ਹੈ। ਇਸ ਨਾਲ ਉਨ੍ਹਾਂ ਦਾ ਤਣਾਅ ਵੀ ਘੱਟ ਹੁੰਦਾ ਹੈ।

ਰਾਇਮੇਟਾਇਡ ਗਠੀਏ ਇੱਕ ਸਵੈ-ਪ੍ਰਤੀਰੋਧਕ ਸੋਜਸ਼ ਵਾਲੀ ਬਿਮਾਰੀ ਹੈ ਜੋ ਸਿਨੋਵੀਅਲ ਜੋੜਾਂ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਦਰਦ, ਸੋਜ ਅਤੇ ਪ੍ਰਗਤੀਸ਼ੀਲ ਸਰੀਰਕ ਅਪਾਹਜਤਾ ਦਾ ਕਾਰਨ ਬਣਦੀ ਹੈ।

ਰਾਇਮੇਟਾਇਡ ਗਠੀਏ ਵਾਲੇ ਲੋਕਾਂ ਨੂੰ ਵੀ ਹਾਈ ਬਲੱਡ ਪ੍ਰੈਸ਼ਰ ਹੁੰਦਾ ਹੈ ਅਤੇ ਪਿਛਲੀ ਖੋਜ ਨੇ ਦਿਖਾਇਆ ਹੈ ਕਿ ਦਿਲ ਦੀ ਬਿਮਾਰੀ ਤੋਂ ਮੌਤ ਦਾ ਖ਼ਤਰਾ ਆਮ ਆਬਾਦੀ ਨਾਲੋਂ 50 ਪ੍ਰਤੀਸ਼ਤ ਵੱਧ ਹੈ।

ਰਾਇਮੇਟਾਇਡ ਗਠੀਏ ਦੇ ਮਰੀਜ਼ਾਂ ਨੂੰ ਮਾਨਸਿਕ ਤਣਾਅ, ਸਰੀਰਕ ਮਿਹਨਤ ਅਤੇ ਦਰਦ ਦੇ ਜਵਾਬ ਵਿੱਚ ਬਲੱਡ ਪ੍ਰੈਸ਼ਰ ਵਿੱਚ ਵਾਧਾ ਕਰਨ ਲਈ ਵੀ ਜਾਣਿਆ ਜਾਂਦਾ ਹੈ, ਜੋ ਬਿਮਾਰੀ ਦੇ ਕਾਰਡੀਓਵੈਸਕੁਲਰ ਪੇਚੀਦਗੀਆਂ ਦੇ ਉੱਚ ਜੋਖਮ ਵਿੱਚ ਯੋਗਦਾਨ ਪਾਉਂਦਾ ਹੈ।

ਬ੍ਰਾਜ਼ੀਲ ਦੇ ਸਾਓ ਪੌਲੋ ਯੂਨੀਵਰਸਿਟੀ (ਯੂਐਸਪੀ) ਮੈਡੀਕਲ ਸਕੂਲ (ਐਫ਼ਐਮ-ਯੂਐਸਪੀ) ਦੇ ਖੋਜਕਰਤਾ ਟਿਆਗੋ ਪੇਕਾਨਹਾ ਨੇ ਕਿਹਾ ਕਿ ਅਧਿਐਨ ਦਰਸਾਉਂਦਾ ਹੈ ਕਿ ਕਸਰਤ ਨਾਲ ਰਾਇਮੇਟਾਇਡ ਗਠੀਏ ਵਾਲੀਆਂ ਔਰਤਾਂ ਵਿੱਚ ਬਲੱਡ ਪ੍ਰੈਸ਼ਰ ਨੂੰ ਵਧਣ ਤੋਂ ਰੋਕਦਾ ਹੈ।

24-ਘੰਟੇ ਦੇ ਨਿਗਰਾਨੀ ਅਜ਼ਮਾਇਸ਼ ਵਿੱਚ, ਟੀਮ ਨੇ ਦਿਖਾਇਆ ਕਿ ਕਸਰਤ ਨੇ ਸਿਸਟੋਲਿਕ ਦਬਾਅ ਘਟਾਇਆ ਹੈ।

ਇਹ ਕਟੌਤੀ ਸਟ੍ਰੋਕ ਤੋਂ ਮੌਤ ਦੇ 14 ਪ੍ਰਤੀਸ਼ਤ ਘੱਟ ਜੋਖਮ, ਕੋਰੋਨਰੀ ਆਰਟਰੀ ਬਿਮਾਰੀ ਤੋਂ ਮੌਤ ਦੇ 9 ਪ੍ਰਤੀਸ਼ਤ ਘੱਟ ਜੋਖਮ, ਅਤੇ ਹਾਈ ਬਲੱਡ ਪ੍ਰੈਸ਼ਰ ਵਾਲੇ ਲੋਕਾਂ ਲਈ ਸਾਰੇ ਕਾਰਨਾਂ ਤੋਂ ਮੌਤ ਦੇ 7 ਪ੍ਰਤੀਸ਼ਤ ਘੱਟ ਜੋਖਮ ਨਾਲ ਜੁੜੀ ਹੋਈ ਸੀ।

ਜਰਨਲ ਆਫ਼ ਹਿਊਮਨ ਹਾਈਪਰਟੈਨਸ਼ਨ ਵਿੱਚ ਪ੍ਰਕਾਸ਼ਿਤ ਅਧਿਐਨ ਵਿੱਚ, ਟੀਮ ਨੇ 20 ਤੋਂ 65 ਸਾਲ ਦੀ ਉਮਰ ਦੀਆਂ 20 ਮਹਿਲਾ ਵਾਲੰਟੀਅਰਾਂ ਦਾ ਵਿਸ਼ਲੇਸ਼ਣ ਕੀਤਾ ਅਤੇ ਰਾਇਮੇਟਾਇਡ ਗਠੀਏ ਅਤੇ ਹਾਈ ਬਲੱਡ ਪ੍ਰੈਸ਼ਰ ਦਾ ਨਿਦਾਨ ਕੀਤਾ। ਔਰਤਾਂ ਦੇ ਬਲੱਡ ਪ੍ਰੈਸ਼ਰ ਅਤੇ ਦਿਲ ਦੀ ਗਤੀ ਨੂੰ ਪਹਿਲਾਂ ਮਾਪਿਆ ਗਿਆ ਸੀ।

ਦੂਜੇ ਸੈਸ਼ਨ ਵਿੱਚ, ਇੱਕ ਸੁਤੰਤਰ ਤੌਰ 'ਤੇ ਚੁਣਿਆ ਗਿਆ ਸਮੂਹ 30 ਮਿੰਟ ਲਈ ਇੱਕ ਮੱਧਮ ਗਤੀ ਨਾਲ ਟ੍ਰੈਡਮਿਲ 'ਤੇ ਚੱਲਿਆ, ਜਦੋਂ ਕਿ, ਇੱਕ ਕੰਟਰੋਲ ਗਰੁੱਪ ਬਿਨਾਂ ਕੋਈ ਕਸਰਤ ਕੀਤੇ 30 ਮਿੰਟ ਤੱਕ ਟ੍ਰੈਡਮਿਲ 'ਤੇ ਖੜ੍ਹਾ ਰਿਹਾ। ਸੈਸ਼ਨ ਤੋਂ ਪਹਿਲਾਂ ਅਤੇ ਬਾਅਦ ਵਿੱਚ ਦੋਵਾਂ ਸਮੂਹਾਂ ਦੇ ਬਲੱਡ ਪ੍ਰੈਸ਼ਰ ਨੂੰ ਮਾਪਿਆ ਗਿਆ ਸੀ।

ਕਸਰਤ ਜਾਂ ਆਰਾਮ ਕਰਨ ਤੋਂ ਬਾਅਦ, ਉਹਨਾਂ ਨੇ ਤਣਾਅ ਵਾਲੇ ਟੈਸਟ ਕੀਤੇ ਜੋ ਉਹਨਾਂ ਦੇ ਬਲੱਡ ਪ੍ਰੈਸ਼ਰ ਨੂੰ ਪ੍ਰਭਾਵਿਤ ਕਰ ਸਕਦੇ ਹਨ।

ਟ੍ਰੈਡਮਿਲ ਸੈਸ਼ਨ ਤੋਂ ਪਹਿਲਾਂ ਅਤੇ ਤੁਰੰਤ ਬਾਅਦ ਸਾਰੀਆਂ 20 ਔਰਤਾਂ ਵਿੱਚ ਸਿਸਟੋਲਿਕ ਬਲੱਡ ਪ੍ਰੈਸ਼ਰ ਸਥਿਰ ਰਿਹਾ, ਪਰ ਆਰਾਮ ਕਰਨ ਵੇਲੇ ਲਏ ਗਏ ਮਾਪਾਂ ਵਿੱਚ ਇਹ ਵੱਧ ਸੀ।

ਸਿਰਫ਼ ਇੱਕ ਐਰੋਬਿਕ ਕਸਰਤ ਸੈਸ਼ਨ ਦਾ ਅਸਥਾਈ ਪ੍ਰਭਾਵ ਬਹੁਤ ਮਹੱਤਵਪੂਰਨ ਹੈ ਕਿਉਂਕਿ ਲਗਾਤਾਰ ਕਈ ਦਿਨਾਂ ਵਿੱਚ ਬਲੱਡ ਪ੍ਰੈਸ਼ਰ ਵਿੱਚ ਤੇਜ਼ੀ ਨਾਲ ਗਿਰਾਵਟ ਦੀ ਉਮੀਦ ਕੀਤੀ ਜਾਂਦੀ ਹੈ ਅਤੇ ਸਮੇਂ ਦੇ ਨਾਲ ਇੱਕ ਨਿਰੰਤਰ ਕਮੀ ਰਾਇਮੇਟਾਇਡ ਗਠੀਏ ਵਿੱਚ ਹਾਈਪਰਟੈਨਸ਼ਨ ਲਈ ਬਿਹਤਰ ਇਲਾਜ ਪ੍ਰਦਾਨ ਕਰਨ ਵਿੱਚ ਯੋਗਦਾਨ ਪਾਉਂਦੀ ਹੈ।

ਪੇਕਾਨਹਾ ਨੇ ਕਿਹਾ ਕਿ ਖੋਜਾਂ ਨੂੰ ਹੋਰ ਆਟੋਇਮਿਊਨ ਇਨਫ਼ਲਾਮੇਟਰੀ ਬਿਮਾਰੀਆਂ, ਜਿਵੇਂ ਕਿ ਲੂਪਸ, ਸੋਰਿਆਟਿਕ ਗਠੀਏ, ਇਨਫ਼ਲਾਮੇਟਰੀ ਮਾਈਓਪਿਆ ਅਤੇ ਕਿਸ਼ੋਰ ਲੂਪਸ 'ਤੇ ਵੀ ਲਾਗੂ ਕੀਤਾ ਜਾ ਸਕਦਾ ਹੈ।



# ਕਿਤੇ ਮਹਾਂਮਾਰੀ ਨਾ ਬਣ ਜਾਵੇ ਖਸਰਾ ?

## ਯੂਰਪ 'ਚ ਖਸਰੇ ਦੇ ਕੇਸਾਂ ਵਿੱਚ ਹੋਇਆ 45 ਗੁਣਾ ਵਾਧਾ ਐਮਰਜੈਂਸੀ ਟੀਕਾਕਰਨ ਮੁਹਿੰਮ ਦੀ ਲੋੜ

ਯੂਰਪ ਵਿੱਚ ਹੁਣ ਤੱਕ ਖਸਰੇ ਦੇ ਮਾਮਲਿਆਂ ਵਿੱਚ ਬੇਮਿਸਾਲ 45 ਗੁਣਾ ਵਾਧਾ ਹੋਇਆ ਹੈ। ਸੰਯੁਕਤ ਰਾਸ਼ਟਰ ਦੀ ਏਜੰਸੀ ਵਿਸ਼ਵ ਸਿਹਤ ਸੰਗਠਨ ਨੇ ਇਸ ਬਦਲਾਅ 'ਤੇ ਚਿੰਤਾ ਜ਼ਾਹਰ ਕੀਤੀ ਹੈ।ਪਿਛਲੇ ਸਾਲ 2023 ਵਿੱਚ ਖਸਰੇ ਦੇ 42 ਹਜ਼ਾਰ ਮਾਮਲੇ ਸਾਹਮਣੇ ਆਏ, ਜੋ ਕਿ 2022 ਦੇ ਮੁਕਾਬਲੇ 45 ਗੁਣਾ ਵੱਧ ਹਨ। ਵਿਸ਼ਵ ਸਿਹਤ ਸੰਗਠਨ ਨੇ ਇਹ ਅੰਕੜੇ ਜਾਰੀ ਕੀਤੇ ਅਤੇ ਖਸਰੇ ਨੂੰ ਫੈਲਣ ਨੂੰ ਰੋਕਣ ਲਈ ਐਮਰਜੈਂਸੀ ਟੀਕਾਕਰਨ ਦੀ ਅਪੀਲ ਕੀਤੀ।

ਯੂਰਪੀ ਖੇਤਰ ਵਿੱਚ 53 ਦੇਸ਼ ਹਨ। ਇਨ੍ਹਾਂ ਵਿੱਚੋਂ 41 ਦੇਸ਼ਾਂ ਵਿੱਚ ਖਸਰੇ ਦੇ ਮਾਮਲੇ ਸਾਹਮਣੇ ਆਏ ਹਨ। ਵਿਸ਼ਵ ਸਿਹਤ ਸੰਗਠਨ ਨੇ ਕਿਹਾ ਕਿ 2022 ਵਿੱਚ ਸਿਰਫ਼ 941 ਮਾਮਲੇ ਦਰਜ ਕੀਤੇ ਗਏ ਸਨ। ਸੰਗਠਨ ਨੇ ਕਿਹਾ ਕਿ ਕੋਵਿਡ-19 ਮਹਾਂਮਾਰੀ ਦੌਰਾਨ ਟੀਕਾਕਰਨ ਦੀਆਂ ਦਰਾਂ ਘਟ ਗਈਆਂ ਹਨ ਅਤੇ ਬਿਮਾਰੀ ਨੂੰ ਫੈਲਣ ਤੋਂ ਰੋਕਣ ਅਤੇ ਇਸ ਨੂੰ ਰੋਕਣ ਲਈ 'ਐਮਰਜੈਂਸੀ ਟੀਕਾਕਰਨ ਮੁਹਿੰਮ ਦੀ ਲੋੜ ਹੈ'। ਜਿਨ੍ਹਾਂ ਦੇਸ਼ਾਂ ਵਿਚ ਕੇਸ ਸਭ ਤੋਂ ਵੱਧ ਵਧੇ ਹਨ, ਉਨ੍ਹਾਂ ਵਿੱਚ ਰੂਸ ਅਤੇ ਕਜ਼ਾਕਿਸਤਾਨ ਸਿਖਰ 'ਤੇ ਹਨ। ਪਿਛਲੇ ਸਾਲ ਜਨਵਰੀ ਤੋਂ ਅਕਤੂਬਰ ਦਰਮਿਆਨ ਇਨ੍ਹਾਂ ਦੋਵਾਂ ਦੇਸ਼ਾਂ ਵਿੱਚ 10 ਹਜ਼ਾਰ ਤੋਂ ਵੱਧ ਲੋਕ ਖਸਰੇ ਨਾਲ ਬਿਮਾਰ ਹੋਏ ਸਨ। ਪੱਛਮੀ ਯੂਰਪ ਵਿੱਚ ਸਭ ਤੋਂ ਵੱਧ ਕੇਸ ਬਰਤਾਨੀਆ ਵਿੱਚ ਪਾਏ ਗਏ, ਜਿੱਥੇ 183 ਲੋਕਾਂ ਨੂੰ ਖਸਰਾ ਹੋਇਆ।

ਡਬਲਯੂ.ਐਚ.ਓ. ਨੇ ਕਿਹਾ ਕਿ ਜਨਵਰੀ ਤੋਂ ਅਕਤੂਬਰ ਦਰਮਿਆਨ 21,000 ਮਰੀਜ਼ਾਂ ਨੂੰ ਖਸਰੇ ਕਾਰਨ ਹਸਪਤਾਲ ਵਿੱਚ ਭਰਤੀ ਹੋਣਾ ਪਿਆ ਅਤੇ ਪੰਜ ਲੋਕਾਂ ਦੀ ਮੌਤ ਹੋ ਗਈ, ਜੋ ਚਿੰਤਾ ਦਾ ਵਿਸ਼ਾ ਹੈ। ਸੰਗਠਨ ਦੇ ਅਨੁਸਾਰ, 2020 ਤੋਂ 2022 ਦੇ ਵਿਚਕਾਰ, ਡਬਲਯੂ.ਐਚ.ਓ. ਦੇ ਯੂਰਪੀਅਨ ਖੇਤਰ ਵਿੱਚ ਲਗਭਗ 18 ਲੱਖ ਬੱਚਿਆਂ ਨੂੰ ਖਸਰੇ ਦੀ ਵੈਕਸੀਨ ਨਹੀਂ ਮਿਲੀ।

### ਖਸਰਾ ਕਿਉਂ ਹੁੰਦਾ ਹੈ ?

ਦੁਨੀਆਂ ਭਰ ਵਿੱਚ ਸਿਹਤ ਸਥਿਤੀਆਂ 'ਤੇ ਨਜ਼ਰ ਰੱਖਣ ਵਾਲੇ ਸੰਗਠਨ ਨੇ ਕਿਹਾ, ਇਹ ਬਹੁਤ ਜ਼ਰੂਰੀ ਹੈ ਕਿ ਸਾਰੇ ਦੇਸ਼ ਸਮੇਂ ਸਿਰ ਖਸਰੇ ਦੇ ਪ੍ਰਕੋਪ ਦੀ ਪਛਾਣ ਕਰਨ ਅਤੇ ਇਸ ਨੂੰ ਰੋਕਣ ਲਈ ਤਿਆਰ ਰਹਿਣ, ਨਹੀਂ ਤਾਂ ਖਸਰੇ ਨੂੰ ਪੂਰੀ ਤਰ੍ਹਾਂ ਖਤਮ ਕਰਨ ਵਿੱਚ ਕੀਤੀ ਗਈ ਤਰੱਕੀ ਖ਼ਤਰੇ ਵਿੱਚ ਪੈ ਜਾਵੇਗੀ।

ਖਸਰਾ ਰੁਬੇਲਾ ਵਾਇਰਸ ਕਾਰਨ ਹੁੰਦਾ ਹੈ ਅਤੇ ਸਾਹ ਲੈਣ, ਖੰਘਣ ਜਾਂ ਛਿੱਕਣ ਰਾਹੀਂ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਵਿੱਚ ਫੈਲ ਸਕਦਾ ਹੈ। ਬੱਚਿਆਂ ਵਿੱਚ ਖਸਰਾ ਜ਼ਿਆਦਾ ਆਮ ਹੁੰਦਾ ਹੈ ਪਰ ਇਸਦਾ ਮਤਲਬ ਇਹ ਨਹੀਂ ਹੈ ਕਿ ਬਾਲਗ ਇਸ ਤੋਂ ਬਿਮਾਰ ਨਹੀਂ ਹੋ ਸਕਦੇ।



ਰੂਬੈਲਾ ਵਾਇਰਸ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ, ਬਿਮਾਰੀ ਦੇ ਲੱਛਣ ਦਿਖਾਈ ਦੇਣ ਵਿੱਚ ਅੱਠ ਤੋਂ ਬਾਰਾਂ ਦਿਨ ਲੱਗ ਜਾਂਦੇ ਹਨ। ਇਸ ਦੇ ਲੱਛਣ ਤੇਜ਼ ਬੁਖਾਰ, ਨੱਕ ਵਗਣਾ, ਮਾਸਪੇਸ਼ੀਆਂ ਵਿੱਚ ਦਰਦ ਅਤੇ ਗਲੇ ਵਿੱਚ ਖਰਾਸ਼ ਨਾਲ ਸ਼ੁਰੂ ਹੁੰਦੇ ਹਨ। ਸ਼ੁਰੂਆਤੀ ਲੱਛਣਾਂ ਦੇ ਦੋ ਤੋਂ ਤਿੰਨ ਦਿਨਾਂ ਬਾਅਦ, ਚਿਹਰੇ 'ਤੇ ਚਿੱਟੇ ਧੱਬੇ ਨਜ਼ਰ ਆਉਣੇ ਸ਼ੁਰੂ ਹੋ ਜਾਂਦੇ ਹਨ ਅਤੇ ਲਾਲ ਧੱਫੜ ਦਿਖਾਈ ਦਿੰਦੇ ਹਨ ਜੋ ਸਿਰ ਤੋਂ ਹੇਠਾਂ ਵੱਲ ਫੈਲ ਜਾਂਦੇ ਹਨ। ਗੰਭੀਰ ਮਾਮਲਿਆਂ ਵਿੱਚ, ਪੇਟ ਦਰਦ, ਦਸਤ ਅਤੇ ਉਲਟੀਆਂ ਹੋ ਸਕਦੀਆਂ ਹਨ।

ਖਸਰੇ ਦੇ ਟੀਕਾਕਰਨ ਵਿੱਚ, ਦੋ ਖੁਰਾਕਾਂ ਦਿੱਤੀਆਂ ਜਾਂਦੀਆਂ ਹਨ। ਪਹਿਲਾ ਟੀਕਾ 9 ਮਹੀਨੇ ਅਤੇ ਦੂਜਾ 15 ਤੋਂ 18 ਮਹੀਨਿਆਂ ਵਿੱਚ ਦਿੱਤਾ ਜਾਂਦਾ ਹੈ। ਇਸ ਬਿਮਾਰੀ ਦੇ ਫੈਲਣ ਨੂੰ ਰੋਕਣ ਲਈ, ਘੱਟੋ-ਘੱਟ 95 ਪ੍ਰਤੀਸ਼ਤ ਬੱਚਿਆਂ ਨੂੰ ਦੋਵੇਂ ਖੁਰਾਕਾਂ ਲੈਣ ਦੀ ਲੋੜ ਹੁੰਦੀ ਹੈ, ਪਰ ਵਿਸ਼ਵ ਭਰ ਵਿੱਚ ਟੀਕਾਕਰਨ ਦੀ ਦਰ ਘੱਟ ਰਹੀ ਹੈ।

2022 ਵਿੱਚ, ਸਿਰਫ 83 ਪ੍ਰਤੀਸ਼ਤ ਬੱਚੇ ਖਸਰੇ ਦੀਆਂ ਦੋਵੇਂ ਖੁਰਾਕਾਂ ਪ੍ਰਾਪਤ ਕਰ ਸਕੇ। ਹਾਲਾਂਕਿ ਇਹ 2021 ਵਿੱਚ 81 ਪ੍ਰਤੀਸ਼ਤ ਤੋਂ ਥੋੜ੍ਹਾ ਵੱਧ ਸੀ, ਕੋਵਿਡ ਮਹਾਂਮਾਰੀ ਤੋਂ ਪਹਿਲਾਂ ਇਹ ਦਰ 86 ਪ੍ਰਤੀਸ਼ਤ ਸੀ, ਜੋ ਕਿ 2008 ਤੋਂ ਬਾਅਦ ਸਭ ਤੋਂ ਘੱਟ ਸੀ। 2022 ਵਿੱਚ, ਯੂਰਪ ਵਿੱਚ ਸਿਰਫ 92 ਪ੍ਰਤੀਸ਼ਤ ਬੱਚਿਆਂ ਨੂੰ ਖਸਰੇ ਦੀ ਦੂਜੀ ਵੈਕਸੀਨ ਮਿਲੀ ਸੀ।

### ਭਾਰਤ ਦੂਜੇ ਨੰਬਰ 'ਤੇ

2021 ਵਿੱਚ, ਦੁਨੀਆਂ ਭਰ ਵਿੱਚ ਖਸਰੇ ਕਾਰਨ 1,28,000 ਮੌਤਾਂ ਹੋਈਆਂ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਪੰਜ ਸਾਲ ਤੋਂ ਘੱਟ ਉਮਰ ਦੇ ਬੱਚੇ ਸਨ ਜਿਨ੍ਹਾਂ ਨੇ ਇੱਕ ਜਾਂ ਦੋਵੇਂ ਟੀਕੇ ਨਹੀਂ ਲਗਾਏ ਸਨ। ਵਿਸ਼ਵ ਸਿਹਤ ਸੰਗਠਨ ਦਾ ਅੰਦਾਜ਼ਾ ਹੈ ਕਿ 2000 ਤੋਂ 2021 ਦਰਮਿਆਨ ਟੀਕਾਕਰਨ ਕਾਰਨ 55 ਮਿਲੀਅਨ ਲੋਕਾਂ ਦੀਆਂ ਜਾਨਾਂ ਬਚਾਈਆਂ ਗਈਆਂ। ਦੁਨੀਆਂ ਵਿੱਚ ਖਸਰੇ ਕਾਰਨ ਸਭ ਤੋਂ ਵੱਧ ਮੌਤਾਂ ਵਾਲੇ ਦੇਸ਼ਾਂ ਵਿੱਚ ਭਾਰਤ ਦੂਜੇ ਨੰਬਰ 'ਤੇ ਹੈ। ਸਭ ਤੋਂ ਵੱਧ ਮੌਤਾਂ, 23,066, ਯਮਨ ਵਿੱਚ 2023 ਵਿੱਚ ਹੋਈਆਂ। ਉਸ ਤੋਂ ਬਾਅਦ ਭਾਰਤ ਹੈ, ਜਿੱਥੇ 13,997 ਮੌਤਾਂ ਹੋਈਆਂ ਹਨ। ਕਜ਼ਾਕਿਸਤਾਨ ਵਿੱਚ ਖਸਰੇ ਕਾਰਨ 12,801 ਜਾਨਾਂ ਚਲੀਆਂ ਗਈਆਂ। ਇਸ ਤੋਂ ਬਾਅਦ ਇਥੋਪੀਆ (11,042), ਰੂਸ (7,137), ਪਾਕਿਸਤਾਨ (6,199), ਕਿਰਗਿਸਤਾਨ (4,701), ਡੀ.ਆਰ. ਕਾਂਗੋ (3,917), ਇਰਾਕ (3,541) ਅਤੇ ਅਜ਼ਰਬਾਈਜਾਨ (3,291) ਹਨ। ਭਾਰਤ ਵਿੱਚ, 2017 ਤੋਂ ਮਾਰਚ 2023 ਦਰਮਿਆਨ, 34 ਕਰੋੜ ਤੋਂ ਵੱਧ ਬੱਚਿਆਂ ਨੂੰ ਖਸਰੇ ਦੇ ਵਿਰੁੱਧ ਟੀਕਾਕਰਨ ਕੀਤਾ ਗਿਆ ਸੀ। 2017 ਅਤੇ 2021 ਦੇ ਵਿਚਕਾਰ, ਭਾਰਤ ਵਿੱਚ ਇਸ ਬਿਮਾਰੀ ਦੇ ਕੇਸਾਂ ਵਿੱਚ 62 ਪ੍ਰਤੀਸ਼ਤ ਦੀ ਕਮੀ ਆਈ ਸੀ।

ਕਹਾਣੀ

ਮੋਹਨ ਰਾਕੇਸ਼

# ਮਲਬੇ ਦਾ ਮਾਲਕ



ਪੂਰੇ ਸਾਢੇ ਸੱਤ ਵਰ੍ਹਿਆਂ ਬਾਅਦ ਉਹ ਅੰਮ੍ਰਿਤਸਰ ਆਏ ਸਨ । ਹਾਕੀ ਦਾ ਮੈਚ ਦੇਖਣਾ ਤਾਂ ਐਵੇਂ ਬਹਾਨਾ ਹੀ ਸੀ । ਉਨ੍ਹਾਂ ਨੂੰ ਜ਼ਿਆਦਾ ਚਾਅ ਤਾਂ ਉਨ੍ਹਾਂ ਘਰਾਂ ਅਤੇ ਬਾਜ਼ਾਰਾਂ ਨੂੰ ਮੁੜ ਦੇਖਣ ਦਾ ਸੀ ਜਿਹੜੇ ਸਾਢੇ ਸੱਤ ਵਰ੍ਹੇ ਪਹਿਲਾਂ ਉਨ੍ਹਾਂ ਲਈ ਬੇਗਾਨੇ ਹੋ ਗਏ ਸਨ । ਹਰ ਸੜਕ 'ਤੇ ਮੁਸਲਮਾਨਾਂ ਦੀ ਕੋਈ ਨਾ ਕੋਈ ਟੋਲੀ ਘੁੰਮਦੀ ਫਿਰਦੀ ਨਜ਼ਰ ਆ ਰਹੀ ਸੀ । ਉਨ੍ਹਾਂ ਦੀਆਂ ਨਜ਼ਰਾਂ ਹਰ ਚੀਜ਼ ਨੂੰ ਬੜੀ ਉਤਸਕਤਾ ਨਾਲ ਨਿਹਾਰ ਰਹੀਆਂ ਸਨ, ਜਿਵੇਂ ਇਹ ਸ਼ਹਿਰ ਕੋਈ ਆਮ ਸ਼ਹਿਰ ਨਾ ਹੋ ਕੇ ਖਾਸ ਸ਼ਹਿਰ ਹੋਵੇ ।

ਭੀੜੇ ਬਾਜ਼ਾਰਾਂ ਵਿਚੋਂ ਲੰਘਦਿਆਂ ਉਹ ਇੱਕ ਦੂਜੇ ਨਾਲ ਪੁਰਾਣੇ ਦਿਨਾਂ ਨੂੰ ਯਾਦ ਕਰ ਰਹੇ ਸਨ,ਦੇਖ ਫਤ੍ਹੇ ਦੀਨਾ, ਮਿਸ਼ਰੀ ਬਾਜ਼ਾਰ ਵਿੱਚ ਹੁਣ ਮਿਸ਼ਰੀ ਦੀਆਂ ਦੁਕਾਨਾਂ ਕਿੰਨੀਆਂ ਥੋੜ੍ਹੀਆਂ ਰਹਿ ਗਈਆਂ ਨੇ ਉਸ ਨੁੱਕਰ ਵਿੱਚ ਸੁੱਖੀ ਭਠਿਆਰਨ ਦੀ ਭੱਠੀ ਹੁੰਦੀ ਸੀ ਜਿੱਥੇ ਉਹ ਪਾਨਾਂ ਵਾਲਾ ਬੈਠਾ ਏ.ਇਧਰ ਲੂਣ ਮੰਡੀ ਦੇਖ ਲਓ, ਖਾਨ ਸਾਹਿਬ ! ਉਥੋਂ ਦੀ ਇੱਕ – ਇੱਕ ਲਾਲੀ ਏਨੀ ਨਮਕੀਨ ਹੁੰਦੀ ਸੀ ਕਿ।

ਬੜੇ ਦਿਨਾਂ ਬਾਅਦ ਬਾਜ਼ਾਰਾਂ ਵਿੱਚ ਤੁਰਲੇਦਾਰ ਪੱਗਾਂ ਅਤੇ ਲਾਲ ਤੁਰਕੀ ਟੋਪੀਆਂ ਨਜ਼ਰ ਆ ਰਹੀਆਂ ਸਨ । ਲਾਹੌਰ ਤੋਂ ਆਏ ਮੁਸਲਮਾਨਾਂ ਵਿਚੋਂ ਵੱਡੀ ਗਿਣਤੀ ਉਨ੍ਹਾਂ ਲੋਕਾਂ ਦੀ ਸੀ, ਜਿਨ੍ਹਾਂ ਨੂੰ ਵੰਡ ਕਾਰਨ ਮਜਬੂਰ ਹੋ ਕੇ ਅੰਮ੍ਰਿਤਸਰ ਛੱਡਣਾ ਪਿਆ । ਸਾਢੇ ਸੱਤ ਵਰ੍ਹਿਆਂ ਵਿੱਚ ਆਈਆਂ ਤਬਦੀਲੀਆਂ ਦੇਖ ਕੇ ਕਿਤੇ ਕਿਤੇ ਤਾਂ ਉਨ੍ਹਾਂ ਦੀਆਂ ਅੱਖਾਂ ਵਿੱਚ ਹੈਰਾਨੀ ਝਲਕਦੀ, ਤੇ ਕਿਤੇ ਉਨ੍ਹਾਂ ਨੂੰ ਵਿਗੋਚਾ ਵੀ ਹੁੰਦਾ,ਵਾਹ ਕਟੜਾ ਜੈਮਲ ਸਿੰਘ ਏਨਾ ਚੌੜਾ ਕਿਵੇਂ ਹੋ ਗਿਆ ? ਇਸ ਪਾਸੇ ਸਾਰੇ ਘਰ ਸੜ ਗਏ ? ਏਥੇ ਹਕੀਮ ਆਸਿਫ਼ ਅਲੀ ਦੀ ਦੁਕਾਨ ਹੁੰਦੀ ਸੀ ਨਾ । ਉਹ ਹੁਣ ਕਿਸੇ ਮੋਚੀ ਦੇ ਕਬਜ਼ੇ ਵਿੱਚ ਸੀ ।

ਤੇ ਕਿਤੇ – ਕਿਤੇ ਅਜਿਹੇ ਬੋਲ ਵੀ ਸੁਣਾਈ ਦਿੰਦੇ, ਵਲੀ, ਇਹ ਮਸਜਿਦ ਜਿਓਂ ਦੀ ਤਿਓਂ ਖੜ੍ਹੀ ਹੈ । ਇਨ੍ਹਾਂ ਇੱਥੇ ਗੁਰਦੁਆਰਾ ਨਹੀਂ ਬਣਾਇਆ ?

ਜਿਹੜੇ ਰਸਤਿਓਂ ਪਾਕਿਸਤਾਨੀਆਂ ਦੀਆਂ ਟੋਲੀਆਂ ਲੰਘਦੀਆਂ, ਸ਼ਹਿਰ ਦੇ ਲੋਕ ਬੜੀ ਹੈਰਾਨੀ ਨਾਲ ਉਨ੍ਹਾਂ ਨੂੰ ਦੇਖਦੇ। ਕੁਝ ਲੋਕ ਅਜੇ ਵੀ ਮੁਸਲਮਾਨਾਂ ਨੂੰ ਆਉਂਦਿਆਂ ਦੇਖ ਕੇ ਸ਼ੱਕ ਜਿਹੇ ਨਾਲ ਪਾਸੇ ਹੋ ਜਾਂਦੇ ; ਕੁਝ ਅੱਗੇ ਹੋ ਕੇ ਉਨ੍ਹਾਂ ਨੂੰ ਜੱਫੀਆਂ ਪਾ ਕੇ ਖੈਰ ਸੁੱਖ ਪੁੱਛਦੇ । ਆਮ ਤੌਰ 'ਤੇ ਮਿਲਣ ਵਾਲਿਆਂ ਨੂੰ ਉਹ ਅਜਿਹੇ ਸੁਆਲ ਪੁੱਛਦੇ ਕਿ ਅੱਜ ਕੱਲ੍ਹ ਲਾਹੌਰ ਦਾ ਕਿ ਹਾਲ ਏ ? ਅਨਾਰਕਲੀ ਵਿੱਚ ਹੁਣ ਵੀ ਪਹਿਲਾਂ ਵਾਲੀ ਰੌਣਕ ਹੁੰਦੀ ਏ ? ਸੁਣਿਐ ਸ਼ਾਹਆਲਮੀ ਗੇਟ ਵਾਲਾ ਬਾਜ਼ਾਰ ਬਿਲਕੁਲ ਨਵਾਂ ਬਣ ਗਿਆ ਏ ? ਕ੍ਰਿਸ਼ਨ ਨਗਰ ਤਾਂ ਕੋਈ ਖਾਸ ਨਹੀਂ ਬਦਲਿਆ, ਉਥੋਂ ਦਾ ਰਿਸ਼ਵਤਪੁਰਾ ਕੀ ਰਿਸ਼ਵਤ ਦੇ ਪੈਸੇ ਨਾਲ ਬਣਿਆ ਏ ? ਕਹਿੰਦੇ ਨੇ ਪਾਕਿਸਤਾਨ 'ਚ ਹੁਣ ਬੁਰਕਾ ਬਿਲਕੁਲ ਉਡ ਗਿਆ ਏ ? ਇਹ ਸਹੀ ਹੈ ਭਲਾ ? ਇਨ੍ਹਾਂ ਸੁਆਲਾਂ ਵਿਚੋਂ ਏਨਾ ਆਪਣਾਪਣ ਝਲਕਦਾ ਸੀ ਕਿ ਜਾਪਦਾ ਸੀ ਲਾਹੌਰ ਕੋਈ ਸ਼ਹਿਰ ਨਾ ਹੋ ਕੇ ਹਜ਼ਾਰਾਂ ਲੋਕਾਂ ਦਾ ਸਕਾ – ਸੰਬੰਧੀ ਹੋਵੇ ਜਿਸ ਬਾਰੇ ਜਾਨਣ ਲਈ ਸਾਰੇ ਉਤਸਕ ਨਜ਼ਰ ਆ ਆ ਰਹੇ ਸਨ । ਲਾਹੌਰ ਤੋਂ ਆਏ ਲੋਕ ਉਸ ਦਿਨ ਸ਼ਹਿਰ ਦੇ ਮਹਿਮਾਨ ਸਨ ਜਿਨ੍ਹਾਂ ਨੂੰ ਮਿਲ ਕੇ ਅਤੇ ਗੱਲਾਂ ਕਰ ਕੇ ਲੋਕਾਂ ਨੂੰ ਆਪਮੁਹਾਰੀ ਖੁਸ਼ੀ ਹੋ ਰਹੀ ਸੀ ।

ਅੰਮ੍ਰਿਤਸਰ ਦਾ ਬਾਂਸਾ ਵਾਲਾ ਬਾਜ਼ਾਰ ਅਣਗੌਲਿਆ ਜਿਹਾ ਬਾਜ਼ਾਰ ਹੈ ਜਿੱਥੇ ਵੰਡ ਤੋਂ ਪਹਿਲਾਂ ਜ਼ਿਆਦਾਤਰ ਗਰੀਬ ਮੁਸਲਮਾਨ ਵਸਦੇ ਸਨ । ਉਥੇ ਬਾਂਸਾ ਅਤੇ ਸ਼ਤੀਰੀਆਂ ਦੀਆਂ ਦੁਕਾਨਾਂ ਹੁੰਦੀਆਂ ਸਨ । ਇਹ ਸਾਰੀਆਂ ਇੱਕ ਇੱਕ ਕਰ ਕੇ ਸੜ ਗਈਆਂ ਸਨ । ਬਾਜ਼ਾਰ ਬਾਂਸਾ ਦੀ ਅੱਗ ਅੰਮ੍ਰਿਤਸਰ ਦੀ ਸਭ ਤੋਂ ਭਿਆਨਕ ਅੱਗ ਸੀ ਜਿਸ ਨਾਲ ਇੱਕ ਵਾਰ ਤਾਂ ਸਾਰਾ ਸ਼ਹਿਰ ਸੜਨ ਦਾ ਖਤਰਾ ਹੋ ਗਿਆ ਸੀ । ਬਾਜ਼ਾਰ ਬਾਂਸਾ ਦੇ ਆਲੇ – ਦੁਆਲੇ ਦੇ ਕਈ ਮੁਹੱਲੇ ਉਸ ਅੱਗ ਦੀ ਲਪੇਟ ਵਿੱਚ ਆ ਗਏ ਸਨ । ਖੈਰ ! ਕਿਸੇ ਤਰ੍ਹਾਂ ਅੱਗ ਕਾਬੂ ਵਿੱਚ ਤਾਂ ਆ ਗਈ ਪਰ ਉਸ ਵਿੱਚ ਮੁਸਲਮਾਨਾਂ ਦੇ ਇੱਕ – ਇੱਕ ਘਰ ਨਾਲ ਹਿੰਦੂਆਂ ਦੇ ਵੀ ਚਾਰ –ਚਾਰ – ਛੇ – ਛੇ ਘਰ ਸੜ ਕੇ ਸੁਆਹ ਹੋ ਗਏ । ਹੁਣ ਸਾਢੇ ਸੱਤ ਵਰ੍ਹਿਆਂ ਵਿੱਚ ਉਨ੍ਹਾਂ ਵਿਚੋਂ ਕਈ ਥਾਵਾਂ 'ਤੇ ਨਵੀਆਂ ਇਮਾਰਤਾਂ ਬਣ ਗਈਆਂ ਸਨ ਪਰ ਥਾਂ – ਥਾਂ ਮਲਬੇ ਦੇ ਢੇਰ ਅਜੇ ਵੀ ਨਜ਼ਰ ਆ ਰਹੇ ਸਨ । ਨਵੀਆਂ ਇਮਾਰਤਾਂ ਵਿੱਚ ਕਿਤੇ ਕਿਤੇ ਲੱਗੇ ਮਲਬੇ ਦੇ ਢੇਰ ਬੜੇ ਅਜੀਬ ਜਿਹੇ ਦ੍ਰਿਸ਼ ਪੇਸ਼ ਕਰ ਰਹੇ ਸਨ ।

ਬਾਜ਼ਾਰ ਬਾਂਸਾ ਵਿੱਚ ਉਸ ਦਿਨ ਵੀ ਬੜੀ ਚਹਿਲ – ਪਹਿਲ ਸੀ । ਉਸ ਬਾਜ਼ਾਰ ਦੇ ਜ਼ਿਆਦਾਤਰ ਬਾਸ਼ਿੰਦੇ ਤਾਂ ਆਪਣੇ ਘਰਾਂ ਨਾਲ ਹੀ ਸ਼ਹੀਦ ਹੋ ਗਏ ਸਨ, ਉਨ੍ਹਾਂ ਵਿੱਚ ਸ਼ਾਇਦ ਹੀ ਪਰਤਣ ਦੀ ਹਿੰਮਤ ਰਹਿ ਗਈ ਸੀ । ਸਿਰਫ ਇੱਕ ਦੁਬਲਾ ਪਤਲਾ ਬੁੱਢਾ ਮੁਸਲਮਾਨ ਹੀ ਉਸ ਉਜੜੇ ਬਾਜ਼ਾਰ ਵਿੱਚ ਆਇਆ ਅਤੇ ਉਥੋਂ ਦੀਆਂ ਨਵੀਆਂ ਅਤੇ ਸੜੀਆਂ ਇਮਾਰਤਾਂ ਨੂੰ ਦੇਖ ਕੇ ਜਿਵੇਂ ਕਿਸੇ ਭੁੱਲ – ਭੁੱਲਈਆਂ ਵਿੱਚ ਫਸ ਗਿਆ ਹੋਵੇ । ਖੱਬੇ ਪਾਸੇ ਮੁੜਦੀ ਗਲੀ ਕੋਲ ਪਹੁੰਚ ਕੇ ਉਹਦੇ ਪੈਰ ਅੰਦਰ ਵੱਲ ਮੁੜਨ ਲੱਗੇ ਪਰ ਫਿਰ ਉਹ ਘਬਰਾ ਕੇ ਬਾਹਰ ਹੀ ਖੜ੍ਹਾ ਰਿਹਾ ਜਿਵੇਂ ਉਹਨੂੰ ਯਕੀਨ ਨਾ ਆਇਆ ਹੋਵੇ ਕਿ ਇਹ ਉਹੋ ਗਲੀ ਹੈ ਜਾਂ ਕੋਈ ਹੋਰ ਜਿਸ ਵਿੱਚ ਉਹ ਜਾਣਾ ਚਾਹੁੰਦਾ ਹੈ । ਗਲੀ ਵਿੱਚ ਇਕ ਪਾਸੇ ਕੁਝ ਬੱਚੇ ਕੀੜੀ – ਕਾਢਾ ਖੇਡ ਰਹੇ ਸਨ, ਤੇ ਪਰ੍ਹਾਂ ਖੜ੍ਹੀਆਂ ਦੋ ਔਰਤਾਂ ਉਚੀ – ਉਚੀ ਆਵਾਜ਼ ਵਿੱਚ ਲੜਦੀਆਂ ਇੱਕ – ਦੂਜੀ ਨੂੰ ਗਾਲ੍ਹਾਂ ਕੱਢ ਰਹੀਆਂ ਸਨ ।

ਸਭ ਕੁਝ ਬਦਲ ਗਿਆ ਪਰ ਬੋਲੀਆਂ ਨਹੀਂ ਬਦਲੀਆਂ । ਬੁੱਢੇ ਮੁਸਲਮਾਨ ਨੇ ਹੌਲੀ ਜਿਹੀ ਆਪਣੇ ਆਪ ਨੂੰ ਕਿਹਾ ਅਤੇ ਸੋਟੀ ਦੇ ਸਹਾਰੇ ਖੜ੍ਹਾ ਰਿਹਾ । ਉਹਦੇ ਗੋਡੇ ਪਜਾਮੇ ਵਿਚੋਂ ਬਾਹਰ ਨਿਕਲੇ ਹੋਏ ਸਨ, ਤੇ ਗੋਡਿਆਂ ਤੋਂ ਥੋੜ੍ਹੀ ਉਪਰ ਪਾਈ ਸ਼ੇਰਵਾਨੀ 'ਤੇ ਦੋ – ਤਿੰਨ ਟਾਕੀਆਂ ਲੱਗੀਆਂ ਨਜ਼ਰ ਆ ਰਹੀਆਂ ਸਨ । ਗਲੀ ਵਿਚੋਂ ਇੱਕ ਬੱਚਾ ਰੋਂਦਾ ਹੋਇਆ ਬਾਹਰ ਆਇਆ । ਉਹਨੇ ਉਸ ਨੂੰ ਪੁਚਕਾਰਦੇ ਹੋਏ ਕਿਹਾ,ਏਧਰ ਆ ਬੇਟਾ, ਆ ਜਾ ਤੇਨੂੰ ਚੀਜ਼ੀ ਦਿਆਂਗਾ । ਉਹ ਆਪਣੀ ਜੇਬ ਵਿੱਚ ਹੱਥ ਮਾਰ ਕੇ ਕੋਈ ਚੀਜ਼ ਲੱਭਣ ਲੱਗਾ । ਬੱਚਾ ਇੱਕ ਪਲ ਲਈ ਚੁੱਪ ਹੋ ਗਿਆ ਪਰ ਫਿਰ ਬੁਲ੍ਹ ਮਰੋੜ ਕੇ ਰੋਣ ਲੱਗਾ । ਏਨੇ ਨੂੰ ਸੋਲਾਂ ਸਤਾਰਾਂ ਵਰ੍ਹਿਆਂ ਦੀ ਕੁੜੀ ਗਲੀ ਵਿਚੋਂ ਦੌੜਦੀ ਹੋਈ ਆਈ, ਤੇ ਬੱਚੇ ਨੂੰ ਬਾਂਹ ਤੋਂ ਫੜ ਘੜੀਸਦੀ ਹੋਈ ਗਲੀ ਅੰਦਰ ਲੈ ਗਈ । ਬੱਚਾ ਰੋਂਦਾ ਹੋਇਆ ਆਪਣੀ ਬਾਂਹ ਛੁਡਾਉਣ ਦੀ ਜ਼ਿੱਦ ਕਰ ਰਿਹਾ ਸੀ । ਕੁੜੀ ਨੇ ਉਹਨੂੰ ਗੋਦੀ ਚੁੱਕ ਕੇ ਆਪਣੇ ਨਾਲ ਲਾ ਲਿਆ, ਤੇ ਉਹਦਾ ਮੂੰਹ ਚੁੰਮਦੀ ਹੋਈ ਕਹਿਣ ਲੱਗੀ,ਚੁੱਪ ਕਰ ਜਾ ਮੇਰਾ ਵੀਰ । ਰੋਏਂਗਾ ਤਾਂ ਤੈਨੂੰ ਉਹ ਮੁਸਲਮਾਨ ਫੜ ਕੇ ਲੈ ਜਾਏਗਾ । ਚੁੱਪ ਕਰ ਜਾ, ਮੈਂ ਵਾਰੀ ਜਾਵਾਂ ਵੀਰਾ !

ਬੁੱਢੇ ਮੁਸਲਮਾਨ ਨੇ ਬੱਚੇ ਨੂੰ ਦੇਣ ਲਈ ਜਿਹੜਾ ਪੈਸਾ ਕੱਢਿਆ ਸੀ, ਉਹ ਵਾਪਿਸ ਜੇਬ ਵਿੱਚ ਪਾ ਲਿਆ । ਸਿਰ ਤੋਂ ਟੋਪੀ ਲਾਹ ਕੇ ਸਿਰ ਖੁਰਕਿਆ ਤੇ ਟੋਪੀ ਕੱਛੇ ਮਾਰ ਲਈ । ਉਹਦਾ ਗਲਾ ਸੁੱਕ ਗਿਆ ਅਤੇ ਗੋਡੇ ਕੰਬਣ ਲੱਗ ਪਏ । ਉਹਨੇ ਗਲੀ ਦੇ ਬਾਹਰ ਦੀ ਬੰਦ ਦੁਕਾਨ ਦੇ ਬੂਹੇ ਦਾ ਸਹਾਰਾ ਲੈ ਲਿਆ ਤੇ ਸਿਰ 'ਤੇ ਟੋਪੀ ਪਾ ਲਈ । ਗਲੀ ਦੇ ਸਾਹਮਣੇ ਜਿੱਥੇ ਵੱਡੀਆਂ ਵੱਡੀਆਂ ਸ਼ਤੀਰੀਆਂ ਪਈਆਂ ਹੁੰਦੀਆਂ ਸਨ, ਉਥੇ ਹੁਣ ਤਿਮੰਜ਼ਿਲਾ ਮਕਾਨ ਉਸਰ ਗਿਆ ਸੀ । ਸਾਹਮਣੇ ਬਿਜਲੀ ਦੀ ਤਾਰ 'ਤੇ ਦੋ ਮੋਟੀਆਂ ਮੋਟੀਆਂ ਇੱਲਾਂ ਚੁੱਪਚਾਪ ਬੈਠੀਆਂ ਹੋਈਆਂ ਸਨ । ਬਿਜਲੀ ਦੇ ਖੰਭੇ ਕੋਲ ਥੋੜ੍ਹੀ ਜਿਹੀ ਧੁੱਪ ਸੀ । ਉਹ ਕੁਝ ਪਲ ਧੁੱਪ ਵਿੱਚ ਉਡਦੇ ਮਹੀਨ ਜ਼ੱਰਿਆਂ ਨੂੰ ਦੇਖਦਾ ਰਿਹਾ । ਫਿਰ ਉਹਦੇ ਮੂੰਹੋਂ ਨਿਕਲਿਆ, ਹੇ ਰੱਬਾ !

ਇੱਕ ਨੌਜਵਾਨ ਚਾਬੀਆਂ ਦਾ ਗੁੱਛਾ ਘੁਮਾਉਂਦਾ ਹੋਇਆ ਗਲੀ ਵੱਲ ਆਇਆ ਤੇ ਬੁੱਢੇ ਨੂੰ ਉਥੇ ਖੜ੍ਹੇ ਦੇਖ ਕੇ ਪੁੱਛਿਆ,ਕੀ ਗੱਲ ਮੀਆਂ ਜੀ ਇੱਥੇ ਕਿਵੇਂ ਖੜ੍ਹੇ ਓ ?

ਬੁੱਢੇ ਮੁਸਲਮਾਨ ਦੀ ਛਾਤੀ ਤੇ ਬਾਹਾਂ ਵਿੱਚ ਹਲਕੀ ਜਿਹੀ ਕੰਬਣੀ ਹੋਈ ਤੇ ਉਹਨੇ ਬੁੱਲ੍ਹਾਂ 'ਤੇ ਜੀਭ ਫੇਰਦੇ ਹੋਏ ਨੌਜਵਾਨ ਨੂੰ ਧਿਆਨ ਨਾਲ ਦੇਖਦਿਆਂ ਪੁੱਛਿਆ,ਬੇਟੇ ਤੂੰ ਮਨੋਹਰੀ ਏਂ ?

ਨੌਜਵਾਨ ਚਾਬੀਆਂ ਦਾ ਗੁੱਛਾ ਹਿਲਾਉਣਾ ਬੰਦ ਕਰ ਕੇ ਉਨ੍ਹਾਂ ਨੂੰ ਮੁੱਠ ਵਿੱਚ ਘੁੱਟ ਲਿਆ, ਤੇ ਫਿਰ ਹੈਰਾਨ ਹੁੰਦਿਆ ਪੁੱਛਿਆ, ਤੁਸੀਂ ਮੇਰਾ ਨਾਂ ਕਿਵੇਂ ਜਾਣਦੇ ਹੋ ?

ਸਾਢੇ ਸੱਤ ਵਰ੍ਹੇ ਪਹਿਲਾਂ ਬੇਟੇ ਤੂੰ ਏਨਾ ਨਿੱਕਾ ਜਿਹਾ ਸੀ । ਕਹਿ ਕੇ ਬੁੱਢੇ ਨੇ ਮੁਸਕਰਾਉਣ ਦੀ ਕੋਸ਼ਿਸ਼ ਕੀਤੀ ।

ਤੁਸੀਂ ਅੱਜ ਪਾਕਿਸਤਾਨ ਤੋਂ ਆਏ ਹੋ ? ਮਨੋਹਰੀ ਨੇ ਪੁੱਛਿਆ ।

ਹਾਂ, ਪਰ ਪਹਿਲਾਂ ਅਸੀਂ ਇਸੇ ਗਲੀ ਵਿੱਚ ਰਹਿੰਦੇ ਸਾਂ । ਬੁੱਢੇ ਨੇ ਕਿਹਾ, ਮੇਰਾ ਬੇਟਾ ਚਿਰਾਗਦੀਨ ਤੁਹਾਡਾ ਦਰਜੀ ਹੁੰਦਾ ਸੀ । ਵੰਡ ਤੋਂ ਛੇ ਮਹੀਨੇ ਪਹਿਲਾਂ ਅਸੀਂ ਇਥੇ ਆਪਣਾ ਨਵਾਂ ਘਰ ਬਣਾਇਆ ਸੀ ।

ਉਹ ਗਨੀ ਮੀਆਂ ! ਮਨੋਹਰੀ ਨੇ ਪਛਾਣਦਿਆਂ ਕਿਹਾ ।

ਹਾਂ ਬੇਟੇ, ਮੈਂ ਤੁਹਾਡਾ ਗਨੀ ਮੀਆਂ ਹਾਂ । ਚਿਰਾਗ ਅਤੇ ਉਹਦੇ ਬੀਵੀ ਬੱਚੇ ਤਾਂ ਹੁਣ ਮਿਲ ਨਹੀਂ ਸਕਦੇ ਪਰ ਮੈਂ ਸੋਚਿਆ ਕਿ ਇੱਕ ਵਾਰ ਆਪਣਾ ਘਰ ਹੀ ਦੇਖ ਲਵਾਂ . । ਉਹਨੇ ਸਿਰ ਤੋਂ ਟੋਪੀ ਲਾਹ ਕੇ ਸਿਰ ਤੇ ਹੱਥ ਫੇਰਦਿਆਂ ਅੱਖਾਂ ਵਿੱਚ ਡਲ੍ਹਕ ਆਏ ਹੰਝੂਆਂ ਨੂੰ ਰੋਕ ਲਿਆ ।

ਤੁਸੀਂ ਤਾਂ ਸ਼ਾਇਦ ਬਹੁਤ ਪਹਿਲਾਂ ਹੀ ਇਥੋਂ ਚਲੇ ਗਏ ਸਓ । ਮਨੋਹਰੀ ਨੇ ਆਪਣੇ ਬੋਲਾਂ ਵਿੱਚ ਸੰਵੇਦਨਾ ਭਰਦਿਆਂ ਕਿਹਾ ।

ਹਾਂ, ਬੇਟੇ, ਮੇਰੀ ਬਦਕਿਸਮਤੀ ਸੀ ਕਿ ਇੱਕਲਾ ਹੀ ਪਹਿਲਾਂ ਨਿਕਲ ਗਿਆ । ਇੱਥੇ ਰਹਿੰਦਾ ਤਾਂ ਉਨ੍ਹਾਂ ਦੇ ਨਾਲ ਮੈਂ ਵੀ । ਬੋਲਦੇ – ਬੋਲਦੇ ਉਹਨੂੰ ਅਹਿਸਾਸ ਹੋਇਆ ਕਿ ਉਹਨੂੰ ਅਜਿਹੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ । ਉਹਨੇ ਅਗਲੀ ਗੱਲ ਮੂੰਹ ਵਿੱਚ ਹੀ ਰੋਕ ਲਈ ਪਰ ਅੱਖਾਂ ਵਿੱਚ ਡਲ੍ਹਕ ਆਏ ਅੱਥਰੂਆਂ ਨੂੰ ਵਗਣ ਦਿੱਤਾ ।

ਛੱਡੋ ਗਨੀ ਮੀਆਂ, ਹੁਣ ਪੁਰਾਣੀਆਂ ਗੱਲਾਂ ਨੂੰ ਫਰੋਲਣ ਦਾ ਕਿ ਫਾਇਦਾ, ਮਨੋਹਰੀ ਨੇ ਗਨੀ ਦੀ ਬਾਂਹ ਫੜਦਿਆਂ ਕਿਹਾ, ਆਓ ਤੁਹਾਨੂੰ ਤੁਹਾਡਾ ਘਰ ਦਿਖਾ ਦਿਆਂ ।

ਗਲੀ ਵਿੱਚ ਇਹ ਗੱਲ ਇੰਜ ਫੈਲੀ ਕਿ ਬਾਹਰ ਇੱਕ ਮੁਸਲਮਾਨ ਖੜ੍ਹਾ ਹੈ ਜੋ ਰਾਮਦਾਸੀ ਦੇ ਮੁੰਡੇ ਨੂੰ ਚੁੱਕ ਕੇ ਲੈ ਚਲਿਆ ਸੀ ਉਹਦੀ ਭੈਣ ਉਹਨੂੰ ਘਸੀਟ ਲਿਆਈ । ਨਹੀਂ ਤਾਂ ਮੁਸਲਮਾਨ ਉਹਨੂੰ ਚੁੱਕ ਕੇ ਲੈ ਗਿਆ ਹੁੰਦਾ । ਇਹ ਖਬਰ ਸੁਣਦਿਆਂ ਹੀ ਜਿਹੜੀਆਂ ਜਨਾਨੀਆਂ ਗਲੀ ਵਿੱਚ ਪੀੜ੍ਹੀਆਂ ਡਾਹ ਕੇ ਬੈਠੀਆਂ ਸਨ, ਆਪਣੀਆਂ – ਆਪਣੀਆਂ ਪੀੜ੍ਹੀਆਂ ਪੀੜ੍ਹੀਆਂ ਚੁੱਕ ਕੇ ਘਰਾਂ ਅੰਦਰ ਵੜ੍ਹ ਗਈਆਂ । ਗਲੀ ਵਿੱਚ ਖੇਡਦੇ ਬੱਚਿਆਂ ਨੂੰ ਵੀ ਉਨ੍ਹਾਂ ਨੇ ਆਵਾਜ਼ਾਂ ਮਾਰ – ਮਾਰ ਕੇ ਘਰਾਂ ਅੰਦਰ ਵਾੜ ਲਿਆ । ਮਨੋਹਰੀ ਜਦੋਂ ਗਨੀ ਨੂੰ ਲੈ ਕੇ ਗਲੀ ਵਿੱਚ ਆਇਆ ਤਾਂ ਗਲੀ ਵਿੱਚ ਸਿਰਫ ਇੱਕ ਰੇਹੜੀ ਵਾਲਾ ਹੀ ਨਜ਼ਰ ਆ ਰਿਹਾ ਸੀ ਜਾਂ ਪਿੱਪਲ ਵਾਲੇ ਖੂਹ ਕੋਲ ਰੱਖਾ ਭਲਵਾਨ ਪਸਰ ਕੇ ਸੁੱਤਾ ਨਜ਼ਰ ਆ ਰਿਹਾ ਸੀ । ਘਰਾਂ ਦੀਆਂ ਬਾਰੀਆਂ ਅਤੇ ਬੂਹਿਆਂ ਪਿੱਛੋਂ ਕਈ ਚਿਹਰੇ ਬਾਹਰ ਵੱਲ ਝਾਕ ਰਹੇ ਸਨ । ਗਨੀ ਨੂੰ ਗਲੀ ਵਿੱਚ ਆਉਂਦਿਆਂ ਦੇਖ ਕੇ ਉਨ੍ਹਾਂ ਵਿੱਚ ਵਿਚਾਰਗੋਈਆਂ ਸ਼ੁਰੂ ਹੋ ਗਈਆਂ । ਸਾਰੀ ਦਾੜ੍ਹੀ ਚਿੱਟੀ ਹੋ ਜਾਣ ਦੇ ਬਾਵਜ਼ੂਦ ਲੋਕਾਂ ਨੇ ਚਿਰਾਗਦੀਨ ਦੇ ਪਿਓ ਅਬਦੁਲ ਗਨੀ ਨੂੰ ਪਛਾਣ ਲਿਆ ਸੀ ।

ਇੱਥੇ ਤੁਹਾਡਾ ਘਰ ਹੁੰਦਾ ਸੀ । ਮਨੋਹਰੀ ਨੇ ਦੂਰੋਂ ਹੀ ਮਲਬੇ ਦੇ ਇੱਕ ਢੇਰ ਵੱਲ ਇਸ਼ਾਰਾ ਕਰਦਿਆਂ ਕਿਹਾ । ਗਨੀ ਇੱਕ ਪਲ ਪਲ ਲਈ ਤਾਂ ਠਿਠਕ ਕੇ ਪਾਟੀਆਂ ਨਜ਼ਰਾਂ ਨਾਲ ਉਧਰ ਦੇਖਦਾ ਰਿਹਾ । ਚਿਰਾਗ ਅਤੇ ਉਹਦੇ ਬੀਵੀ ਬੱਚਿਆਂ ਦੀ ਮੌਤ ਨੂੰ ਉਹ ਕਾਫੀ ਅਰਸਾ ਪਹਿਲਾਂ ਸਵੀਕਾਰ ਚੁੱਕਾ ਸੀ ਪਰ ਆਪਣੇ ਘਰ ਨੂੰ ਇਸ ਰੂਪ ਵਿੱਚ ਦੇਖ ਕੇ ਉਹਨੂੰ ਝੁਣਝੁਣੀ ਜਿਹੀ ਆਈ । ਇਹਦੇ ਲਈ ਤਾਂ ਉਹ ਤਿਆਰ ਨਹੀਂ ਸੀ ! ਉਹਦਾ ਗਲਾ ਪਹਿਲਾਂ ਨਾਲੋਂ ਵੀ ਜ਼ਿਆਦਾ ਸੁੱਕ ਗਿਆ ਅਤੇ ਗੋਡੇ ਵੀ ਜ਼ਿਆਦਾ ਕੰਬਣ ਲੱਗੇ ।

ਇਹ ਮਲਬਾ ? ਉਹਨੇ ਬੇਵਿਸ਼ਵਾਸ਼ੀ ਨਾਲ ਪੁੱਛਿਆ ।

ਮਨੋਹਰੀ ਨੇ ਉਹਦੇ ਚਿਹਰੇ ਦਾ ਬਦਲਿਆ ਹੋਇਆ ਰੰਗ ਦੇਖਿਆ । ਉਹਨੇ ਉਹਦੇ ਬਾਂਹ ਨੂੰ ਸਹਾਰਾ ਦਿੰਦੇ ਹੋਏ ਸਹਿਜ ਭਾਵ ਵਿੱਚ ਉੱਤਰ ਦਿੱਤਾ, ਤੁਹਾਡਾ ਘਰ ਉਨ੍ਹਾਂ ਦਿਨਾਂ ਵਿੱਚ ਹੀ ਸੜ ਗਿਆ ਸੀ ।

ਗਨੀ ਸੋਟੀ ਦੇ ਸਹਾਰੇ ਕਿਸੇ ਤਰ੍ਹਾਂ ਮਲਬੇ ਤੱਕ ਪਹੁੰਚਿਆ । ਮਲਬੇ ਵਿੱਚ ਹੁਣ ਮਿੱਟੀ ਹੀ ਮਿੱਟੀ ਸੀ ਜਿਸ ਵਿੱਚ ਏਧਰ – ਉਧਰ ਸੜੀਆਂ ਹੋਈਆਂ ਇੱਟਾਂ ਫਸੀਆਂ ਹੋਈਆਂ ਸਨ । ਲੋਹੇ ਅਤੇ ਲੱਕੜ ਦਾ ਸਮਾਨ ਪਤਾ ਨਹੀਂ ਕਦੋਂ ਕੌਣ ਕੱਢ ਲੈ ਗਿਆ ਸੀ । ਸੜੇ ਹੋਏ ਬੂਹੇ ਦੀ ਚੁਗਾਠ ਪਤਾ ਨਹੀਂ ਕਿਵੇਂ ਬਚੀ ਰਹਿ ਗਈ ਸੀ । ਪਿੱਛੇ ਵੱਲ ਸੜੀਆਂ ਹੋਈਆਂ ਦੋ ਅਲਮਾਰੀਆਂ ਵੀ ਨਜ਼ਰ ਆ ਰਹੀਆਂ ਸਨ । ਜਿਨ੍ਹਾਂ ਦੀ ਕਾਲਖ 'ਤੇ ਹਲਕੀ – ਹਲਕੀ ਚਿਟਿਆਈ ਉਭਰ ਆਈ ਸੀ । ਮਲਬੇ ਦੇ ਨੇੜਿਓਂ ਦੇਖ ਕੇ ਗਨੀ ਨੇ ਕਿਹਾ, ਇਹ ਰਹਿ ਗਿਆ ਹੈ ਸਿਰਫ ਇਹ ? ਉਹਦੇ ਗੋਡੇ ਜੁਆਬ ਦੇ ਗਏ ਸਨ ਤੇ ਉਹ ਸੜੀ ਹੋਈ ਚੁਗਾਠ ਨੂੰ ਫੜ ਕੇ ਉਥੇ ਹੀ ਬਹਿ ਗਿਆ । ਇੱਕ ਪਲ ਲਈ ਉਹਦਾ ਸਿਰ ਚੁਗਾਠ ਨਾਲ ਜਾ ਲੱਗਿਆ, ਤੇ ਉਹਦੇ ਮੂੰਹੋਂ ਹੌਲੀ – ਹੌਲੀ ਵਿਲਕਣ ਦੀਆਂ ਆਵਾਜ਼ਾਂ ਆਉਣ ਲੱਗੀਆਂ, ਹਾਏ ਓਏ ! ਚਿਰਾਗਦੀਨਾਂ !

ਸੜੇ ਹੋਏ ਬੂਹੇ ਦੀ ਚੁਗਾਠ ਸਾਢੇ ਸੱਤ ਵਰ੍ਹੇ ਮਲਬੇ ਵਿਚੋਂ ਸਿਰ ਕਢੀ ਖੜ੍ਹੀ ਤਾਂ ਰਹੀ ਪਰ ਉਹਦੀ ਲੱਕੜ ਪੂਰੀ ਤਰ੍ਹਾਂ ਭੁਰਦੀ ਜਾ ਰਹੀ ਸੀ । ਗਨੀ ਦੇ ਸਿਰ ਦੀ ਛੋਹ ਨਾਲ ਉਹਦੇ ਕਈ ਰੇਸ਼ੇ ਭੁਰ ਕੇ ਖਿਲਰ ਗਏ । ਕੁਝ ਰੇਸ਼ੇ ਗਨੀ ਦੀ ਟੋਪੀ ਅਤੇ ਵਾਲਾਂ 'ਤੇ ਆ ਡਿੱਗੇ । ਲੱਕੜ ਦੇ ਰੇਸ਼ਿਆਂ ਨਾਲ ਇੱਕ ਗੰਡੋਆ ਹੇਠਾਂ ਆ ਡਿੱਗਿਆ ਜੋ ਗਨੀ ਦੇ ਪੈਰਾਂ ਤੋਂ ਸੱਤ ਅੱਠ ਇੰਚ ਦੂਰ ਨਾਲੀ ਦੇ ਨਾਲ ਲੱਗੀਆਂ ਇੱਟਾਂ 'ਤੇ ਰੀਂਗਣ ਲੱਗਾ । ਕਦੇ ਥੋੜ੍ਹਾ ਥੋੜ੍ਹਾ ਸਿਰ ਚੁੱਕਦਾ ਪਰ ਇਕ ਦੋ ਵਾਰ ਸਿਰ ਪਟਕ ਕੇ ਫਿਰ ਨਿਰਾਸ਼ ਹੋ ਕੇ ਦੂਜੇ ਪਾਸੇ ਮੁੜ ਜਾਂਦਾ।

ਬਾਰੀਆਂ ਵਿਚੋਂ ਝਾਕਦੇ ਚਿਹਰਿਆਂ ਦੀ ਗਿਣਤੀ ਪਹਿਲਾਂ ਨਾਲੋਂ ਕਿਤੇ ਵਧ ਗਈ ਸੀ । ਉਨ੍ਹਾਂ ਵਿੱਚ ਵਿਚਾਰਗੋਈਆਂ ਹੋ ਰਹੀਆਂ ਸਨ ਕੀ ਅੱਜ ਜ਼ਰੂਰ ਕੁਝ ਨਾ ਕੁਝ ਹੋਏਗਾ. ਚਿਰਾਗਦੀਨ ਦਾ ਬਾਪ ਗਨੀ ਆ ਗਿਆ ਹੈ । ਇਸ ਲਈ ਸਾਢੇ ਸੱਤ ਵਰ੍ਹੇ ਪਹਿਲਾਂ ਵਾਪਰੀ ਘਟਨਾ ਅੱਜ ਫਿਰ ਖੁਲ੍ਹੇਗੀ । ਲੋਕਾਂ ਨੂੰ ਲੱਗ ਰਿਹਾ ਸੀ ਜਿਵੇਂ ਇਹ ਮਲਬਾ ਹੀ ਗਨੀ ਨੂੰ ਸਾਰੀ ਕਹਾਣੀ ਸੁਣਾ ਦਏਗਾ ਕਿ ਸ਼ਾਮ ਨੂੰ ਚਿਰਾਗ ਉਪਰ ਵਾਲੇ ਕਮਰੇ ਵਿੱਚ ਬੈਠਾ ਖਾਣਾ ਖਾ ਰਿਹਾ ਸੀ, ਜਦੋਂ ਰੱਖੇ ਭਲਵਾਨ ਨੇ ਉਸ ਨੂੰ ਹੇਠਾਂ ਸੱਦਿਆ ਕਿ ਉਹ ਇਕ ਮਿੰਟ ਆ ਕੇ ਗੱਲ ਸੁਣ ਲਵੇ. ਭਲਵਾਨ ਉਨ੍ਹਾਂ ਦਿਨਾਂ ਵਿੱਚ ਗਲੀ ਦਾ ਬਾਦਸ਼ਾਹ ਹੁੰਦਾ ਸੀ । ਹਿੰਦੂਆਂ 'ਤੇ ਉਹਦਾ ਕਾਫ਼ੀ ਦਬਦਬਾ ਸੀ । ਚਿਰਾਗ ਤਾਂ ਖੈਰ ਹੈ ਈ ਮੁਸਲਮਾਨ ਸੀ । ਚਿਰਾਗ ਹੱਥ ਵਿਚਲੀ ਗਰਾਹੀ ਵਿਚੇ ਛੱਡ ਕੇ ਹੇਠਾਂ ਆ ਗਿਆ । ਉਹਦੀ ਬੀਵੀ ਜ਼ੁਬੈਦਾ ਅਤੇ ਦੋਵੇਂ ਕੁੜੀਆਂ ਕਿਸ਼ਵਰ ਅਤੇ ਸੁਲਤਾਨਾ, ਬਾਰੀਆਂ ਵਿਚੋਂ ਹੇਠਾਂ ਦੇਖ ਰਹੀਆਂ ਸਨ । ਚਿਰਾਗ ਨੇ ਡਿਉੜੀ ਵਿਚੋਂ ਬਾਹਰ ਕਦਮ ਰੱਖਿਆ ਹੀ ਸੀ ਕਿ ਭਲਵਾਨ ਨੇ ਉਹਨੂੰ ਕਾਲਰ ਸਮੇਤ ਗਲਿਓਂ ਫੜ ਕੇ ਖਿੱਚਿਆ, ਤੇ ਗਲੀ ਵਿੱਚ ਸੁੱਟ ਕੇ ਉਹਦੀ ਛਾਤੀ 'ਤੇ ਚੜ੍ਹ ਗਿਆ । ਚਿਰਾਗ ਉਹਦੇ ਛੁਰੇ ਵਾਲੇ ਹੱਥ ਨੂੰ ਫੜੀ ਚੀਕ ਰਿਹਾ ਸੀ,ਨਾ ਰੱਖੇ ਭਲਵਾਨ, ਮੈਨੂੰ ਨਾ ਮਾਰ । ਹਾਏ ਓਏ ਮੈਨੂੰ ਬਚਾਓ ਹੈ ਕੋਈ, ਜ਼ੁਬੈਦਾ ਮੈਨੂੰ ਬਚਾ ਲੈ । ਉਪਰੋਂ ਜ਼ੁਬੈਦਾ ਚੀਕਦੀ ਹੋਈ ਹੇਠਾਂ ਡਿਉੜੀ ਵੱਲ ਭੱਜੀ । ਰੱਖੇ ਦੇ ਇੱਕ ਸ਼ਾਗਿਰਦ ਨੇ ਚਿਰਾਗ ਦੀਆਂ ਜੱਦੋ ਜਹਿਦ ਕਰਦੀਆਂ ਬਾਹਾਂ ਨੂੰ ਕੱਸ ਲਿਆ, ਤੇ ਰੱਖਾ ਉਹਦੇ ਪੱਟਾਂ ਅਤੇ ਗੋਡਿਆਂ ਨੂੰ ਦਬਾਉਂਦਿਆਂ ਹੋਇਆ ਬੋਲਿਆ, ਚੀਕਦਾ ਕਿਓਂ ਏਂ ਤੇਨੂੰ ਪਾਕਿਸਤਾਨ ਦੇ ਰਿਹਾਂ, ਲੈ ! ਤੇ ਜ਼ੁਬੈਦਾ ਦੇ ਹੇਠਾਂ ਪਹੁੰਚਣ ਤੋਂ ਪਹਿਲਾਂ ਹੀ ਉਹਨੇ ਚਿਰਾਗ ਨੂੰ ਪਾਕਿਸਤਾਨ ਦੇ ਦਿੱਤਾ ।

ਆਲੇ – ਦੁਆਲੇ ਦੀਆਂ ਬਾਰੀਆਂ ਬੰਦ ਹੋ ਗਈਆਂ । ਜਿਹੜੇ ਲੋਕ ਇਸ ਵਾਕੇ ਦੇ ਚਸ਼ਮਦੀਦ ਗਵਾਹ ਸਨ, ਉਨ੍ਹਾਂ ਨੇ ਦਰਵਾਜ਼ੇ ਬੰਦ ਕਰਕੇ ਇਸ ਘਟਨਾ ਦੀ ਜ਼ਿੰਮੇਵਾਰੀ ਤੋਂ ਆਪਣੇ ਆਪ ਨੂੰ ਮੁਕਤ ਕਰ ਲਿਆ । ਬੰਦ ਬੂਹਿਆਂ ਵਿਚੋਂ ਵੀ ਉਨ੍ਹਾਂ ਨੂੰ ਕਈ ਚਿਰ ਤੱਕ ਜ਼ੁਬੈਦਾ, ਕਿਸ਼ਵਰ ਅਤੇ ਸੁਲਤਾਨਾ ਦੀਆਂ ਚੀਕਾਂ ਸੁਣਦੀਆਂ ਰਹੀਆਂ ।

ਇਦਾਂ ਈ ਹੋਇਆ । ਰੱਖੇ ਨੂੰ ਖੁਦ ਜਾਪਿਆ ਕਿ ਜਿਵੇਂ ਉਹਦੀ ਆਵਾਜ਼ ਸੁਭਾਵਿਕ ਨਾ ਹੋਵੇ । ਉਹਦੇ ਬੁੱਲ੍ਹ ਗਾੜ੍ਹੀ ਲਾਰ ਨਾਲ ਚਿਪਕ ਗਏ ਸਨ । ਉਹਦੀਆਂ ਮੁੱਛਾਂ ਦੇ ਹੇਠੋਂ ਮੁੜ੍ਹਕਾ ਉਹਦੇ ਬੁੱਲ੍ਹਾਂ ਵੱਲ ਆ ਰਿਹਾ ਸੀ । ਉਹਦੇ ਮੱਥੇ 'ਤੇ ਕਿਸੇ ਚੀਜ਼ ਦਾ ਦਬਾਅ ਪੈ ਰਿਹਾ ਸੀ ਤੇ ਉਹਦੀ ਰੀੜ੍ਹ ਦੀ ਹੱਡੀ ਕੋਈ ਢੋਅ ਭਾਲ ਰਹੀ ਸੀ ।

ਪਾਕਿਸਤਾਨ ਦਾ ਹੁਣ ਕੀ ਹਾਲ ਏ ? ਉਹਨੇ ਉਸੇ ਸੁਰ ਵਿੱਚ ਪੁੱਛਿਆ । ਉਹਦੇ ਗਲੇ ਦੀਆਂ ਨਾੜਾਂ ਆਕੜ ਗਈਆਂ ਸਨ। ਉਹਨੇ ਪਰਨੇ ਨਾਲ ਕੱਛਾਂ ਵਿਚੋਂ ਪਸੀਨਾ ਪੂੰਝਿਆ ਤੇ ਗਲੇ ਵਿਚੋਂ ਥੁੱਕ ਖਿੱਚ ਕੇ ਗਲੀ ਵਿੱਚ ਥੁੱਕ ਦਿੱਤਾ ।

ਮੈਂ ਕੀ ਦੱਸਾਂ ਰੱਖੇ ? ਗਨੀ ਦੋਵਾਂ ਹੱਥਾਂ ਨਾਲ ਸੋਟੀ 'ਤੇ ਭਾਰ ਪਾ ਕੇ ਝੁਕਦਾ ਹੋਇਆ ਕਹਿਣ ਲੱਗਾ, ਮੇਰਾ ਹਾਲ ਪੁੱਛੇ ਤਾਂ .ਤਾਂ ਖੁਦਾ ਹੀ ਜਾਣਦਾ ਹੈ । ਮੇਰਾ ਚਿਰਾਗ ਨਾਲ ਹੁੰਦਾ ਤਾਂ ਗੱਲ ਹੀ ਹੋਰ ਹੁੰਦੀ . ਰੱਖੇ ਮੈਂ ਉਹਨੂੰ ਬੜਾ ਸਮਝਾਇਆ ਕਿ ਮੇਰੇ ਨਾਲ ਚੱਲ ਪਰ ਉਹ ਅੜਿਆ ਰਿਹਾ ਕਿ ਨਵਾਂ ਘਰ ਛੱਡ ਕੇ ਨਹੀਂ ਜਾਵਾਂਗਾ । ਇਹ ਆਪਣੀ ਗਲੀ ਹੈ । ਇੱਥੇ ਕੋਈ ਖਤਰਾ ਨਹੀਂ, ਪਰ ਭੋਲੇ ਕਬੂਤਰ ਨੇ ਇਹ ਨਹੀਂ ਸੋਚਿਆ ਕਿ ਗਲੀ ਵਿੱਚ ਖਤਰਾ ਨਾ ਸਹੀ, ਬਾਹਰ ਤੋਂ ਤਾਂ ਖਤਰਾ ਆ ਸਕਦਾ ਏ । ਘਰ ਨੂੰ ਬਚਾਉਣ ਲਈ ਚਾਰਾਂ ਨੇ ਜਾਨ ਗਵਾ ਲਈ । ਰੱਖੇ, ਉਹਨੂੰ ਤੇਰੇ 'ਤੇ ਬੜਾ ਭਰੋਸਾ ਸੀ । ਕਹਿੰਦਾ ਹੁੰਦਾ ਸੀ ਕਿ ਰੱਖੇ ਦੇ ਹੁੰਦਿਆਂ ਕੋਈ ਮੇਰਾ ਵਾਲ ਵੀ ਵਿੰਗਾ ਨਹੀਂ ਕਰ ਸਕਦਾ, ਪਰ ਜਦੋਂ ਮੌਤ ਆਈ ਤਾਂ ਰੱਖੇ ਦੇ ਰੋਕਿਆਂ ਵੀ ਨਾ ਰੁਕੀ ।

ਰੱਖੇ ਨੇ ਸਿੱਧਾ ਹੋਣ ਦੀ ਕੋਸ਼ਿਸ਼ ਕੀਤੀ . ਉਹਦੀ ਰੀੜ੍ਹ ਦੀ ਹੱਡੀ ਵਿੱਚ ਪੀੜ ਜੁ ਹੋ ਰਹੀ ਸੀ । ਉਹਨੂੰ ਆਪਣੀ ਕਮਰ ਅਤੇ ਕੁਲ੍ਹਿਆਂ ਵਿੱਚ ਬੜਾ ਦਬਾਅ ਮਹਿਸੂਸ ਹੋ ਰਿਹਾ ਸੀ । ਢਿੱਡ 'ਚ ਅੰਤੜੀਆਂ ਕੋਲ ਜਿਵੇਂ ਕੋਈ ਚੀਜ਼ ਉਹਦੇ ਸਾਹ ਨੂੰ ਰੋਕ ਰਹੀ ਸੀ । ਉਹਦਾ ਸਾਰਾ ਜਿਸਮ ਮੁੜ੍ਹਕੇ ਨਾਲ ਭਿੱਜ ਗਿਆ ਸੀ ਤੇ ਉਹਦੇ ਪੈਰਾਂ ਦੇ ਤਲੂਆਂ ਵਿੱਚ ਝਨ– ਝਨਾਹਟ ਹੋ ਰਹੀ ਸੀ । ਕਦੇ – ਕਦੇ ਫੁਲਝੜੀਆਂ ਜਿਹੀਆਂ ਉਪਰੋਂ ਹੇਠਾਂ ਆਉਂਦੀਆਂ,ਤੇ ਉਹਦੀਆਂ ਅੱਖਾਂ ਸਾਹਮਣਿਉਂ ਤੈਰਦੀਆਂ ਨਿਕਲ ਜਾਂਦੀਆਂ ।

(ਬਾਕੀ ਸਫ਼ਾ 31 'ਤੇ)

# ਮੇਰੀ ਕਲਮ

## ਕਾਗਜ਼ ਦੇ ਫੁੱਲਾਂ ਨੂੰ ਅਤਰ ਦਾ ਫੰਬਾ ਲਾਈਏ

ਸੋਹਣ ਸਿੰਘ ਮੀਸ਼ਾ

ਕਾਗਜ਼ ਦੇ ਫੁੱਲਾਂ ਨੂੰ ਅਤਰ ਦਾ ਫੰਬਾ ਲਾਈਏ।
ਇਸ ਮੌਸਮ ਵਿੱਚ ਏਦਾਂ ਹੀ ਕਮਰਾ ਮਹਿਕਾਈਏ।

ਕੈਸੇ ਸ਼ੀਸ਼-ਮਹੱਲ ਵਿੱਚ ਕੀਤਾ ਕੈਦ ਅਸਾਨੂੰ,
ਅਕਸ ਪਕੜਦੇ ਕੰਧਾਂ ਤੋਂ ਮੱਥੇ ਭਨਵਾਈਏ।

ਕੀ ਪੁੱਛਦੇ ਹੋ ਹਾਲ ਤਕਾਲੀਂ ਹਾਰੇ ਹੁੱਟੇ,
ਥੱਕੇ ਟੁੱਟੇ ਜਿਸਮ ਘਸੀਟ ਘਰੀਂ ਲੈ ਜਾਈਏ।

ਰਾਹ ਦੀ ਰੌਣਕ ਵਿੱਚ ਉਲਝ ਕੇ ਭੁੱਲ ਬੈਠੇ ਹਾਂ,
ਘਰੋਂ ਤੁਰੇ ਸੀ ਬੰਨ ਕੇ ਕਿਸ ਮੰਜ਼ਲ ਦੇ ਦਾਈਏ।

ਦਿਲ ਵਿੱਚ ਕੰਡਿਆਂ ਵਾਂਗੂੰ ਚੁੱਭਣ ਤੇਰੀਆਂ ਗੱਲਾਂ,
ਫੁੱਲਾਂ ਵਾਂਗੂੰ ਚੁੱਪ ਚਾਪ ਸੁਣੀਏ ਮੁਸਕਾਈਏ।

ਵਕਤ ਦੇ ਪੈਰਾਂ ਹੇਠ ਨਾ ਵਿਛੀਏ ਸੜਕਾਂ ਵਾਂਗੂੰ,
ਗੜ੍ਹਕਦਿਆਂ ਬੱਦਲਾਂ ਦੇ ਵਾਂਗੂ ਸਿਰ 'ਤੇ ਛਾਈਏ।

## ਸੁਣ ਕੁੜੀਏ ਨੀ

ਅਮਨਦੀਪ ਕੌਰ ਜੋਗਾ

ਸੁਣ ਕੁੜੀਏ ਨੀ,
ਪੁੰਗਰਦੀ ਕਰੂੰਬਲੇ ਨੀ
ਤੂੰ ਅੰਬਰਾਂ 'ਤੇ ਕਿੱਕਲੀ ਪਾ
ਇਹ ਸਾਰਾ ਹੀ ਜ਼ਮਾਨਾ
ਬਣਿਆ ਤੇਰਾ ਹੀ ਦੀਵਾਨਾ
ਮੈਂ ਰੂਪ ਦੀ ਮਲਿਕਾ ਨਹੀਂ
ਅਕਲਾਂ ਦੀ ਵੀ ਹਾਂ ਵਾਰਿਸ
ਤੂੰ ਇਨ੍ਹਾਂ ਨੂੰ ਵਿਖਾ
ਸੁਣ ਕੁੜੀਏ ਨੀ
ਵੇਖ ਏਸ ਜੱਗ ਦੀ ਹੈ ਰੀਤ
ਤੇਰੇ ਜੰਮਣ 'ਤੇ ਮਾਰੇ ਚੀਕ
ਨਿਭਾਂਵਦੀ ਏ ਭਾਵੇਂ ਤੂੰ ਆਪਣੇ ਫਰਜ਼
ਮਾਂ,ਭੈਣ,ਪਤਨੀ ਤੇ ਧੀ ਦੇ ਰੂਪ 'ਚ
ਫਿਰ ਵੀ ਇਨ੍ਹਾਂ ਨੂੰ ਤਾਂ ਅਸਲੀ ਵਾਰਿਸ ਦੀ
ਉਡੀਕ, ਮਾਰਨ ਤੇਰੇ 'ਤੇ ਲੀਕ
ਇਨ੍ਹਾਂ ਨੂੰ ਤੂੰ ਆਪਣੀ ਹੈਸੀਅਤ ਵਿਖਾ
ਸੁਣ ਕੁੜੀਏ ਨੀ
ਨੀ ਤੂੰ ਸਦਾ ਹੱਸਦੀ ਵੀ ਰਹਿ
ਆਪਣਿਆਂ ਦੇ ਵਿਹੜੇ ਵੱਸਦੀ ਵੀ ਰਹਿ
ਸਮਝਣ ਜੋ ਤੈਨੂੰ ਲੋੜ ਦਾ ਸਮਾਨ
ਉਨ੍ਹਾਂ ਨੂੰ ਤੂੰ ਉਨ੍ਹਾਂ ਦੀ ਉਕਾਤ ਵਿਖਾ
ਕਦਮਾਂ ਨਾਲ ਕਦਮ ਮਿਲਾ ਕੇ
ਬਰਾਬਰਤਾ ਦਾ ਹੱਕ ਜਿਤਾ
ਸੁਣ ਕੁੜੀਏ ਨੀ

## ਗ਼ਮਾਂ ਦੀ ਰਾਤ

ਸ਼ਿਵ ਕੁਮਾਰ ਬਟਾਲਵੀ



ਗ਼ਮਾਂ ਦੀ ਰਾਤ ਲੰਮੀ ਏ
ਜਾਂ ਮੇਰੇ ਗੀਤ ਲੰਮੇ ਨੇ ।
ਨਾ ਭੈੜੀ ਰਾਤ ਮੁੱਕਦੀ ਏ,
ਨਾ ਮੇਰੇ ਗੀਤ ਮੁੱਕਦੇ ਨੇ ।

ਇਹ ਸਰ ਕਿੰਨੇ ਕੁ ਡੂੰਘੇ ਨੇ
ਕਿਸੇ ਨੇ ਹਾਥ ਨਾ ਪਾਈ,
ਨਾ ਬਰਸਾਤਾਂ 'ਚ ਚੜ੍ਹਦੇ ਨੇ
ਤੇ ਨਾ ਔੜਾਂ 'ਚ ਸੁੱਕਦੇ ਨੇ ।

ਮੇਰੇ ਹੱਡ ਹੀ ਅਵੱਲੇ ਨੇ
ਜੋ ਅੱਗ ਲਾਇਆਂ ਨਹੀਂ ਸੜਦੇ
ਨਾ ਸੜਦੇ ਹਉਕਿਆਂ ਦੇ ਨਾਲ
ਹਾਵਾਂ ਨਾਲ ਧੁਖਦੇ ਨੇ ।

ਇਹ ਫੱਟ ਹਨ ਇਸ਼ਕ ਦੇ ਯਾਰੋ
ਇਹਨਾਂ ਦੀ ਕੀ ਦਵਾ ਹੋਵੇ
ਇਹ ਹੱਥ ਲਾਇਆਂ ਵੀ ਦੁਖਦੇ ਨੇ
ਮਲ੍ਹਮ ਲਾਇਆਂ ਵੀ ਦੁਖਦੇ ਨੇ ।

ਜੇ ਗੋਰੀ ਰਾਤ ਹੈ ਚੰਨ ਦੀ
ਤਾਂ ਕਾਲੀ ਰਾਤ ਹੈ ਕਿਸ ਦੀ ?
ਨਾ ਲੁਕਦੇ ਤਾਰਿਆਂ ਵਿੱਚ ਚੰਨ
ਨਾ ਤਾਰੇ ਚੰਨ 'ਚ ਲੁਕਦੇ ਨੇ ।

## ਕਣਕ ਕਿਸਾਨ ਦੀ

ਹਰਪ੍ਰੀਤ ਕੌਰ ਸੰਧੂ



ਸੜਕਾਂ 'ਤੇ
ਧਰਨੇ ਦੇ ਰਹੇ ਕਿਸਾਨ
ਲਾਠੀਆਂ ਲੈ ਕੇ ਖੜ੍ਹੇ ਸਿਪਾਹੀ
ਘਰੋਂ ਆਏ ਖਾ ਕੇ ਪਰੌਠੇ
ਪਰੌਠੇ ਕਣਕ ਦੇ
ਕਣਕ ਕਿਸਾਨ ਦੀ
ਦਫ਼ਤਰਾਂ ਵਿੱਚ ਬੈਠੇ ਅਫ਼ਸਰ
ਦੇ ਰਹੇ ਕਿਸਾਨ ਵਿਰੋਧੀ ਹੁਕਮ
ਘਰੋਂ ਖਾ ਕੇ ਆਏ
ਬ੍ਰਾਊਨ ਬ੍ਰੈੱਡ
ਬ੍ਰੈੱਡ ਕਣਕ ਦੀ
ਕਣਕ ਕਿਸਾਨ ਦੀ
ਸੰਸਦ ਵਿੱਚ ਬੈਠੇ ਨੇਤਾ
ਕੱਢ ਰਹੇ ਕਿਸਾਨ ਵਿਰੋਧੀ ਕਾਨੂੰਨ
ਸੰਸਦ ਦੀ ਕੰਟੀਨ 'ਚੋਂ
ਸਸਤੇ ਮੁੱਲ 'ਤੇ ਖਾ ਕੇ ਆਏ ਡੋਸੇ
ਡੋਸੇ ਬਣੇ ਦਾਲ ਤੇ ਚੌਲ ਦੇ
ਦਾਲ ਤੇ ਚੌਲ ਕਿਸਾਨ ਦੇ।
ਖ਼ਬਰਾਂ ਕਰ ਰਹੇ ਪੱਤਰਕਾਰ
ਘਰੋਂ ਖਾ ਕੇ ਆਏ ਪੂਰੀਆਂ
ਪੂਰੀਆਂ ਆਟੇ ਦੀਆਂ
ਆਟਾ ਕਣਕ ਦਾ
ਕਣਕ ਕਿਸਾਨ ਦੀ
ਟੀ.ਵੀ. ਮੂਹਰੇ ਬੈਠੇ
ਅਸੀਂ ਸੁਣ ਰਹੇ ਤਕਰੀਰਾਂ
ਖਾ ਕੇ ਬੈਠੇ ਭਠੂਰੇ
ਭਠੂਰੇ ਮੈਦੇ ਦੇ
ਮੈਦਾ ਕਣਕ ਦਾ
ਤੇ ਕਣਕ ਕਿਸਾਨ ਦੀ।



## ਚੁੱਪ ਦਾ ਜੰਗਲ

ਸਰਬਜੀਤ ਕੌਰ ਜੱਸ



ਜਦੋਂ ਦਾ ਸਾਡੇ ਹੋਠਾਂ 'ਤੇ
ਚੁੱਪ ਦਾ ਜੰਗਲ ਉੱਗ ਆਇਆ ਹੈ
ਸਾਡੀਆਂ ਜ਼ੁਬਾਨਾਂ 'ਤੇ ਹੀ ਪਥਰਾਅ
ਗਈਆਂ ਨੇ
ਤਸੀਹੇ ਸਹਿੰਦੀਆਂ ਰੀਝਾਂ ਦੀਆਂ
ਚੀਕਾਂ

ਕੇਹਾ ਜੰਗਲ ਹੈ
ਜਿਸਦੇ ਪੱਤੇ-ਪੱਤੇ 'ਚੋਂ ਚੋਂਦਾ ਹੈ
ਦਰਦ ਦਾ ਹੰਝੂ
ਜਿਸਦੀਆਂ ਟਹਿਣੀਆਂ ਨੂੰ ਪੈਂਦੇ ਨੇ
ਪੀੜਾਂ ਦੇ ਕੜਵੱਲ
ਜਿਸਦੇ ਸੰਘਣੇ ਹਨ੍ਹੇਰੇ 'ਚ ਗੁਆਚ
ਗਿਆ
ਚਾਨਣ ਦਾ ਬੀਜ
ਤੇ ਅਸੀਂ ਬੇਸਮਝ
ਕੋਹਲੂ ਦੇ ਬੈਲ ਵਾਂਗ
ਗਲ 'ਚ ਲਮਕਾਈ
ਰੁਝੇਵਿਆਂ ਦੀਆਂ ਟੱਲੀਆਂ
ਟੁਣ-ਟੁਣ ਕਰਦੇ
ਹੋਠਾਂ 'ਤੇ ਫੈਲੇ ਚੁੱਪ ਦੇ ਅਰਥਾਂ ਨੂੰ
ਗੂੰਗੇ ਬੋਲਾਂ ਜਿਹੇ
ਮਹਾਂਨਗਰਾਂ 'ਚ ਭਾਲਦੇ ਫਿਰਦੇ ਹਾਂ

ਅਸੀਂ ਆਧੁਨਿਕ ਮਸ਼ੀਨੀ ਲੋਕ
ਅਸੰਭਵ ਨੂੰ ਸੰਭਵ ਬਣਾਉਣ ਵਾਲੇ
ਖੁਦ ਨੂੰ ਰੱਬ ਅਖਵਾਉਣ ਵਾਲੇ
ਕਰ ਨਹੀਂ ਸਕੇ
ਪੱਥਰ ਬਣੇ ਚੁੱਪ ਦੇ ਜੰਗਲ ਨੂੰ
ਝੂਮਣ ਲਾਉਣ ਦੀ ਕਰਾਮਾਤ

ਆਖ਼ਿਰ ਕਦੋਂ ਤੱਕ
ਇਸ ਚੁੱਪ ਦੇ ਜੰਗਲ 'ਚ ਕੈਦ ਹੋ
ਭੁੱਲ-ਭੁਲੱਈਆਂ ਦੀ ਖੇਡ ਖੇਡਦੇ
ਰਹਾਂਗੇ
ਸੂਝ ਦੀ ਕੋਈ ਛੜ ਘੁਮਾਈਏ
ਚੁੱਪ ਦੇ ਮਾਤਮ ਨੂੰ ਗਲੋਂ ਲਾਹਈਏ
ਅਲਫ਼ਾਜ਼ ਨੂੰ ਗਹਿਣਾ ਬਣਾ
ਪਹਿਨੀਏ
ਸਜੀਏ, ਸੰਵਰੀਏ
ਚੁੱਪ ਦੇ ਜੰਗਲ 'ਚੋਂ ਬਾਹਰ ਨਿਕਲੀਏ
ਤੁਰ ਪਈਏ
ਸੱਚੇ-ਸੁੱਚੇ ਬੋਲਾਂ ਦੇ ਰਸਤੇ 'ਤੇ !

## ਭਰਪੂਰ ਜਵਾਨੀ ਖੇਤਾਂ ਦੀ

ਅੰਮ੍ਰਿਤਾ ਪ੍ਰੀਤਮ

ਕਦੀ ਜੰਗਲਾਂ ਦੇ ਅੰਦਰ
ਸੁਰਜੀਤ ਪਾਤਰ
ਕਦੀ ਜੰਗਲਾਂ ਦੇ ਅੰਦਰ,
ਕਦੀ ਪਰਬਤਾਂ ਦੇ ਦੁਆਰੇ
ਸਦੀਆਂ ਤੋਂ ਵਾ ਦੇ ਬੁੱਲੇ,
ਫਿਰਦੇ ਨੇ ਮਾਰੇ ਮਾਰੇ

ਤਪਦਾ ਏ ਤਪਿਆ ਸੂਰਜ,
ਸਾਗਰ 'ਚ ਡੁੱਬ ਨਾ ਸਕਿਆ
ਪਾਣੀ ਸਮੁੰਦਰਾਂ ਦਾ,
ਤਪ ਕੇ ਮਿਲਣ ਨੂੰ ਉਡਿਆ

ਡਿੱਗਿਆ ਪਹਾੜਾਂ ਉੱਤੇ,
ਬਣ ਕੇ ਬਰਫ਼ ਦੇ ਤੂੰਬੇ
ਕਿੰਝ ਸ਼ਾਂਤ ਹੋ ਰਹੇ ਨੇ,
ਉਹਦੇ ਕਾਲਜੇ ਦੇ ਲੂੰਬੇ

ਧਰਤੀ ਹਜ਼ਾਰ ਦੁਖੜੇ,
ਸੀਨੇ ਦੇ ਵਿੱਚ ਲੁਕੋਂਦੀ
ਅੰਦਰ ਲੁਕੇ ਜਲਾਂ ਵਿੱਚ,
ਅੱਖੀਆਂ ਡੁਬੋ ਕੇ ਰੋਂਦੀ

ਕਦੀ ਪਾੜ ਕੇ ਕਲੇਜਾ,
ਫੁਟਦੀ ਏ ਤੇਜ਼ ਜੁਆਲਾ
ਟੁਟਦੇ ਨੇ ਕੜ ਸਬਰ ਦੇ,
ਖਾਂਦਾ ਏ ਦਿਲ ਉਛਾਲਾ

ਜੋ ਸਹਿ ਲਿਆ ਏ ਸਦੀਆਂ,
ਇੱਕ ਦਿਵਸ ਨਾ ਸਹੇਗਾ
ਸਦੀਆਂ ਦੀ ਅਣਕਹੀ ਨੂੰ,
ਇੱਕ ਹਾਦਸਾ ਕਹੇਗਾ

ਇਹ ਨੇੜਤਾ ਦੀ ਸੱਧਰ,
ਤੇ ਦੂਰੀਆਂ ਦਾ ਮਸਲਾ
ਸੰਯੋਗ ਦਾ ਇਹ ਸੁਪਨਾ,
ਤੇ ਵਿਯੋਗ ਦਾ ਇਹ ਅਸਲਾ

ਅਟਕੇ ਨੇ ਰੂਪ ਸਾਰੇ,
ਇੱਕ ਦੂਸਰੇ ਸਹਾਰੇ
ਜੇ ਕੋਸ਼ਿਸ਼ ਨਹੀਂ ਤਾਂ ਕੀ ਨੇ,
ਇਹ ਜਹਾਨ ਦੇ ਖਲਾਰੇ

## ਨਾਜ਼ੁਕ ਕਲੀਆਂ

ਸੁਖਦੀਪ ਕੌਰ ਬਿਰਧਨੋ

ਗੁੰਮ- ਸੁੰਨ ਚਿਹਰੇ ਦੱਸਦੇ, ਫ਼ਿਕਰਾਂ ਵਿੱਚ ਪਲੀਆਂ,
ਰੁਜ਼ਦੀਆਂ ਕਾਗ਼ਜ਼ ਵਿਰਦੀਆਂ, ਦੋ ਨਾਜ਼ੁਕ ਕਲੀਆਂ।

ਖਿਲਰੇ-ਉਲਝੇ ਵਾਲ, ਤੇ ਪਾਟੇ ਗਲ ਲੀੜੇ,
ਵਾਰੇ-ਵਾਰੇ ਜਾਵਾਂ ਨੀ, ਤੈਥੋਂ ਤਕਦੀਰੇ।
ਤਪਦੀ ਧਰਤੀ ਸਾੜਦੀ, ਪੈਰਾਂ ਦੀਆਂ ਤਲੀਆਂ,
ਰੁਜ਼ਦੀਆਂ ਕਾਗ਼ਜ਼ ਵਿਰਦੀਆਂ, ਦੋ ਨਾਜ਼ੁਕ ਕਲੀਆਂ।

ਨਾ ਨੈਣਾਂ ਵਿੱਚ ਅੱਥਰੂ, ਨਾ ਬੁੱਲ੍ਹੀਆਂ 'ਤੇ ਹਾਸਾ,
ਵਿੱਚ ਗ਼ਰੀਬੀ ਬਣ ਗਈਆਂ, ਲੋਕਾਂ ਲਈ ਤਮਾਸ਼ਾ।
ਤਨ-ਮਨ ਬੋਲੀ ਚੜ੍ਹ ਰਿਹਾ, ਧਰਮਾਂ ਦੀਆਂ ਗਲੀਆਂ,
ਰੁਜ਼ਦੀਆਂ ਕਾਗ਼ਜ਼ ਵਿਰਦੀਆਂ, ਦੋ ਨਾਜ਼ੁਕ ਕਲੀਆਂ।

ਖੌਰੇ ਕਿਹੜੇ ਕਰਜ਼ ਨੇ, ਪੱਲੀਆਂ ਵਿੱਚ ਬੰਨ੍ਹੇ,
ਇਹ ਕੇਹਾ ਇਨਸਾਫ਼ ਵੇ, ਜੋ ਰੂਹ ਨਾ ਮੰਨੇ।
ਕੋਮਲ ਜਿੰਦਾਂ ਚੁੱਕ ਦਰਦਾਂ ਦੀ, ਗਠੜੀ ਚੱਲੀਆਂ,
ਰੁਜ਼ਦੀਆਂ ਕਾਗ਼ਜ ਵਿਰਦੀਆਂ, ਦੋ ਨਾਜ਼ੁਕ ਕਲੀਆਂ।

ਨਫਰਤ ਅਗਨੀ ਸੜ ਰਹੀਆਂ, ਇਹ ਠੰਡੀਆਂ ਛਾਵਾਂ,
ਕੁੱਖਾਂ ਵਿੱਚ ਕਿਉਂ ਮਰਦੀਆਂ, ਇਹ ਕੱਲ੍ਹ ਦੀਆਂ ਮਾਵਾਂ।
ਸੁੱਖ ਰੂਹਾਂ ਮੁਰਝਾ ਗਈਆਂ, ਜਿਵੇਂ ਸ਼ਾਮਾਂ ਢਲੀਆਂ,
ਰੁਜ਼ਦੀਆਂ ਕਾਗ਼ਜ ਵਿਰਦੀਆਂ, ਦੋ ਨਾਜ਼ੁਕ ਕਲੀਆਂ।

## ਪੂਰੇ ਦੀ ਵਾ

ਅੰਮ੍ਰਿਤਾ ਪ੍ਰੀਤਮ

ਅੱਜ ਵਗਦੀ ਪੂਰੇ ਦੀ ਵਾ ।
ਦੋ ਅੱਖੀਆਂ ਦੀ ਨੀਂਦਰ ਵਿੱਚ ਤੂੰ
ਸੁਪਨਾ ਬਣ ਕੇ ਆ !
ਅੱਜ ਵਗਦੀ ਪੂਰੇ ਦੀ ਵਾ ।

ਹੁਣੇ ਮੈਂ ਖ਼ੁਸ਼ੀਆਂ ਦਾ ਮੂੰਹ ਤਕਿਆ
ਹੁਣੇ ਤਾਂ ਪਈਆਂ ਦਲੀਲੇ,
ਹੁਣੇ ਤਾਂ ਚੰਨ ਅਸਮਾਨੇ ਚੜ੍ਹਿਆ
ਹੁਣੇ ਤਾਂ ਬੱਦਲ ਨੀਲੇ,

ਹੁਣੇ ਜ਼ਿਕਰ ਸੀ ਤੇਰੇ ਮਿਲਣ ਦਾ
ਹੁਣੇ ਵਿਛੋੜੇ ਦਾ ।
ਅਜੇ ਵਗਦੀ ਪੂਰੇ ਦੀ ਵਾ ।

ਕਦਮਾਂ ਨੂੰ ਦੋ ਕਦਮ ਮਿਲੇ ਸਨ
ਜ਼ਿਮੀ ਨੇ ਸੁਣ ਲਈ ਸੋਅ,
ਪਾਣੀ ਦੇ ਵਿੱਚ ਘੁਲ ਗਈ ਠੰਢਕ
ਪੌਣਾਂ ਵਿੱਚ ਖ਼ੁਸ਼ਬੋ,

ਦਿਨ ਦਾ ਚਾਨਣ ਭੇਤ ਨਾ ਸਾਂਭੇ
ਰਾਤ ਨਾ ਦੇਂਦੀ ਰਾਹ ।
ਅਜ ਵਗਦੀ ਪੂਰੇ ਦੀ ਵਾ ।

ਅਜੇ ਮੇਰੇ ਦੋ ਕਦਮਾਂ ਨਾਲੋਂ
ਕਦਮ ਛੁਟਕ ਗਏ ਤੇਰੇ,
ਹੱਥ ਮੇਰੇ ਅੱਜ ਵਿੱਥਾਂ ਨਾਪਣ
ਅੱਖੀਆਂ ਟੋਹਣ ਹਨੇਰੇ,

ਜ਼ਿਮੀ ਤੋਂ ਲੈ ਕੇ ਅੰਬਰਾਂ ਤੀਕਣ
ਘਟਾਂ ਕਾਲੀਆਂ ਸ਼ਾਹ ।
ਅੱਜ ਵਗਦੀ ਪੂਰੇ ਦੀ ਵਾ ।

ਅੱਜ ਪਿਆ ਮੇਰੀ ਜਿੰਦ ਨੂੰ ਖੋਰੇ
ਦੋ ਅੱਖੀਆਂ ਦਾ ਪਾਣੀ,
ਮੀਟੇ ਹੋਏ ਮੇਰੇ ਦੋ ਹੋਠਾਂ ਦੀ
ਇੱਕ ਮਜਬੂਰ ਕਹਾਣੀ,

ਸਮੇਂ ਦੀਆਂ ਕਬਰਾਂ ਨੇ ਸਾਂਭੀ
ਸਮਾਂ ਜਗਾਵੇਗਾ ।
ਅੱਜ ਵਗਦੀ ਪੂਰੇ ਦੀ ਵਾ ।

ਦੋ ਅੱਖੀਆਂ ਦੀ ਨੀਂਦਰ ਵਿੱਚ ਤੂੰ
ਸੁਪਨਾ ਬਣ ਕੇ ਆ !
ਅੱਜ ਵਗਦੀ ਪੂਰੇ ਦੀ ਵਾ ।

# ਕੀ ਭਾਰਤੀ ਹਾਕੀ ਟੀਮ ਪੈਰਿਸ ਉਲੰਪਿਕ ਜਿੱਤ ਸਕੇਗੀ ?



## ਭਾਰਤੀ ਹਾਕੀ ਦੀ ਪੁਰਸ਼ ਟੀਮ ਅੱਗੇ ਹਨ ਅਨੇਕਾਂ ਚੁਣੌਤੀਆਂ

## ਮਹਿਲਾ ਹਾਕੀ ਟੀਮ ਦਾ ਲਗਾਤਾਰ ਤੀਜੀ ਉਲੰਪਿਕ 'ਚ ਖੇਡਣ ਦਾ ਸੁਪਨਾ ਖ਼ਤਮ

**ਮਨੋਜ ਚਤੁਰਵੇਦੀ**

ਭਾਰਤੀ ਮਹਿਲਾ ਹਾਕੀ ਟੀਮ ਇਸ ਸਾਲ ਪੈਰਿਸ ਉਲੰਪਿਕ ਲਈ ਟਿਕਟ ਹਾਸਲ ਕਰਨ ਵਿੱਚ ਅਸਫਲ ਰਹੀ। ਰਾਂਚੀ ਵਿੱਚ ਹੋਏ ਉਲੰਪਿਕ ਕੁਆਲੀਫਾਇਰ ਵਿੱਚ ਤੀਜੇ ਸਥਾਨ ਦੇ ਮੈਚ ਵਿੱਚ ਜਾਪਾਨ ਤੋਂ ਹਾਰ ਕੇ ਉਸ ਦਾ ਲਗਾਤਾਰ ਤੀਜੀ ਉਲੰਪਿਕ ਵਿੱਚ ਖੇਡਣ ਦਾ ਸੁਪਨਾ ਖਤਮ ਹੋ ਗਿਆ। ਇਸ ਦੇ ਨਾਲ ਹੀ ਹਾਂਗਜ਼ੂ ਏਸ਼ਿਆਈ ਖੇਡਾਂ ਵਿੱਚ ਸੋਨ ਤਗਮਾ ਜਿੱਤ ਕੇ ਸਿੱਧੇ ਤੌਰ 'ਤੇ ਕੁਆਲੀਫਾਈ ਕਰਨ ਵਾਲੀ ਭਾਰਤੀ ਪੁਰਸ਼ ਟੀਮ ਨੂੰ ਪੈਰਿਸ ਉਲੰਪਿਕ ਵਿੱਚ ਬਹੁਤ ਔਖਾ ਪੂਲ ਮਿਲਿਆ ਹੈ, ਜਿਸ ਕਾਰਨ ਉਸ ਨੂੰ ਜਿੱਤ ਦਾ ਪ੍ਰਦਰਸ਼ਨ ਦੁਹਰਾਉਣ ਲਈ ਕਾਫੀ ਸੰਘਰਸ਼ ਕਰਨਾ ਪੈ ਸਕਦਾ ਹੈ। ਟੋਕੀਓ ਉਲੰਪਿਕ ਵਿੱਚ ਕਾਂਸੀ ਦਾ ਤਗਮਾ ਜਿੱਤ ਕੇ ਰੈਂਕਿੰਗ 'ਚ ਤੀਜੇ ਸਥਾਨ 'ਤੇ ਕਾਬਜ਼ ਭਾਰਤੀ ਪੁਰਸ਼ ਹਾਕੀ ਟੀਮ ਨੂੰ ਪੈਰਿਸ ।ਉਲੰਪਿਕ 'ਚ ਮੌਜੂਦਾ ਚੈਂਪੀਅਨ ਬੈਲਜੀਅਮ, ਰੀਓ ਉਲੰਪਿਕ ਚੈਂਪੀਅਨ ਅਰਜਨਟੀਨਾ, ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਆਇਰਲੈਂਡ ਦੇ ਨਾਲ ਗਰੁੱਪ ਬੀ 'ਚ ਰੱਖਿਆ ਗਿਆ ਹੈ। ਗਰੁੱਪ ਏ ਵਿੱਚ ਵਿਸ਼ਵ ਦੀ ਨੰਬਰ ਇੱਕ ਟੀਮ ਨੀਦਰਲੈਂਡ, ਮੌਜੂਦਾ ਵਿਸ਼ਵ ਚੈਂਪੀਅਨ ਜਰਮਨੀ, ਗ੍ਰੇਟ ਬ੍ਰਿਟੇਨ, ਸਪੇਨ, ਮੇਜ਼ਬਾਨ ਫਰਾਂਸ ਅਤੇ



ਦੱਖਣੀ ਅਫਰੀਕਾ ਨੂੰ ਰੱਖਿਆ ਗਿਆ ਹੈ। ਉਲੰਪਿਕ ਹਾਕੀ ਦੇ ਫਾਰਮੈਟ ਮੁਤਾਬਕ ਭਾਰਤ ਨੂੰ ਕੁਆਰਟਰ ਫਾਈਨਲ ਵਿੱਚ ਥਾਂ ਬਣਾਉਣ ਲਈ ਪੂਲ ਵਿੱਚ ਘੱਟੋ-ਘੱਟ ਦੋ ਮੈਚ ਜਿੱਤਣੇ ਹੋਣਗੇ। ਇਹ ਵਿਸ਼ਵ ਦੀ 10ਵੀਂ ਰੈਂਕਿੰਗ ਵਾਲੀ ਨਿਊਜ਼ੀਲੈਂਡ ਅਤੇ 11ਵੀਂ ਰੈਂਕਿੰਗ ਵਾਲੀ ਆਇਰਲੈਂਡ ਨੂੰ ਹਰਾ ਕੇ ਅਜਿਹਾ ਕਰ ਸਕਦੀ ਹੈ, ਪਰ ਜਦੋਂ ਤੁਸੀਂ ਤਗਮਾ ਜਿੱਤਣ ਦੇ ਇਰਾਦੇ ਨਾਲ ਜਾਂਦੇ ਹੋ, ਤਾਂ ਤੁਹਾਡੇ ਕੋਲ ਗਰੁੱਪ ਦੀ ਹਰ ਟੀਮ ਨੂੰ ਹਰਾਉਣ ਦੀ ਸਮਰੱਥਾ ਹੋਣੀ ਚਾਹੀਦੀ ਹੈ। ਜਿੱਥੋਂ ਤੱਕ ਮਹਿਲਾ ਹਾਕੀ ਟੀਮ ਦਾ ਸਵਾਲ ਹੈ, ਏਸ਼ੀਆਈ ਖੇਡਾਂ ਤੋਂ ਬਾਅਦ ਇਸ ਨੇ ਇੱਕ ਵਾਰ ਫਿਰ ਨਿਰਾਸ਼ ਕੀਤਾ ਹੈ। ਉਲੰਪਿਕ ਕੁਆਲੀਫਾਇਰ 'ਚ ਭਾਰਤੀ ਟੀਮ ਦੀ ਮੁੱਖ ਕਮੀ ਪ੍ਰਦਰਸ਼ਨ 'ਚ ਇਕਸਾਰਤਾ ਦੀ ਕਮੀ ਸੀ। ਟੋਕੀਓ ਉਲੰਪਿਕ 'ਚ ਚੌਥੇ ਸਥਾਨ 'ਤੇ ਰਹਿੰਦਿਆਂ ਭਾਰਤੀ ਟੀਮ ਨੇ ਜਿਸ ਤਰ੍ਹਾਂ ਦਾ ਪ੍ਰਦਰਸ਼ਨ ਕੀਤਾ, ਉਹ ਨਾ ਤਾਂ ਏਸ਼ੀਆਈ ਖੇਡਾਂ 'ਚ ਅਤੇ ਨਾ ਹੀ ਇਸ ਉਲੰਪਿਕ ਕੁਆਲੀਫਾਇਰ 'ਚ ਦੇਖਣ ਨੂੰ ਮਿਲਿਆ। ਇਸ ਤੋਂ ਇੱਕ ਗੱਲ ਜੋ ਸਾਹਮਣੇ ਆਉਂਦੀ ਹੈ ਉਹ ਇਹ ਹੈ ਕਿ ਭਾਰਤੀ ਟੀਮ ਟੀਮ ਵਿੱਚ ਉਹ ਭਾਵਨਾ ਪੈਦਾ ਕਰਨ ਵਿੱਚ ਸਫਲ ਨਹੀਂ ਹੋ ਰਹੀ ਸੀ, ਜਿਸ ਦੀ ਅਹਿਮ ਮੈਚਾਂ ਵਿੱਚ ਲੋੜ ਹੁੰਦੀ ਹੈ। ਇਹ ਇਸ ਤੱਥ ਤੋਂ ਵੀ ਝਲਕਦਾ ਹੈ ਕਿ ਟੀਮ ਨੇ ਏਸ਼ੀਅਨ ਚੈਂਪੀਅਨਜ਼ ਟਰਾਫੀ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਜਦੋਂ ਕੋਈ ਦਬਾਅ ਨਹੀਂ ਸੀ। ਪਰ ਏਸ਼ੀਅਨ ਖੇਡਾਂ ਵਿੱਚ ਸੋਨ ਤਗਮਾ ਜਿੱਤਣ ਅਤੇ ਉਲੰਪਿਕ ਕੁਆਲੀਫਾਇਰ ਵਿੱਚ ਸਿਖਰਲੇ ਤਿੰਨਾਂ ਵਿੱਚ ਰਹਿਣ ਦੇ ਦਬਾਅ ਕਾਰਨ ਟੀਮ ਵਿੱਚ ਜਿੱਤਣ ਦੀ ਇੱਛਾ ਦੀ ਘਾਟ ਸੀ। ਟੋਕੀਓ ਉਲੰਪਿਕ ਦੌਰਾਨ ਭਾਰਤੀ ਮਹਿਲਾ ਹਾਕੀ ਟੀਮ ਦੇ ਕੋਚ ਰਹੇ ਸ਼ਾਰਡ ਮਰੀਨ ਦਾ ਮੰਨਣਾ ਹੈ ਕਿ ਟੋਕੀਓ ਉਲੰਪਿਕ 'ਚ ਹਿੱਸਾ ਲੈਣ ਵਾਲੀ ਟੀਮ ਦੀਆਂ 5-6 ਖਿਡਾਰਨਾਂ ਨੂੰ ਉਲੰਪਿਕ ਕੁਆਲੀਫਾਇਰ 'ਚ ਖੇਡਣ ਵਾਲੀ ਟੀਮ 'ਚ ਸ਼ਾਮਲ ਨਹੀਂ ਕੀਤਾ ਗਿਆ ਸੀ। ਇਸ ਦਾ ਕਾਰਨ ਮੁੱਖ ਕੋਚ ਦਾ ਨੌਜਵਾਨ ਖਿਡਾਰੀਆਂ ਵਿੱਚ ਭਰੋਸਾ ਸੀ, ਪਰ ਇਨ੍ਹਾਂ ਨੌਜਵਾਨਾਂ ਕੋਲ ਅਜਿਹੇ ਅਹਿਮ ਮੈਚ ਖੇਡਣ ਦਾ ਤਜਰਬਾ ਨਹੀਂ ਸੀ। ਇਹ ਠੀਕ ਹੈ ਕਿ ਨੌਜਵਾਨਾਂ ਨੇ ਚੰਗਾ ਪ੍ਰਦਰਸ਼ਨ ਕੀਤਾ ਪਰ ਟੋਕੀਓ 'ਚ ਖੇਡਣ ਵਾਲੀ ਟੀਮ ਜ਼ਿਆਦਾ ਤਜ਼ਰਬੇਕਾਰ ਸੀ ਅਤੇ ਦੋਵਾਂ ਟੀਮਾਂ 'ਚ ਇਹੀ ਮੁੱਖ ਅੰਤਰ ਰਿਹਾ ਹੈ। ਸਹੀ ਅਰਥਾਂ ਵਿੱਚ ਕੋਚ ਸ਼ਾਪਮੈਨ ਨੇ ਨੌਜਵਾਨਾਂ ਨੂੰ ਤਜਰਬੇਕਾਰ ਖਿਡਾਰੀਆਂ ਨਾਲ ਖਿਡਾ ਕੇ ਉਨ੍ਹਾਂ ਦੀ ਥਾਂ ਲੈਣ ਲਈ ਤਿਆਰ ਨਹੀਂ ਕੀਤਾ। ਵੰਦਨਾ ਕਟਾਰੀਆ ਅਤੇ ਸੁਸ਼ੀਲਾ ਚਾਨੂ ਦੀਆਂ ਸੱਟਾਂ ਨੇ ਭਾਰਤ ਦੀ ਸਥਿਤੀ ਨੂੰ ਹੋਰ ਕਮਜ਼ੋਰ ਕਰ ਦਿੱਤਾ। ਪੈਨਲਟੀ ਕਾਰਨਰ ਨੂੰ ਗੋਲ ਵਿੱਚ ਨਾ ਬਦਲਣ ਦੀ ਕਮਜ਼ੋਰੀ ਨੇ ਭਾਰਤ ਨੂੰ ਪੈਰਿਸ ਉਲੰਪਿਕ ਦੀ ਟਿਕਟ ਨਾ ਮਿਲਣ ਵਿੱਚ ਅਹਿਮ ਭੂਮਿਕਾ ਨਿਭਾਈ। ਅਜੋਕੇ ਸਮੇਂ ਵਿੱਚ ਪੈਨਲਟੀ ਕਾਰਨਰ ਤੋਂ ਗੋਲ ਕਰਨਾ ਮਹੱਤਵਪੂਰਨ ਹੋ ਗਿਆ ਹੈ। ਇਸ ਕਮਜ਼ੋਰੀ ਕਾਰਨ ਭਾਰਤ ਆਪਣਾ ਪਹਿਲਾ ਮੈਚ ਅਮਰੀਕਾ ਤੋਂ ਹਾਰ ਗਿਆ। ਦਰਅਸਲ, ਡਰੈਗ ਫਲਿੱਕਰ ਗੁਰਜੀਤ ਕੌਰ ਦੀ ਟੀਮ ਵਿੱਚ ਚੋਣ ਨਾ ਹੋਣ ਕਾਰਨ ਟੀਮ ਕੋਲ ਕੋਈ ਵੀ ਖਿਡਾਰੀ ਨਹੀਂ ਸੀ ਜਿਸ 'ਤੇ ਗੋਲ ਕਰਨ ਲਈ ਭਰੋਸਾ ਕੀਤਾ ਜਾ ਸਕੇ। ਗੁਰਜੀਤ ਦੀ ਥਾਂ ਦੀਪਿਕਾ ਨੂੰ ਅਜ਼ਮਾਇਆ ਗਿਆ ਪਰ ਉਸ ਦੇ ਪ੍ਰਦਰਸ਼ਨ 'ਚ ਤਿੱਖੇਪਨ ਦੀ ਕਮੀ ਸਾਫ਼ ਨਜ਼ਰ ਆ ਰਹੀ ਸੀ। ਅਜਿਹਾ



ਨਹੀਂ ਹੈ ਕਿ ਦੀਪਿਕਾ ਵਿੱਚ ਟੈਲੇਂਟ ਦੀ ਕਮੀ ਹੈ। ਉਸਨੇ ਜੂਨੀਅਰ ਤੋਂ ਸੀਨੀਅਰ ਤੱਕ ਗ੍ਰੈਜੂਏਸ਼ਨ ਕੀਤੀ ਅਤੇ ਅਨੁਭਵ ਦੀ ਘਾਟ ਸੀ। ਇਸ ਸਮੇਂ ਟੀਮਾਂ ਕੋਲ ਦੋ-ਤਿੰਨ ਡਰੈਗ ਫਲਿੱਕਰ ਹਨ ਪਰ ਭਾਰਤ ਕੋਲ ਕੋਈ ਨਹੀਂ ਸੀ। ਭਾਰਤ ਨੇ ਜਾਪਾਨ ਖ਼ਿਲਾਫ਼ ਨੌਂ ਪੈਨਲਟੀ ਕਾਰਨਰ ਬਰਬਾਦ ਕੀਤੇ। , ਜੇਕਰ ਕੋਈ ਇਨ੍ਹਾਂ ਨੂੰ ਗੋਲਾਂ ਵਿੱਚ ਤਬਦੀਲ ਕਰ ਦਿੰਦਾ, ਤਾਂ ਟੀਮ ਪੈਰਿਸ ਉਲੰਪਿਕ ਦੀ ਤਿਆਰੀ ਕਰ ਰਹੀ ਹੁੰਦੀ। ਵੰਦਨਾ ਕਟਾਰੀਆ ਦੀ ਸੱਟ ਕਾਰਨ ਕੁਝ ਮਹੱਤਵਪੂਰਨ ਮੈਚਾਂ ਵਿੱਚ ਉਸ ਦੀਆਂ ਸੇਵਾਵਾਂ ਨਹੀਂ ਮਿਲ ਸਕੀਆਂ ਅਤੇ ਭਾਰਤੀ ਟੀਮ ਕੋਲ ਇੱਕ ਚੰਗੇ ਸਟਰਾਈਕਰ ਦੀ ਘਾਟ ਸੀ। ਭਾਰਤੀ ਟੀਮ ਟੋਕੀਓ ਉਲੰਪਿਕ ਦੀ ਸਟਾਰ ਫਾਰਵਰਡ ਰਾਣੀ ਰਾਮਪਾਲ ਨੂੰ ਪਹਿਲਾਂ ਹੀ ਨਜ਼ਰਅੰਦਾਜ਼ ਕੀਤਾ ਜਾ ਰਿਹਾ ਸੀ। ਇਸ ਸਥਿਤੀ ਵਿੱਚ ਭਾਰਤੀ ਨੌਜਵਾਨ ਖਿਡਾਰਨਾਂ ਲਾਲਰੇਮੀਸੇਮੀ, ਸੰਗੀਤਾ ਕੁਮਾਰੀ ਆਦਿ ਨੇ ਪੂਰੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਦੇ ਹਮਲਿਆਂ ਵਿੱਚ ਫਿਨਿਸ਼ ਨਾ ਹੋਣ ਕਾਰਨ ਭਾਰਤੀ ਪ੍ਰਦਰਸ਼ਨ ਉਮੀਦਾਂ 'ਤੇ ਖਰਾ ਨਹੀਂ ਉਤਰ ਸਕਿਆ। ਜੇਕਰ ਸਹੀ ਸਮੇਂ 'ਤੇ ਪ੍ਰਦਰਸ਼ਨ ਨੂੰ ਹੁਲਾਰਾ ਦੇਣ ਦੀ ਸਮਰੱਥਾ ਹੁੰਦੀ ਤਾਂ ਭਾਰਤ ਜਰਮਨੀ ਨੂੰ ਹਰਾ ਕੇ ਫਾਈਨਲ ਖੇਡ ਸਕਦਾ ਸੀ ਅਤੇ ਜਪਾਨ ਨੂੰ ਹਰਾ ਕੇ ਪੈਰਿਸ ਜਾ ਸਕਦਾ ਸੀ। ਬਿਹਤਰ ਹੋਵੇਗਾ ਜੇਕਰ ਕੋਈ ਨਵਾਂ ਕੋਚ ਲਿਆਂਦਾ ਜਾਵੇ ਅਤੇ ਟੀਮ ਦਾ ਧਿਆਨ ਅਗਲੇ ਵਿਸ਼ਵ ਕੱਪ, ਰਾਸ਼ਟਰਮੰਡਲ ਖੇਡਾਂ ਅਤੇ 2026 ਦੀਆਂ ਏਸ਼ਿਆਈ ਖੇਡਾਂ 'ਤੇ ਕੇਂਦਰਿਤ ਕੀਤਾ ਜਾਵੇ ਤਾਂ ਹੀ ਟੀਮ ਉਮੀਦਾਂ 'ਤੇ ਖਰੀ ਉਤਰਦੀ ਦਿਖਾਈ ਦੇ ਸਕਦੀ ਹੈ।

# ਮੈਂ ਸੰਨਿਆਸ ਦਾ ਐਲਾਨ ਨਹੀਂ ਕੀਤਾ : ਮੈਰੀਕਾਮ

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤ ਦੀ ਦਿੱਗਜ ਮਹਿਲਾ ਮੁੱਕੇਬਾਜ਼ ਐਮ.ਸੀ. ਮੈਰੀਕਾਮ ਨੇ ਗੱਲਬਾਤ ਕਰਦਿਆਂ ਆਪਣੀ ਸੰਨਿਆਸ ਦੀ ਖ਼ਬਰ ਨੂੰ ਬਕਵਾਸ ਕਰਾਰ ਦਿੱਤਾ। ਐਮ.ਸੀ. ਮੈਰੀਕਾਮ ਨੇ ਕਿਹਾ ਕਿ ਉਸ ਨੇ ਅਜੇ ਤੱਕ ਮੁੱਕੇਬਾਜ਼ੀ ਤੋਂ ਸੰਨਿਆਸ ਲੈਣ ਦਾ ਐਲਾਨ ਨਹੀਂ ਕੀਤਾ ਹੈ। ਛੇ ਵਾਰ ਦੀ ਵਿਸ਼ਵ ਚੈਂਪੀਅਨ ਐਮ.ਸੀ. ਮੈਰੀਕਾਮ ਨੇ ਬੁੱਧਵਾਰ ਨੂੰ ਇੱਕ ਇਵੈਂਟ ਵਿੱਚ ਹਿੱਸਾ ਲਿਆ ਸੀ, ਜਿੱਥੇ ਉਸ ਦੇ ਬਿਆਨ ਤੋਂ ਬਾਅਦ ਉਸ ਦੇ ਸੰਨਿਆਸ ਦੀ ਖ਼ਬਰ ਫੈਲ ਗਈ ਸੀ।

ਐਮਸੀ ਮੈਰੀਕਾਮ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਪਣਾ ਸਪੱਸ਼ਟੀਕਰਨ ਪੇਸ਼ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਸ਼ਬਦਾਂ ਦਾ ਗਲਤ ਅਰਥ ਕੱਢਿਆ ਗਿਆ ਹੈ। ਮੈਰੀਕਾਮ ਨੇ ਕਿਹਾ, 'ਮੈਂ ਅਜੇ ਤੱਕ ਆਪਣੇ ਸੰਨਿਆਸ ਦਾ ਐਲਾਨ ਨਹੀਂ ਕੀਤਾ ਹੈ ਅਤੇ ਮੇਰੇ ਸ਼ਬਦਾਂ ਦਾ ਗਲਤ ਅਰਥ ਕੱਢਿਆ ਗਿਆ ਹੈ। ਮੈਨੂੰ ਜੋ ਵੀ ਕਹਿਣਾ ਹੈ, ਮੈਂ ਮੀਡੀਆ ਦੇ ਸਾਹਮਣੇ ਆ ਕੇ ਖੁਦ ਕਹਾਂਗੀ। ਮੈਂ ਕੁਝ ਮੀਡੀਆ ਰਿਪੋਰਟਾਂ ਪੜ੍ਹੀਆਂ, ਜਿਨ੍ਹਾਂ 'ਚ ਲਿਖਿਆ ਹੈ ਕਿ ਮੈਂ ਰਿਟਾਇਰ ਹੋ ਰਹੀ ਹਾਂ ਪਰ ਇਹ ਸੱਚ ਨਹੀਂ ਹੈ।

41 ਸਾਲਾ ਮੈਰੀਕਾਮ ਨੇ ਇਕ ਈਵੈਂਟ ਦੌਰਾਨ ਕਿਹਾ, 'ਜੇਕਰ ਮੈਂ ਆਪਣੇ ਦਿਲ ਤੋਂ ਬੋਲਾਂ ਤਾਂ ਵੀ ਕੁਝ ਕਰਨ ਦੀ ਭੁੱਖ ਹੈ।' ਮੈਂ ਅਜੇ ਵੀ ਮੁਕਾਬਲਾ ਕਰਨਾ ਅਤੇ ਦੇਸ਼ ਦੀ ਨੁਮਾਇੰਦਗੀ ਕਰਨੀ ਚਾਹੁੰਦੀ ਹਾਂ, ਪਰ ਉਮਰ ਦੇ ਕਾਰਨ ਮੈਂ ਇਸ ਸਾਲ ਤੋਂ ਮੁਕਾਬਲਾ ਨਹੀਂ ਕਰ ਸਕਾਂਗੀ। ਬੁੱਧਵਾਰ ਸ਼ਾਮ ਨੂੰ ਨਿਊਜ਼ ਏਜੰਸੀ ਏਐਨਆਈ ਤੋਂ ਖ਼ਬਰ ਆਈ ਕਿ



ਮੈਰੀ ਨੇ ਆਪਣੀ ਉਮਰ ਦਾ ਹਵਾਲਾ ਦਿੰਦੇ ਹੋਏ ਆਪਣੇ ਕਰੀਅਰ ਤੋਂ ਸੰਨਿਆਸ ਲੈਣ ਦਾ ਐਲਾਨ ਕਰ ਦਿੱਤਾ ਹੈ। ਹੁਣ ਮੈਰੀ ਦੇ ਬਿਆਨ ਤੋਂ ਰਿਟਾਇਰਮੈਂਟ ਨੂੰ ਲੈ ਕੇ ਤਸਵੀਰ ਪੂਰੀ ਤਰ੍ਹਾਂ ਸਾਫ ਹੋ ਗਈ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਉਹ ਰਿਟਾਇਰਮੈਂਟ ਨਹੀਂ ਲੈ ਰਹੀ ਹੈ। ਜ਼ਿਕਰਯੋਗ ਹੈ ਕਿ ਮੈਰੀ ਮੁੱਕੇਬਾਜ਼ੀ ਇਤਿਹਾਸ ਦੀ ਪਹਿਲੀ ਮਹਿਲਾ ਮੁੱਕੇਬਾਜ਼ ਹੈ ਜਿਸ ਨੇ ਛੇ ਵਿਸ਼ਵ ਚੈਂਪੀਅਨਸ਼ਿਪ ਖ਼ਿਤਾਬਾਂ 'ਤੇ ਕਬਜ਼ਾ ਕੀਤਾ ਹੈ। 5 ਵਾਰ ਦੀ ਏਸ਼ਿਆਈ ਚੈਂਪੀਅਨ ਭਾਰਤ ਦੀ ਪਹਿਲੀ ਮਹਿਲਾ ਮੁੱਕੇਬਾਜ਼ ਸੀ ਜਿਸ ਨੇ 2014 ਦੀਆਂ ਏਸ਼ਿਆਈ ਖੇਡਾਂ ਵਿੱਚ ਸੋਨ ਤਗ਼ਮਾ ਜਿੱਤਿਆ ਸੀ।

# ਸਾਨੀਆ ਮਿਰਜ਼ਾ ਨੇ ਕਿਉਂ ਲਿਆ ਤਲਾਕ ?

ਪਾਕਿਸਤਾਨੀ ਟੀਮ ਦੇ ਕ੍ਰਿਕਟਰ ਸ਼ੋਏਬ ਮਲਿਕ ਤੇ ਸਾਬਕਾ ਟੈਨਿਸ ਸਟਾਰ ਸਾਨੀਆ ਮਿਰਜ਼ਾ ਦੇ ਵਿਆਹ 'ਚ ਕਾਫੀ ਸਮੇਂ ਤੋਂ ਦਰਾਰ ਦੀਆਂ ਖਬਰਾਂ ਆ ਰਹੀਆਂ ਸਨ। ਇਸ ਦੌਰਾਨ ਸਾਨੀਆ ਮਿਰਜ਼ਾ ਤੋਂ ਤਲਾਕ ਲੈਣ ਤੋਂ ਬਾਅਦ ਸ਼ੋਏਬ ਮਲਿਕ ਨੇ ਤੀਜੀ ਵਾਰ ਵਿਆਹ ਕਰ ਕੇ ਸਭ ਨੂੰ ਹੈਰਾਨ ਕਰ ਦਿੱਤਾ।

ਸ਼ੋਏਬ ਨੇ ਬੀਤੇ ਦਿਨੀਂ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਆਪਣੇ ਵਿਆਹ ਦੀਆਂ ਤਸਵੀਰਾਂ ਸ਼ੇਅਰ ਕੀਤੀਆਂ ਹਨ। ਦਿ ਪਾਕਿਸਤਾਨ ਡੇਲੀ ਦੀ ਇੱਕ ਰਿਪੋਰਟ 'ਚ ਖੁਲਾਸਾ ਹੋਇਆ ਹੈ ਕਿ ਸਾਨੀਆ ਮਿਰਜ਼ਾ ਨੂੰ ਸ਼ੋਏਬ ਮਲਿਕ ਨੂੰ ਤਲਾਕ ਕਿਉਂ ਦੇਣਾ ਪਿਆ ?



37 ਸਾਲ ਦੀ ਸਾਨੀਆ ਮਿਰਜ਼ਾ ਨੂੰ ਸ਼ੋਏਬ ਮਲਿਕ ਦਾ ਦੂਜੀਆਂ ਔਰਤਾਂ ਨਾਲ ਮਿਲਣਾ ਪਸੰਦ ਨਹੀਂ ਸੀ। ਉਹ ਲੰਬੇ ਸਮੇਂ ਤੱਕ ਇਸ ਗੱਲ ਨੂੰ ਨਜ਼ਰਅੰਦਾਜ਼ ਕਰਦੀ ਰਹੀ ਪਰ ਆਪਣੇ ਪਤੀ ਸ਼ੋਏਬ ਦੇ ਵਿਆਹ ਤੋਂ ਬਾਹਰੀ ਸਬੰਧਾਂ ਕਾਰਨ ਸਾਨੀਆ ਨੇ ਤਲਾਕ ਦਾ ਕਦਮ ਚੁੱਕ ਲਿਆ।

ਪਾਕਿਸਤਾਨ ਡੇਲੀ ਦੀ ਰਿਪੋਰਟ ਮੁਤਾਬਕ ਸ਼ੋਏਬ ਮਲਿਕ ਦੇ ਪਰਿਵਾਰਕ ਮੈਂਬਰ ਉਨ੍ਹਾਂ ਦੇ ਤੀਜੇ ਵਿਆਹ 'ਚ ਸ਼ਾਮਲ ਨਹੀਂ ਹੋਏ। ਮਲਿਕ ਦੀ ਭੈਣ ਵੀ ਸਾਨੀਆ ਦੇ ਤਲਾਕ ਦੇ ਫੈਸਲੇ ਤੋਂ ਨਾਖੁਸ਼ ਨਜ਼ਰ ਆ ਰਹੀ ਸੀ। ਦਾਅਵਾ ਕੀਤਾ ਜਾ ਰਿਹਾ ਹੈ ਕਿ ਸਾਨੀਆ ਮਲਿਕ ਦੇ ਵਿਆਹ ਤੋਂ ਬਾਹਰਲੇ ਸਬੰਧਾਂ ਤੋਂ ਤੰਗ ਆ ਚੁੱਕੀ ਸੀ।



ਤੁਹਾਨੂੰ ਦੱਸ ਦੇਈਏ ਕਿ ਸਨਾ ਨਾਲ ਵਿਆਹ ਕਰ ਕੇ ਸ਼ੋਏਬ ਮਲਿਕ ਨੇ ਸਾਫ ਕਰ ਦਿੱਤਾ ਸੀ ਕਿ ਉਨ੍ਹਾਂ ਨੇ ਸਾਨੀਆ ਨੂੰ ਤਲਾਕ ਦੇ ਦਿੱਤਾ ਹੈ। ਇਸ ਦੌਰਾਨ ਸਾਨੀਆ ਦੇ ਪਿਤਾ ਨੇ ਆਪਣੇ ਇੰਸਟਾਗ੍ਰਾਮ 'ਤੇ ਇਕ ਪੋਸਟ ਸ਼ੇਅਰ ਕਰਦੇ ਹੋਏ ਲਿਖਿਆ, ਸਾਨੀਆ ਨੇ ਹਮੇਸ਼ਾ ਆਪਣੀ ਨਿੱਜੀ ਜ਼ਿੰਦਗੀ ਨੂੰ ਲੋਕਾਂ ਦੀ ਨਜ਼ਰ ਤੋਂ ਦੂਰ ਰੱਖਿਆ। ਅੱਜ ਉਨ੍ਹਾਂ ਨੂੰ ਦੱਸਣ ਦੀ ਨੌਬਤ ਆ ਗਈ ਕਿ ਸ਼ੋਏਬ ਤੇ ਉਨ੍ਹਾਂ ਦੇ ਤਲਾਕ ਨੂੰ ਕੁਝ ਮਹੀਨੇ ਹੋ ਚੁੱਕੇ ਹਨ। ਉਨ੍ਹਾਂ ਨੇ ਸ਼ੋਏਬ ਨੂੰ ਜ਼ਿੰਦਗੀ ਦੀ ਨਵੀਂ ਪਾਰੀ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਪੰਜਾਬੀ ਅਦਾਕਾਰਾ

# ਨਿਰਮਲ ਰਿਸ਼ੀ ਨੂੰ ਮਿਲਿਆ 'ਪਦਮਸ਼੍ਰੀ ਐਵਾਰਡ'



## ਪਾਲੀਵੁੱਡ 'ਚ 'ਗੁਲਾਬੋ ਮਾਸੀ' ਦੇ ਨਾਂ ਨਾਲ ਹੈ ਮਸ਼ਹੂਰ





ਇਸ ਸਾਲ 132 ਉੱਘੀਆਂ ਸ਼ਖ਼ਸੀਅਤਾਂ ਨੂੰ ਪਦਮ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਸਬੰਧੀ ਜਾਰੀ ਅਧਿਕਾਰਤ ਸੂਚੀ ਵਿੱਚ ਕਈ ਸਾਲਾਂ ਤੋਂ ਪੰਜਾਬੀ ਫ਼ਿਲਮਾਂ ਵਿੱਚ ਆਪਣੀ ਵੱਖਰੀ ਪਛਾਣ ਬਣਾ ਚੁੱਕੀ 'ਗੁਲਾਬੋ ਮਾਸੀ' ਯਾਨੀ ਅਦਾਕਾਰਾ ਨਿਰਮਲ ਰਿਸ਼ੀ ਦਾ ਨਾਂ ਵੀ ਸ਼ਾਮਲ ਹੈ। ਉਨ੍ਹਾਂ ਨੂੰ ਕਲਾ ਦੇ ਖੇਤਰ ਵਿੱਚ ਦਿੱਤੇ ਵਡਮੁੱਲੇ ਯੋਗਦਾਨ ਲਈ ਇਸ ਪੁਰਸਕਾਰ ਨਾਲ ਨਿਵਾਜ਼ਿਆ ਗਿਆ ਹੈ।

ਨਿਰਮਲ ਰਿਸ਼ੀ ਦਾ ਜਨਮ 27 ਅਗਸਤ 1943 ਨੂੰ ਮਾਨਸਾ ਜ਼ਿਲ੍ਹੇ ਦੇ ਪਿੰਡ ਖੀਵੇ ਕਲਾ ਦੇ ਰਹਿਣ ਵਾਲੇ ਬਲਦੇਵ ਕਿਸ਼ਨ ਰਿਸ਼ੀ ਦੇ ਘਰ ਹੋਇਆ ਸੀ। ਨਿਰਮਲ ਰਿਸ਼ੀ ਆਪਣੀਆਂ ਤਿੰਨੇ ਭੈਣਾਂ 'ਚ ਸਭ ਤੋਂ ਛੋਟੀ ਹੈ। ਉਨ੍ਹਾਂ ਨੂੰ ਛੋਟੀ ਉਮਰ ਤੋਂ ਹੀ ਥੀਏਟਰ ਕਰਨ ਦਾ ਸ਼ੌਂਕ ਸੀ ਪਰ ਇਸ ਦੇ ਨਾਲ ਹੀ ਉਹ ਐੱਨ.ਸੀ.ਸੀ. ਬੈਸਟ ਸ਼ੂਟਰ ਵੀ ਰਹੇ ਹਨ। ਇਸ ਤੋਂ ਇਲਾਵਾ ਖੋ-ਖੋ ਦੀ ਵਧੀਆ ਖਿਡਾਰਨ ਤੇ ਅਥਲੀਟ ਵੀ ਰਹਿ ਚੁੱਕੇ ਹਨ। ਉਨ੍ਹਾਂ ਨੇ ਆਪਣੀ ਗ੍ਰੈਜੁਏਸ਼ਨ ਦੀ ਪੜਾਈ ਸ਼੍ਰੀ ਗੰਗਾਨਗਰ ਤੋਂ ਪੂਰੀ ਕੀਤੀ ਸੀ। ਇਸ ਤੋਂ ਇਲਾਵਾ ਉਨ੍ਹਾਂ ਨੇ ਪਟਿਆਲਾ ਦੇ ਫਿਜ਼ੀਕਲ ਕਾਲਜ ਤੋਂ ਟ੍ਰੇਨਿੰਗ ਵੀ ਲਈ ਹੈ।

### ਪਹਿਲੀ ਫ਼ਿਲਮ ਤੋਂ ਹੀ ਬਣਾ ਲਈ ਵੱਖਰੀ ਪਛਾਣ

ਪਟਿਆਲਾ ਦੇ ਫਿਜ਼ੀਕਲ ਕਾਲਜ ਵਿੱਚ ਹੀ ਉਨ੍ਹਾਂ ਦੀ ਮੁਲਾਕਾਤ ਫ਼ਿਲਮ ਨਿਰਦੇਸ਼ਕ ਹਰਪਾਲ ਸਿੰਘ ਟਿਵਾਣਾ ਅਤੇ ਨੀਨਾ ਟਿਵਾਣਾ ਨਾਲ ਹੋਈ, ਜਿਸ ਤੋਂ ਬਾਅਦ ਉਹ ਰੰਗ ਮੰਚ ਦੀ ਦੁਨੀਆਂ ਨਾਲ ਜੁੜ ਗਏ। ਨਿਰਮਲ ਰਿਸ਼ੀ ਨੇ ਹਰਪਾਲ ਟਿਵਾਣਾ ਦੀ ਟੀਮ ਨਾਲ ਮਿਲ ਕੇ ਕਈ ਡਰਾਮੇ ਕੀਤੇ। ਉਸ ਸਮੇਂ ਉਨ੍ਹਾਂ ਦੀ ਟੀਮ ਵਿੱਚ ਰਾਜ ਬੱਬਰ, ਓਮ ਪੁਰੀ ਤੇ ਸਰਦਾਰ ਸੋਹੀ ਸ਼ਾਮਲ ਸਨ। ਇਸ ਦੌਰਾਨ ਹਰਪਾਲ ਟਿਵਾਣਾ ਨੇ 'ਲੌਂਗ ਦਾ ਲਿਸ਼ਕਾਰਾ' ਫ਼ਿਲਮ ਬਣਾਈ, ਜਿਸ ਵਿੱਚ ਨਿਰਮਲ ਰਿਸ਼ੀ ਨੇ 'ਗੁਲਾਬੋ ਮਾਸੀ' ਦਾ ਕਿਰਦਾਰ ਨਿਭਾਇਆ ਤੇ ਇਸੇ ਕਿਰਦਾਰ ਕਰਕੇ ਉਨ੍ਹਾਂ ਨੂੰ ਜ਼ਿਆਦਾਤਰ ਲੋਕ 'ਗੁਲਾਬੋ ਮਾਸੀ' ਦੇ ਨਾਂ ਨਾਲ ਜਾਣਦੇ ਹਨ।

### 60 ਦੇ ਕਰੀਬ ਫ਼ਿਲਮਾਂ 'ਚ ਕਰ ਚੁੱਕੀ ਹੈ ਕੰਮ

ਦੱਸਣਯੋਗ ਹੈ ਕਿ ਨਿਰਮਲ ਰਿਸ਼ੀ ਨੇ 60 ਦੇ ਕਰੀਬ ਫ਼ਿਲਮਾਂ ਵਿੱਚ ਅਦਾਕਾਰੀ ਕੀਤੀ ਹੈ। 'ਲੌਂਗ ਦਾ ਲਿਸ਼ਕਾਰਾ' (1983), 'ਉੱਚਾ ਦਰ ਬਾਬੇ ਨਾਨਕ ਦਾ' (1985), 'ਦੀਵਾ ਬਲੇ ਸਾਰੀ ਰਾਤ', ਸੁਨੇਹਾ, ਲਵ ਪੰਜਾਬ (2015), ਡੈਥ ਔਨ ਵੀਲਜ਼, ਵੁਮੇਨ ਫ੍ਰੌਮ ਦੀ ਈਸਟ, ਨਿੱਕਾ ਜ਼ੈਲਦਾਰ (2016), ਅੰਗਰੇਜ (2015), ਲਹੌਰੀਏ (2017) ਅਤੇ ਨਿੱਕਾ ਜ਼ੈਲਦਾਰ 2 (2017), ਨੀਂ ਮੈਂ ਸੱਸ ਕੁੱਟਣੀ, ਗੁੱਡੀਆਂ ਪਟੌਲੇ, ਮਾਂ ਦਾ ਲਾਡਲਾ, ਗੋਢੇ-ਗੋਢੇ ਚਾਅ, ਬੂਹੇ ਬਾਰੀਆਂ ਅਤੇ ਹੋਰ ਕਈ ਫ਼ਿਲਮਾਂ ਵਿੱਚ ਨਜ਼ਰ ਆ ਚੁੱਕੇ ਹਨ।



## ਪ੍ਰਾਣ ਸੱਭਰਵਾਲ ਨੂੰ ਵੀ ਮਿਲਿਆ 'ਪਦਮਸ਼੍ਰੀ'

ਪ੍ਰਾਣ ਸੱਭਰਵਾਲ ਪੰਜਾਬ ਦੇ ਇੱਕ ਅਨੁਭਵੀ ਅਦਾਕਾਰ ਅਤੇ ਪ੍ਰਸਿੱਧ ਥੀਏਟਰ ਕਲਾਕਾਰ ਹਨ। ਉਹਨਾਂ ਦਾ ਜਨਮ ਸਾਲ 1930 ਵਿੱਚ ਜਲੰਧਰ ਵਿੱਚ ਹੋਇਆ ਸੀ ਅਤੇ ਜਦੋਂ ਉਹ ਸਿਰਫ਼ ਨੌਂ ਸਾਲ ਦੇ ਸੀ ਤਾਂ ਅਦਾਕਾਰੀ ਵਿੱਚ ਰੁਚੀ ਬਣ ਗਈ ਸੀ। ਉਹ ਰਾਮਲੀਲਾ ਦੇਖਣ ਲਈ ਆਪਣੇ ਚਾਚੇ ਅਤੇ ਪਿਤਾ ਨਾਲ ਜਲੰਧਰ ਜਾਂਦੇ ਸੀ ਅਤੇ ਤੁਰੰਤ ਹੀ ਥੀਏਟਰ ਵਿੱਚ ਰਾਮ ਦੀ ਅਦਾਕਾਰੀ ਕਰਨ ਦੀ ਕਲਾ ਨਾਲ ਪਿਆਰ ਹੋ ਗਿਆ।

ਅਦਾਕਾਰੀ ਲਈ ਉਹਨਾਂ ਦਾ ਪਿਆਰ ਉਦੋਂ ਹੋਰ ਤੇਜ਼ ਹੋ ਗਿਆ ਜਦੋਂ ਉਹ 1952 ਵਿੱਚ ਮਸ਼ਹੂਰ ਬਾਲੀਵੁੱਡ ਅਭਿਨੇਤਾ ਪ੍ਰਿਥਵੀਰਾਜ ਕਪੂਰ ਨੂੰ ਮਿਲੇ। ਜਦੋਂ ਉਹ ਇੱਕ ਐਕਟਿੰਗ ਲਈ ਜਲੰਧਰ ਆਏ। ਇਸ ਤੋਂ ਬਾਅਦ, ਉਹਨਾਂ ਨੇ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਵਿੱਚ ਜੂਨੀਅਰ ਕਲਰਕ ਵਜੋਂ ਕੰਮ ਕਰਨਾ ਸ਼ੁਰੂ ਕੀਤਾ ਅਤੇ 1962 ਵਿੱਚ ਪਟਿਆਲਾ ਚਲੇ ਗਏ।

ਉਨ੍ਹਾਂ ਦਾ ਵਿਆਹ 1960 ਵਿੱਚ ਸੁਨੀਤਾ ਨਾਲ ਹੋਇਆ, ਜੋ ਉਹਨਾਂ ਦੇ ਪਿਤਾ ਦੇ ਦੋਸਤ ਦੀ ਧੀ ਸੀ। ਪ੍ਰਾਣ ਨੇ ਸਥਾਨਕ ਥੀਏਟਰਾਂ ਵਿੱਚ ਵੀ ਕੰਮ ਕਰਨਾ ਸ਼ੁਰੂ ਕਰ ਦਿੱਤਾ। ਇੱਕ ਦਿਨ, ਪੰਜਾਬ ਯੂਨੀਵਰਸਿਟੀ ਦੇ ਵਾਈਸ ਚਾਂਸਲਰ, ਸੰਬੂ ਮਿੱਤਰਾ ਦੁਆਰਾ ਨਿਰਦੇਸ਼ਿਤ 'ਪੈਸਾ ਬੋਲਦਾ ਹੈ' ਨਾਮਕ ਨਾਟਕ ਵਿੱਚ ਉਸਦੀ ਅਦਾਕਾਰੀ ਨੂੰ ਦੇਖ ਕੇ, ਸ੍ਰੀ ਕ੍ਰਿਪਾਲ ਸਿੰਘ ਨੇ ਪ੍ਰਾਣ ਨੂੰ 1967 ਵਿੱਚ ਡਰਾਮੇਟਿਕ ਆਰਟਸ ਵਿੱਚ ਡਿਪਲੋਮਾ ਕੋਰਸ ਪੜ੍ਹਾਉਣ ਲਈ ਕਿਹਾ, ਇਸ ਲਈ ਪ੍ਰਾਣ ਨੇ ਆਪਣਾ ਕੰਮ ਛੱਡ ਦਿੱਤਾ। ਉਸ ਨੇ ਨੌਕਰੀ ਕੀਤੀ ਅਤੇ ਫੈਕਲਟੀ ਵਿੱਚ ਸ਼ਾਮਲ ਹੋ ਗਏ, ਅਤੇ ਉਸਦੀ ਪਤਨੀ ਅੱਗੇ ਅਦਾਕਾਰੀ ਸਿੱਖਣ ਲਈ ਇੱਕ ਵਿਦਿਆਰਥੀ ਵਜੋਂ ਸ਼ਾਮਲ ਹੋ ਗਈ। ਉਹ 1988 ਵਿੱਚ ਪੀ.ਐਸ.ਪੀ.ਸੀ.ਐਲ. ਦੇ ਲੋਕ ਸੰਪਰਕ ਵਿਭਾਗ ਦੇ ਡਾਇਰੈਕਟਰ ਵਜੋਂ ਨੌਕਰੀ ਤੋਂ ਸੇਵਾਮੁਕਤ ਹੋ ਗਏ।

ਫ਼ਿਲਮ ਉਦਯੋਗ ਵਿੱਚ, ਪ੍ਰਾਣ ਨੇ ਆਪਣੀ ਸ਼ੁਰੂਆਤ 'ਸਰਦਾਰਾ ਕਰਤਾਰਾ' ਨਾਮ ਦੀ ਇੱਕ ਫਿਲਮ ਨਾਲ ਕੀਤੀ, ਜੋ ਕਿ 1980 ਵਿੱਚ ਰਿਲੀਜ਼ ਹੋਈ ਸੀ।

## ਗਾਇਕੀ ਦਾ ਬਾਬਾ ਬੋਹੜ ਲਾਲ ਚੰਦ ਯਮਲਾ ਜੱਟ



ਦਰਸ਼ਨ ਸਿੰਘ ਪ੍ਰੀਤੀਮਾਨ

ਕਲਾਕਾਰ ਕੋਲ ਕਲਮ ਹੋਵੇ ਜਾਂ ਗੀਤਕਾਰ ਕੋਲ ਆਵਾਜ਼ ਹੋਵੇ ਤਾਂ ਸੋਨੇ 'ਤੇ ਸੁਹਾਗਾ ਹੀ ਸਮਝੋ। ਇਹ ਦੋਵੇਂ ਚੀਜ਼ ਇਕੱਠੀਆਂ ਕਿਸੇ ਵਿਰਲੇ ਟਾਂਵੇ ਵਿਆਕਤੀ ਦੇ ਹਿੱਸੇ ਹੀ ਆਉਂਦੀਆਂ ਹਨ। ਉਸ ਵਿਅਕਤੀ ਨੂੰ ਕਿਸੇ ਦੂਸਰੇ ਸਹਾਰੇ ਦੀ ਲੋੜ ਨਹੀਂ ਪੈਂਦੀ, ਦੋਵੇਂ ਗੁਣਾਂ ਦਾ ਮਾਲਕ ਸਫਲਤਾ ਛੇਤੀ ਹਾਸਲ ਕਰਦਾ ਹੈ। ਪੰਜਾਬੀ ਸੰਗੀਤ ਵਿੱਚ ਇੱਕ ਅਜਿਹਾ ਸ਼ਖ਼ਸ ਰਿਹਾ, ਜਿਸ ਵਿੱਚ ਉਪਰੋਕਤ ਦੋਵੇਂ ਗੁਣ ਭਰਪੂਰ ਸਨ। ਇਨ੍ਹਾਂ ਗੁਣਾਂ ਦੇ ਸਿਰ 'ਤੇ ਹੀ ਉਨ੍ਹਾਂ ਸੰਸਾਰ ਵਿੱਚ ਪ੍ਰਸਿੱਧੀ ਖੱਟੀ। ਉਨ੍ਹਾਂ ਦਾ ਨਾਮ ਅੱਜ ਵੀ ਧਰੂ-ਤਾਰੇ ਵਾਂਗ ਚਮਕਦਾ ਹੈ, ਜੋ ਜਾਣੇ ਜਾਂਦੇ ਹਨ ਕਲਾਕਾਰਾਂ ਦੇ ਬਾਬਾ ਬੋਹੜ ਵਜੋਂ, ਜਿਨ੍ਹਾਂ ਦਾ ਨਾਂ ਹੈ ਮਰਹੂਮ ਲਾਲ ਚੰਦ ਯਮਲਾ ਜੱਟ।



ਲਾਲ ਚੰਦ ਯਮਲਾ ਜੱਟ ਦਾ ਜਨਮ ਮਾਤਾ ਹਰਨਾਮ ਕੌਰ ਦੀ ਕੁੱਖੋਂ, ਪਿਤਾ ਖੇੜਾ ਰਾਮ ਦੇ ਘਰ, ਬਾਬਾ ਝੰਡਾ ਰਾਮ ਬਦਵਾਲ ਦੇ ਵਿਹੜੇ 28 ਮਾਰਚ 1906 ਵਿੱਚ ਪਿੰਡ ਚੱਕ ਨੰਬਰ :384 ਈਸਪੁਰ ਤਹਿਸੀਲ ਟੋਬਾ ਟੇਕ ਸਿੰਘ, ਜ਼ਿਲ੍ਹਾ ਲਾਇਲਪੁਰ (ਪਾਕਿਸਤਾਨ) ਵਿੱਚ ਹੋਇਆ। ਇਨ੍ਹਾਂ ਦੇ ਪਿਤਾ ਰਾਸਧਾਰੀਆ ਦੀ ਮੰਡਲੀ ਨਾਲ ਰਹਿੰਦੇ ਸਨ ਤੇ ਇਨ੍ਹਾਂ ਦੇ ਬਾਬਾ ਜੀ ਵੰਝਲੀ ਦੇ ਬਹੁਤ ਮਾਹਰ ਸਨ।



1919 'ਚ ਛੋਟੀ ਉਮਰੇ ਪਿਤਾ ਦਾ ਸਾਇਆ ਸਿਰੋਂ ਉਠ ਜਾਣ ਕਾਰਨ ਕਬੀਲਦਾਰੀ ਦਾ ਬੋਝ ਆਪ ਦੇ ਸਿਰ ਪਰ ਆ ਪਿਆ। 1947 ਵਿੱਚ ਦੇਸ਼ ਦੇ ਬਟਵਾਰੇ ਤੋਂ ਬਾਅਦ ਲੁਧਿਆਣੇ ਆ ਕੇ ਵਸੇ।

ਕਵੀ ਨਰਾਇਣ ਸਿੰਘ ਦਰਦੀ ਦੇ ਘਰ ਮਾਲੀ ਦੀ ਨੌਕਰੀ ਵੀ ਕਰਨੀ ਪਈ ਅਤੇ ਫੁੱਲਾਂ ਦੇ ਹਾਰ ਵੀ ਵੇਚਣੇ ਪਏ। ਇਨ੍ਹਾਂ ਦੀ ਹਮਸਫਰ ਬੀਬੀ ਰਾਮਰੱਖੀ ਬਣੀ ਅਤੇ ਇਨ੍ਹਾਂ ਦੇ ਘਰ ਪੰਜ ਪੁੱਤਰਾਂ ਤੇ ਦੋ ਧੀਆਂ ਨੇ ਜਨਮ ਲਿਆ। ਯਮਲਾ ਜੀ ਸਿਰਫ 9 ਕੁ ਸਾਲ ਦੀ ਉਮਰ ਵਿੱਚ ਹੀ ਗਾਇਕੀ ਵੱਲ ਖਿੱਚੇ ਗਏ ਤੇ 'ਆਸੀ ਜੀ' ਨੂੰ ਉਸਤਾਦ ਧਾਰ ਲਿਆ। ਸਾਰੰਗੀ, ਢੋਲਕ ਤੇ ਦੋ ਤਾਰਾ ਵਜਾਉਣ ਵਿੱਚ ਮੁਹਾਰਤ ਰੱਖਣ ਵਾਲੇ ਨੇ ਪਿੱਛੋਂ ਪੱਕੇ ਰਾਗਾਂ ਦੀ ਸਿੱਖਿਆ ਹਾਸਲ ਕਰਨ ਲਈ ਚੌਧਰੀ ਮਜੀਦ ਦਾ ਲੜ ਫੜ ਲਿਆ। 17 ਕੁ ਸਾਲ ਦੀ ਉਮਰ 'ਚ ਹੀ ਯਮਲੇ ਨੇ ਪੰਡਤ ਸਾਹਿਬ ਦਿਆਲ ਜੀ ਤੋਂ ਵੰਝਲੀ, ਅਲ਼ਗੋਜ਼ੇ, ਸਾਰੰਗੀ, ਦੋ ਤਾਰਾ ਤੇ ਇੱਕ ਤਾਰਾ ਵਜਾਉਣੇ ਸਿੱਖੇ।

ਯਮਲਾ ਜੱਟ ਨੇ ਸਮੇਂ ਦੀ ਜ਼ਰੂਰਤ ਨੂੰ ਮੁੱਖ ਰੱਖ ਕੇ ਤੂੰਬੀ ਦੀ ਕਾਢ ਕੱਢੀ। ਪਹਿਲਾਂ ਤੂੰਬੀ ਪਿੱਤਲ ਦੀ ਕੌਲੀ ਤੋਂ ਬਣਾਈ ਜਾਂਦੀ ਸੀ, ਜੋ ਵੱਡੇ ਤੂੰਬੇ ਦਾ ਹੀ ਰੂਪ ਸੀ। ਫਿਰ ਤੂੰਬੀ ਵਜਾਉਣ ਵਿੱਚ ਐਨੀ ਮੁਹਾਰਤ ਹਾਸਲ ਕੀਤੀ ਕਿ ਤੂੰਬੀ ਦੀ ਇੱਕ ਤਾਰ ਉੱਤੇ ਸੱਤੇ ਸੁਰਾਂ ਜਗਾ ਦਿੰਦੇ ਸਨ। ਆਪਣੇ ਸਮੇਂ 'ਚ ਲਾਲ ਚੰਦ ਯਮਲਾ ਜੱਟ ਦੀ ਚਾਰੇ ਪਾਸੇ ਧੁੰਮ ਪੈਂਦੀ ਸੀ। ਉਸ ਦਾ ਜਿੱਥੇ ਵੀ ਅਖਾੜਾ ਲੱਗਣਾ ਹੁੰਦਾ ਲੋਕ ਸੁਣਨ ਲਈ ਉਤਾਵਲੇ ਹੁੰਦੇ ਤੇ ਵਹੀਰਾਂ ਘੱਤ ਕੇ ਅਖਾੜਾ ਵੇਖਣ ਲਈ ਪਹੁੰਚਦੇ। ਉਸ ਦੀ ਮਿੱਠੜੀ ਰਸੀਲੀ ਆਵਾਜ਼ ਕੰਨ ਵਿੱਚ ਪੈਂਦੀ ਤਾਂ ਸਰੋਤੇ ਸੁਸਰੀ ਵਾਂਗ ਸੌਂ ਜਾਂਦੇ। ਉਨ੍ਹਾਂ ਦੇ ਬਹੁਤ ਸਾਰੇ ਗੀਤ ਮਕਬੂਲ ਹੋਏ ਜੋ ਸਦੀਵੀ ਰੂਪ ਧਾਰ ਗਏ ਜਿਵੇਂ 'ਦੱਸ ਮੈਂ ਕੀ ਪਿਆਰ ਵਿੱਚੋਂ ਖੱਟਿਆ', 'ਸਤਿ ਗੁਰੂ ਨਾਨਕ ਤੇਰੀ ਲੀਲਾ ਨਿਆਰੀ ਐ', 'ਜੱਗ ਦਿਆ ਚਾਨਣਾ ਮੁੱਖ ਨਾ ਲੁਕਾ ਵੇਂ' 'ਨਾਮ ਸਾਂਈ ਦਾ ਬੋਲ', 'ਜਗਤੇ ਨੂੰ ਛੱਡ ਕੇ', 'ਚਿੱਟਾ ਹੋ ਗਿਆ ਲਹੂ ਭਰਾਵੋਂ', 'ਆਰ ਟਾਗਾਂ-ਪਾਰ ਟਾਗਾਂ', 'ਰਾਣੀ ਇੱਛਰਾਂ', ਆਦਿ। ਮਾਂ ਬੋਲੀ ਦਾ ਹੀਰਾ ਗਾਇਕ ਲਾਲ ਚੰਦ ਯਮਲਾ ਜੱਟ 20 ਦਸੰਬਰ 1991 ਨੂੰ ਰੱਬ ਨੂੰ ਪਿਆਰਾ ਹੋ ਗਿਆ। ਭਾਵੇਂ ਇਹ ਯੁੱਗ ਗਾਇਕ ਅੱਜ ਸਾਡੇ ਵਿਚਕਾਰ ਤਾਂ ਨਹੀਂ ਹੈ ਪਰ ਇਨ੍ਹਾਂ ਦੀ ਪਿਆਰੀ ਵਜ਼ਨਦਾਰ ਲਿਖਤ (ਗੀਤਕਾਰੀ) ਤੇ ਮਿੱਠੜੀ ਆਵਾਜ਼ ਵਿੱਚ ਰਿਕਾਰਡ ਕਰਵਾਏ ਗੀਤ ਹਮੇਸ਼ਾ ਉਨ੍ਹਾਂ ਨੂੰ ਅਮਰ ਰੱਖਣਗੇ।

## ਜੇਕਰ ਕਾਂਗਰਸ ਇਜਾਜ਼ਤ ਦੇਵ

ਸਮੱਸਿਆ ਦੇ ਹੱਲ ਲਈ ਸ਼ਰਨ ਪ੍ਰਣਾਲੀ ਸਬੰਧੀ ਅਹਿਮ ਨੀਤੀਗੱਤ ਤਬਦੀਲੀਆਂ ਦਾ ਸੱਦਾ ਦਿੱਤਾ ਸੀ। ਰਾਜਸੀ ਵਿਸ਼ਲੇਸ਼ਣਕਾਰਾਂ ਦਾ ਮੰਨਣਾ ਹੈ ਕਿ ਟਰੰਪ ਦੇ ਵਿਰੋਧ ਕਾਰਨ ਬਾਈਡਨ ਦੀ ਯੂ ਐਸ-ਮੈਕਸੀਕੋ ਸਰਹੱਦ ਤਜਵੀਜ਼ ਸਿਰੇ ਲੱਗਣ ਦੀ ਕੋਈ ਸੰਭਾਵਨਾ ਨਹੀਂ ਹੈ। ਸੈਨੇਟ ਘੱਟ ਗਿਣਤੀ ਲੀਡਰ ਮਿਚ ਮੈਕੋਨਲ ਨੇ ਹੋਰ ਰਿਪਬਲੀਕਨ ਸੈਨਟ ਮੈਂਬਰਾਂ ਨਾਲ ਨਿੱਜੀ ਗੱਲਬਾਤ ਦੌਰਾਨ ਕਿਹਾ ਹੈ ਕਿ ਸਾਬਕਾ ਰਾਸ਼ਟਰਪਤੀ ਟਰੰਪ ਦੇ ਵਿਰੋਧ ਕਾਰਨ ਰਿਪਬਲੀਕਨ ਪਾਰਟੀ ਜੱਕੋਤੱਕੀ ਦੀ ਹਾਲਤ ਵਿੱਚ ਹੈ। ਬਹੁਤ ਸਾਰੇ ਪਾਰਟੀ ਮੈਂਬਰਾਂ ਦਾ ਮੰਨਣਾ ਹੈ ਕਿ ਬਾਰਡਰ ਸਮਝੌਤਾ ਨਾ ਹੋਣ ਦੀ ਹਾਲਤ ਵਿੱਚ ਬਾਈਡਨ ਦੱਖਣੀ ਬਾਰਡਰ ਰਾਹੀਂ ਪ੍ਰਵਾਸੀਆਂ ਦੀ ਆਮਦ ਰੋਕਣ ਨੂੰ ਲੈ ਕੇ ਜਿੱਤ ਦਾ ਦਾਅਵਾ ਨਹੀਂ ਕਰ ਸਕਣਗੇ।

ਅਮਰੀਕਾ ਦੇ ਓਹੀਓ ਰਾਜ ਵਿੱਚ ਡੀਜ਼ਲ ਨਾਲ ਭਰੇ ਟੈਂਕਰ ਨੂੰ ਪੇਸ਼ ਆਏ ਹਾਦਸੇ ਉਪਰੰਤ ਲੱਗੀ ਅੱਗ, ਡਰਾਈਵਰ ਦੀ ਮੌਕੇ ਉੱਪਰ ਹੀ ਮੌਤ

ਸੈਕਰਾਮੈਂਟੋ,ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਅਮਰੀਕਾ ਦੇ ਓਹੀਓ ਰਾਜ ਵਿੱਚ ਡੀਜ਼ਲ ਨਾਲ ਭਰੇ ਟੈਂਕਰ ਟਰੱਕ ਦੇ ਹਾਦਸਾਗ੍ਰਸਤ ਹੋ ਜਾਣ ਦੀ ਖ਼ਬਰ ਹੈ ਜਿਸ ਕਾਰਨ ਡਰਾਈਵਰ ਦੀ ਘਟਨਾ ਸਥਾਨ ’ਤੇ ਹੀ ਮੌਤ ਹੋ ਗਈ। ਸਮਿਟ ਕਾਊਂਟੀ ਸ਼ੈਰਿਫ ਦਫਤਰ ਨੇ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ ਟਰੱਕ ਮੇਸਡੋਨੀਆ ਵਿੱਚ ਸਟੇਟ ਰੂਟ 8 ਉੱਪਰ ਉੱਤਰ ਵੱਲ ਜਾ ਰਿਹਾ ਸੀ ਜਦੋਂ ਡਰਾਈਵਰ ਨੇ ਇੰਟਰ ਸਟੇਟ 271 ਉੱਪਰ ਆਉਣ ਦੀ ਕੋਸ਼ਿਸ਼ ਕੀਤੀ ਤਾਂ ਟਰੱਕ ਕੰਟਰੋਲ ਤੋਂ ਬਾਹਰ ਹੋ ਕੇ ਇਕ ਪੁਲ ਨਾਲ ਟਕਰਾ ਗਿਆ। ਉਪੰਰਤ ਟਰੱਕ ਨੂੰ ਅੱਗ ਲੱਗ ਗਈ। ਡਰਾਈਵਰ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਓਹੀਓ ਇਨਵਾਇਰਨਮੈਂਟਲ ਪ੍ਰੋਟੈਕਸ਼ਨ ਏਜੰਸੀ ਦੇ ਬੁਲਾਰੇ ਬਰੀਆਂਟ ਸਮਰਵਿਲੇ ਨੇ ਕਿਹਾ ਹੈ ਕਿ ਟਰੱਕ ਵਿੱਚ 7500 ਗੈਲਨ ਤੇਲ ਸੀ ਜੋ ਨਾਲ ਲੱਗਦੇ ਦਰਿਆ ਵਿੱਚ ਵਹਿ ਗਿਆ। ਮ੍ਰਿਤਕ ਡਰਾਈਵਰ ਦੇ ਨਾਮ ਦਾ ਪਤਾ ਨਹੀਂ ਲੱਗ ਸਕਿਆ।

***

## ਭਾਨਾ ਦੀ ਗ੍ਰਿਫ਼ਤਾਰੀ ‘ਆਪ’ ਸਰਕਾਰ

ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਭਾਨਾ ਸਿੱਧੂ ਨੂੰ ਚੁੱਪ ਕਰਾਉਣ ਲਈ ਉਸ ਉਪਰ ਝੂਠੇ ਕੇਸ ਦਰਜ ਕਰਵਾ ਰਹੀ ਹੈ।

ਇਕੱਠ ਨੂੰ ਸੰਬੋਧਨ ਕਰਦਿਆਂ ਸ. ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਲੋਕ ਹਿੱਤਾਂ ਲਈ ਕੰਮ ਕਰਨ ਵਾਲੇ ਨੌਜਵਾਨ ਆਗੂਆਂ ਦੀ ਆਵਾਜ਼ ਦਬਾਉਣ ਲਈ ਪੰਜਾਬ ਸਰਕਾਰ ਝੂਠੇ ਪਰਚੇ ਦਰਜ ਕਰਨਾ ਬੰਦ ਕਰੇ।ਸ. ਮਾਨ ਨੇ ਕਿਹਾ ਕਿ ਭਾਨਾ ਸਿੱਧੂ ਵਾਂਗ ਕੋਈ ਹੋਰ ਨੌਜਵਾਨ ਸਰਕਾਰ ਨੂੰ ਉਸਦੀ ਕਾਰਗੁਜਾਰੀ ਪ੍ਰਤੀ ਸਵਾਲ ਨਾ ਕਰੇ, ਇਸ ਕਰਕੇ ਉਸਨੂੰ ਮੁੱਖ ਮੰਤਰੀ ਭਗਵੰਤ ਮਾਨ ਦੇ ਇਸ਼ਾਰੇ ’ਤੇ ਟਾਰਗੇਟ ਕੀਤਾ ਜਾ ਰਿਹਾ ਹੈ।ਪਹਿਲਾਂ ਉਸ ਉਪਰ ਬਲੈਕਮੇਲਿੰਗ ਦਾ ਕੇਸ ਪਾਇਆ ਗਿਆ, ਜਦੋਂ ਉਸ ਵਿੱਚੋਂ ਜਮਾਨਤ ਮਿਲ ਗਈ ਤਾਂ ਸਾਜਿਸ਼ ਤਹਿਤ ਉਸਦੇ ਅਕਸ ਨੂੰ ਖਰਾਬ ਕਰਨ ਲਈ ਪਟਿਆਲਾ ਵਿਖੇ ਚੈਨ ਸਨੈਚਿੰਗ ਦਾ ਕੇਸ ਦਰਜ ਕਰਵਾ ਦਿੱਤਾ, ਤਾਂ ਜੋ ਉਹ ਬਾਹਰ ਨਾ ਆ ਸਕੇ।ਸ. ਮਾਨ ਨੇ ਕਿਹਾ ਕਿ ਪਹਿਲਾਂ ਲੋਕ ਹਿੱਤਾਂ ਦੀ ਗੱਲ ਕਰਨ ਵਾਲੇ ਸਿੱਖ ਨੌਜਵਾਨ ਆਗੂ ਭਾਈ ਅੰਮ੍ਰਿਤਪਾਲ ਸਿੰਘ ਨੂੰ ਝੂਠੇ ਕੇਸ ਪਾ ਕੇ ਡਿਬਰੂਗੜ੍ਹ ਜੇਲ੍ਹ ਅੰਦਰ ਬੰਦ ਕਰ ਦਿੱਤਾ।ਹੁਣ ਭਾਨਾ ਸਿੱਧੂ ਦੀ ਆਵਾਜ ਨੂੰ ਦਬਾਉਣ ਲਈ ਉਸ ਉੱਪਰ ਝੂਠੇ ਪਰਚੇ ਦਰਜ ਕੀਤੇ ਜਾ ਰਹੇ ਹਨ।ਜੇਕਰ ਪੰਜਾਬ ਸਰਕਾਰ ਨੇ ਭਾਨਾ ਸਿੱਧੂ ਨੂੰ ਤੁਰੰਤ ਰਿਹਾਅ ਨਾ ਕੀਤਾ ਤਾਂ ਮੁੱਖ ਮੰਤਰੀ ਪੰਜਾਬ ਦੇ ਵਿਧਾਨ ਸਭਾ ਹਲਕਾ ਧੂਰੀ ਵਿਖੇ 31 ਜਨਵਰੀ ਨੂੰ ਵੱਡਾ ਇਕੱਠ ਕਰਕੇ ਸਰਕਾਰ ਦੇ ਲੋਕ ਵਿਰੋਧੀ ਚਿਹਰੇ ਤੋਂ ਨਕਾਬ ਹਟਾਇਆ ਜਾਵੇਗਾ।

ਭਾਨਾ ਸਿੱਧੂ ਦੇ ਹੱਕ ਵਿੱਚ ਪੰਜਾਬ ਦੇ ਵੱਖ-ਵੱਖ ਪਿੰਡਾਂ, ਵੱਖ- ਵੱਖ ਯੂਨੀਅਨਾਂ ਅਤੇ ਕਈ ਰਾਜਨੀਤਿਕ ਪਾਰਟੀਆਂ ਦੇ ਮੈਂਬਰ ਵੀ ਪਹੁੰਚੇ।

‘ਆਪ’ ਦੀ ਆਲੋਚਕਾਂ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਹੈ’

ਸਾਬਕਾ ਮੈਂਬਰ ਪਾਰਲੀਮੈਂਟ ਡਾ. ਧਰਮਵੀਰ ਗਾਂਧੀ ਨੇ ਕਿਹਾ ਕਿ ‘ਆਪ’ ਸਰਕਾਰ ਦਾ ਵੀ ਭਾਜਪਾ ਵਰਗਾ ਹੀ ਕਿਰਦਾਰ ਹੈ ਜੋ ਲੋਕਾਂ ਦੀ ਆਵਾਜ਼ ਦਬਾ ਰਹੀ ਹੈ ਜਿਸ ਤਰ੍ਹਾਂ ਉਸਨੇ ਲੱਖਾ ਸਿਧਾਣਾ ਨਾਲ ਕੀਤਾ, ਸੁਖਪਾਲ ਸਿੰਘ ਖਹਿਰਾ ਨਾਲ ਕੀਤਾ ਅਤੇ ਮੇਰੇ ਕੋਲ ਦਰਜਨਾਂ ਮਿਸਾਲਾਂ ਹਨ। ਇਹ ਬਹੁਤ ਸਾਰੇ ਰਾਜਾਂ ਵਿੱਚ ਹੋ ਰਿਹਾ ਹੈ, ਪਰ ‘ਆਪ’ ਸਰਕਾਰ ਹੱਦਾਂ ਪਾਰ ਕਰ ਚੁੱਕੀ ਹੈ।

ਪੰਜਾਬ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ ਦੇ ਚੇਅਰਮੈਨ ਸਰਬਜੀਤ ਸਿੰਘ ਵੇਰਕਾ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਪੁਲਿਸ ਨੂੰ 90 ਦੇ ਦਹਾਕੇ ਵਾਂਗ ਵਾਧੂ ਸ਼ਕਤੀਆਂ ਦਿੱਤੀਆਂ ਜਾ ਰਹੀਆਂ ਹਨ। ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਸੰਵਿਧਾਨ ਅਨੁਸਾਰ ਕੰਮ ਕਰਨਾ ਚਾਹੀਦਾ ਹੈ।ਉਨ੍ਹਾਂ ਨੇ ਕਿਹਾ ਕਿ ਇਸ ਨਾਲ ਸਰਕਾਰ ਅਤੇ ਪੁਲਿਸ ਦੇ ਅਕਸ ਨੂੰ ਢਾਹ ਲੱਗੇਗੀ ਕਿਉਂਕਿ ਜਨਤਾ ਪਹਿਲਾਂ ਹੀ ਗਲਤ ਅਤੇ ਸਹੀ ਬਾਰੇ ਪਤਾ ਹੁੰਦਾ ਹੈ।

ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਯੂਟਿਊਬਰ ਭਾਨਾ ਸਿੱਧੂ ਦੇ ਮਾਮਲੇ ’ਤੇ ਸਰਕਾਰ ’ਤੇ ਨਿਸ਼ਾਨੇ ਸੇਧਦਿਆਂ ਕਿਹਾ ਕਿ ਭਾਨਾ ਸਿੱਧੂ ਸਿਰਫ਼ ਇਸ ਲਈ ਨਿਸ਼ਾਨੇ ’ਤੇ ਹਨ ਕਿਉਂਕਿ ਉਹ ਸੂਬੇ ਦੀ ‘ਆਪ’ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਵਿਰੁੱਧ ਬੋਲਦੇ ਹਨ। ਬਾਜਵਾ ਨੇ ਮੰਗ ਕੀਤੀ ਕਿ ਭਾਨਾ ਸਿੱਧੂ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਅਤੇ ਉਸ ਵਿਰੁੱਧ ਦਰਜ ਕੀਤੇ ਗਏ ਸਾਰੇ ਝੂਠੇ ਕੇਸ ਰੱਦ ਕੀਤੇ ਜਾਣ। ਪੰਜਾਬ ਦੇ ਲੋਕਾਂ ਨੂੰ ਅਜੇ ਵੀ ਯਾਦ ਹੈ ਕਿ ਕਿਵੇਂ ‘ਆਪ’ ਸਰਕਾਰ ਨੇ ਕਈ ਪੱਤਰਕਾਰਾਂ ਦੇ ਟਵਿੱਟਰ ਹੈਂਡਲ ਅਤੇ ਫੇਸਬੁੱਕ ਪੇਜ ਬੰਦ ਕਰਵਾਏ ਸਨ, ਜੋ ਸਰਕਾਰ ਦੀਆਂ ਗਲਤ ਨੀਤੀਆਂ ਦਾ ਪਰਦਾਫਾਸ਼ ਕਰ ਰਹੇ ਸਨ।

ਭਾਨੇ ਉੱਪਰ ਮੋਹਾਲੀ ਵਿਖੇ ਚੌਥਾ ਪਰਚਾ ਦਰਜ

ਬੀਤੇ ਦਿਨੀਂ ਪਟਿਆਲਾ ਦੀ ਅਦਾਲਤ ਵਿੱਚ ਭਾਨਾ ਸਿੱਧੂ ਨੂੰ ਪੇਸ਼ ਕੀਤਾ ਗਿਆ। ਇਸ ਦੇ ਨਾਲ ਹੀ ਮੋਹਾਲੀ ਪੁਲਿਸ ਵੱਲੋਂ ਭਾਨਾ ਸਿੱਧੂ ਖਿਲਾਫ ਪਰਚਾ ਦਰਜ ਕੀਤਾ ਗਿਆ। ਮੋਹਾਲੀ ਪੁਲਿਸ ਨੇ ਪਟਿਆਲਾ ਤੋਂ ਭਾਨਾ ਸਿੱਧੂ ਨੂੰ ਰਿਮਾਂਡ ਉਤੇ ਲਿਆਂਦਾ ਗਿਆ।ਯਾਦ ਰਹੇ ਕਿ ਭਾਨਾ ਸਿੱਧੂ ਨੂੰ ਪਿਛਲੇ ਦਿਨੀਂ ਲੁਧਿਆਣਾ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਸੀ ਜਿਸ ਮਗਰੋਂ ਉਸ ਨੂੰ ਜੇਲ੍ਹ ਭੇਜ ਦਿਤਾ ਗਿਆ ਸੀ ਪਰ ਜ਼ਮਾਨਤ ’ਤੇ ਰਿਹਾਈ ਤੋਂ ਪਹਿਲਾਂ ਹੀ 26 ਜਨਵਰੀ ਨੂੰ ਉਸ ਨੂੰ ਪਟਿਆਲਾ ਪੁਲਿਸ ਲੈ ਆਈ। ਉਸ ਖ਼ਿਲਾਫ਼ 20 ਜਨਵਰੀ 2024 ਨੂੰ ਪਟਿਆਲਾ ਵਾਸੀ ਤੇਜਪ੍ਰੀਤ ਸਿੰਘ ਨੇ ਕੁੱਟਮਾਰ ਤੇ ਲੁੱਟ-ਖੋਹ ਦੀ ਸ਼ਿਕਾਇਤ ਦਰਜ ਕਰਵਾਈ ਸੀ ਜਿਸ ਦੀ ਪੜਤਾਲ ਤੋਂ ਬਾਅਦ ਕੇਸ ਦਰਜ ਕੀਤਾ ਗਿਆ ਸੀ।

***

## ਵੱਡੇ ਸੁਧਾਰ ਮੰਗਦੀ ਸਕੂਲ ਸਿੱਖਿਆ

ਫਾਲਤੂ ਸਮਝ ਕੇ ਦਬਾਈ ਫਾਈਲ ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਨੇ ਕਢਵਾਈ ਅਤੇ 2009 ਵਿੱਚ ਇੱਕ ਹਜ਼ਾਰ ਅੰਗਰੇਜ਼ੀ ਅਧਿਆਪਕ ਭਰਤੀ ਕਰਨ ਵਾਲਾ ਪੰਜਾਬ ਉੱਤਰੀ ਭਾਰਤ ਦਾ ਪਹਿਲਾ ਸੂਬਾ ਬਣਿਆ।

ਬਣਦੀਆਂ ਅਸਾਮੀਆਂ (ਅੰਗਰੇਜ਼ੀ) ਭਰਨੀਆਂ ਹਾਲੇ ਵੀ ਬਹੁਤ ਦੂਰ ਹੈ। ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੇ ਬੱਚਿਆਂ ਨੂੰ ਸਹੂਲਤਾਂ ਦੀ ਭਰਮਾਰ ਹੈ ਪਰ ਸਿੱਖਿਆ ਮਿਆਰ ਤੋਂ ਉਰੇ ਸਭ ਫ਼ਜ਼ੂਲ ਹੈ। ਇਹ ਸਰਕਾਰ ਲਈ ਪ੍ਰਚਾਰ ਦਾ ਮਸਾਲਾ ਹੈ।

ਆਖ਼ਰੀ ਗੱਲ ਇਹ ਹੈ ਕਿ ਪ੍ਰੀ-ਪ੍ਰਾਇਮਰੀ ਸ਼ੁਰੂ ਕੀਤੀ ਦਾ ਪੂਰਾ ਲਾਭ ਤਾਂ ਹੀ ਮਿਲੇਗਾ ਜੇਕਰ ਹਰ ਸਕੂਲ ਨੂੰ ਪ੍ਰੀ-ਪ੍ਰਾਇਮਰੀ ਅਧਿਆਪਕ ਦਿੱਤਾ ਜਾਵੇ। ਨਿੱਜੀ ਤਜਰਬਾ ਹੈ ਕਿ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਪਹਿਲੀ ਜਮਾਤ ਵਿੱਚ ਕੇਵਲ ਦੋ ਬੱਚੇ ਦੇਖ ਕੇ ਮੈਂ ਬਤੌਰ ਸਰਪੰਚ 2017 ਵਿੱਚ ਪੰਚਾਇਤ ਵਿੱਚ ਮਤਾ ਪਾ ਕੇ ਪਿੰਡ ਦੀ ਇੱਕ ਪੜ੍ਹੀ-ਲਿਖੀ ਵਹੁਟੀ ਨਿਯੁਕਤ ਕਰਕੇ ਪ੍ਰੀ-ਪ੍ਰਾਇਮਰੀ ਸ਼ੁਰੂ ਕਰ ਲਈ। ਉਸ ਬੀਬੀ ਨੇ 29 ਬੱਚਿਆਂ ਦੀ ਜਮਾਤ ਤਿਆਰ ਕਰ ਦਿੱਤੀ। ਬੰਦ ਹੋਣ ਵੱਲ ਤੁਰਿਆ ਸਕੂਲ ਬਚਾ ਲਿਆ ਗਿਆ। ਸਕੂਲ ਬਚਾਉਣੇ ਹਨ ਤਾਂ ਪ੍ਰੀ-ਪ੍ਰਾਇਮਰੀ ਅਧਿਆਪਕ ਦਿਓ। ਅਧਿਆਪਕ ਜਥੇਬੰਦੀਆਂ ਕੋਲ ਸਿੱਖਿਆ ਮਿਆਰ ਸੁਧਾਰਨ ਲਈ ਅਧਿਆਪਕ ਵਰਗ ਦਾ ਕੰਮ ਸੱਭਿਆਚਾਰ ਉਚਿਆਉਣ, ਲੋਕਾਂ/ਮਾਪਿਆਂ ਨੂੰ ਜਾਗਰੂਕ ਕਰਨ, ਸਰਕਾਰ ’ਤੇ ਦਬਾਅ ਪਾਉਣ, ਗ਼ਲਤ ਨੀਤੀਆਂ ਦੀ ਬਾ-ਦਲੀਲ ਪੜਚੋਲ ਕਰਕੇ ਸਰਕਾਰ ’ਤੇ ਦਬਾਅ ਪਾਉਣ ਤੱਕ ਦੀ ਅਪਾਰ ਸ਼ਕਤੀ ਹੈ। ਅਧਿਆਪਕਾਂ ਨੂੰ ਵੀ ਚਾਹੀਦਾ ਹੈ ਕਿ ਉਹ ਸ਼ਕਤੀ ਦੇ ਇਸ ਅਪਾਰ ਸੋਮੇ ਨੂੰ ਬਲਸ਼ਾਲੀ ਬਣਾਉਂਦੇ ਰਹਿਣ।

ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਅਧਿਕਾਰੀਆਂ ਵੱਲੋਂ ਕੇਵਲ ਜਨਵਰੀ 2024 ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਕਰਨਯੋਗ ਗਤੀਵਿਧੀਆਂ ਦੀ ਦਿੱਤੀ ਸੂਚੀ ਹੀ ਵੇਖ ਲੈਣੀ ਚਾਹੀਦੀ ਹੈ। ਇੱਕ ਪਾਸੇ ਫਰਵਰੀ ਵਿੱਚ ਪੰਜਵੀਂ ਅਤੇ ਮਾਰਚ ਵਿੱਚ ਅਠਵੀਂ-ਦਸਵੀਂ-ਬਾਰ੍ਹਵੀਂ ਦੀਆਂ ਪ੍ਰੀਖਿਆਵਾਂ ਅਤੇ ਜਨਵਰੀ ਸਾਰਾ ਸਹਾਇਕ ਗਤੀਵਿਧੀਆਂ ਉੱਤੇ ? ਲੱਗਦਾ ਹੈ ਐੱਸਸੀਈਆਰਟੀ ਤੱਕ ਦੇ ਅਧਿਕਾਰੀਆਂ ਦਾ ਫ਼ੈਸਲਾ ਹੈ ਕਿ ਅਧਿਆਪਕ ਨੂੰ ਕਲਾਸ ਵਿੱਚ ਜਾਣ ਨਹੀਂ ਦੇਣਾ। ਸਿੱਖਿਆ ਨੀਤੀ ਉਸ ਦਿਨ ਸਫਲ ਹੋਵੇਗੀ ਜਿਸ ਦਿਨ ਇਨ੍ਹਾਂ ਸਕੂਲਾਂ ਦਾ ਮਿਆਰ ਅਜਿਹਾ ਬਣੇ ਕਿ ਅਧਿਆਪਕ, ਅਧਿਕਾਰੀ, ਮੰਤਰੀ ਤੱਕ ਇਨ੍ਹਾਂ ਸਕੂਲਾਂ ਵਿੱਚ ਪੜ੍ਹਨ ਲਈ ਆਪਣੇ ਬੱਚਿਆਂ ਨੂੰ ਪੜ੍ਹਾਉਣ ਲਈ ਤਿਆਰ ਹੋਣ। ਕੀ ਅਧਿਆਪਕ, ਸਿੱਖਿਆ ਵਿਭਾਗ ਦੇ ਅਫ਼ਸਰ, ਸਰਕਾਰ ਅਤੇ ਮਾਪੇ ਇਸ ਚੁਣੌਤੀ ਨੂੰ ਕਬੂਲਣ ਲਈ ਤਿਆਰ ਹਨ ?

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com ’ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ ’ਚ ਜ਼ਰੂਰ ਥਾਂ ਦਿੱਤੀ ਜਾਵੇਗੀ।

ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Email: asrnewwriters@gmail.com www.amritsartimes.com Ph.: (510) 240-5949

## ਮਲਬੇ ਦਾ ਮਾਲਕ

ਉਹਨੂੰ ਆਪਣੀ ਜੀਭ ਅਤੇ ਬੁੱਲ੍ਹਾਂ ਵਿਚਕਾਰ ਫਾਸਲਾ ਕੁਝ ਵਧੇਰੇ ਹੀ ਜਾਪ ਰਿਹਾ ਸੀ । ਉਹਨੇ ਪਰਨੇ ਨਾਲ ਬੁੱਲ੍ਹਾਂ ਦੇ ਕੋਨੇ ਪੂੰਝੇ । ਫਿਰ ਉਹਦੇ ਮੂੰਹੋਂ ਨਿਕਲਿਆ, ਹੇ ਪ੍ਰਭੂ ਸੱਚਿਆ, ਤੂੰ ਹੀ ਤੂੰ ਏਂ, ਤੂੰ ਹੀ ਤੂੰ, ਤੂੰ ਹੀ ਤੂੰ .!

ਗਨੀ ਨੂੰ ਜਾਪਿਆ ਕਿ ਭਲਵਾਨ ਦੇ ਬੁੱਲ੍ਹ ਸੁੱਕ ਗਏ ਨੇ ਅਤੇ ਉਹਦੀਆਂ ਅੱਖਾਂ ਦੇ ਆਲੇ – ਦੁਆਲੇ ਘੇਰੇ ਹੋਰ ਗੂੜ੍ਹੇ ਹੋ ਗਏ ਹਨ ।ਉਹਨੇ ਉਹਦੇ ਮੋਢੇ 'ਤੇ ਹੱਥ ਰੱਖਦਿਆਂ ਕਿਹਾ, ਜੀਅ ਭੈੜਾ ਨਾ ਕਰ ਰੱਖਿਆ । ਜੋ ਹੋਣਾ ਸੀ, ਸੋ ਹੋ ਗਿਆ । ਉਹ ਹੁਣ ਵਾਪਸ ਤਾਂ ਆ ਨਹੀਂ ਸਕਦਾ ।ਖ਼ੁਦਾ ਨੇਕ ਦੀ ਨੇਕੀ ਕਾਇਮ ਰੱਖੇ ਤੇ ਬਦ ਦੀ ਬਦੀ ਮੁਆਫ ਕਰ ਦੇਵੇ । ਮੇਰੇ ਲਈ ਚਿਰਾਗ ਨਹੀਂ ਤਾਂ ਨਾ ਸਹੀ, ਤੁਸੀਂ ਤੇ ਹੋ ਨਾ ।ਮੈਨੂੰ ਇੱਥੇ ਆ ਕੇ ਇਹ ਤੱਸਲੀ ਤਾਂ ਹੋ ਗਈ ਕਿ ਉਨ੍ਹਾਂ ਸਮਿਆਂ ਦੀ ਕੋਈ ਯਾਦਗਾਰ ਤਾਂ ਹੈ । ਮੈਂ ਤੇਨੂੰ ਦੇਖ ਲਿਆ ਤਾਂ ਸਮਝੋ ਚਿਰਾਗ ਨੂੰ ਦੇਖ ਲਿਆ । ਅੱਲ੍ਹਾ ਤੁਹਾਨੂੰ ਤੰਦਰੁਸਤ ਰੱਖੇ ।ਜਿਓਂਦੇ ਰਹੋ, ਖੁਸ਼ੀਆਂ ਮਾਣੋ ! ਤੇ ਗਨੀ ਸੋਟੀ 'ਤੇ ਭਾਰ ਪਾਉਂਦਾ ਉਠ ਖਲੋਤਾ ।ਤੁਰਦਿਆਂ ਉਹਨੇ ਫਿਰ ਕਿਹਾ,ਚੰਗਾ ਰੱਖੇ ਭਲਵਾਨ, ਮੈਨੂੰ ਯਾਦ ਰੱਖੀਂ ।

ਰੱਖੇ ਦੇ ਗਲੇ 'ਚੋਂ ਮੱਧਮ ਜਿਹੀ 'ਹਾਂ ' ਨਿਕਲੀ, ਪਰਨਾ ਹੱਥ ਵਿੱਚ ਫੜੀ ਉਹਦੇ ਦੋਵੇਂ ਹੱਥ ਜੁੜ ਗਏ । ਗਨੀ ਗਲੀ ਦੇ ਆਲੇ ਦੁਆਲੇ ਨੂੰ ਹਸਰਤ ਭਰੀਆਂ ਨਜ਼ਰਾਂ ਨਾਲ ਦੇਖਦਾ ਹੋਇਆ ਹੌਲੀ ਹੌਲੀ ਗਲੀ ਵਿਚੋਂ ਬਾਹਰ ਚਲਾ ਗਿਆ ।

ਉਪਰ ਬਾਰੀਆਂ ਵਿੱਚ ਥੋੜ੍ਹੀ ਦੇਰ ਤਕ ਵਿਚਾਰਗੋਈਆਂ ਚੱਲਦੀਆਂ ਰਹੀਆਂ ਕਿ ਮਨੋਹਰੀ ਨੇ ਗਲੀ ਵਿਚੋਂ ਬਾਹਰ ਨਿਕਲ ਕੇ ਜ਼ਰੂਰ ਗਨੀ ਸਭ ਕੁਝ ਦੱਸ ਦਿੱਤਾ ਹੋਵੇਗਾ. ਗਨੀ ਦੇ ਸਾਹਮਣੇ ਰੱਖੇ ਦਾ ਤਾਲੂ ਕਿਵੇਂ ਸੁੱਕ ਗਿਆ ਸੀ ! ਰੱਖਾ ਹੁਣ ਕਿਹੜੇ ਮੂੰਹ ਨਾਲ ਲੋਕਾਂ ਨੂੰ ਮਲਬੇ ਕੋਲ ਗਾਂ ਬੰਨ੍ਹਣ ਤੋਂ ਰੋਕੇਗਾ ? ਵਿਚਾਰੀ ਜ਼ੁਬੈਦਾ ! ਵਿਚਾਰੀ ਕਿੰਨੀ ਚੰਗੀ ਸੀ ! ਕਦੇ ਕਿਸੇ ਨੂੰ ਮੰਦਾ ਨਹੀਂ ਸੀ ਬੋਲਦੀ .ਰੱਖਾ ਮਰ ਜਾਣਾ ਨਾ ਕਿਸੇ ਘਰ ਦਾ, ਨਾ ਘਾਟ ਦਾ । ਇਹਨੂੰ ਕਿਹੜਾ ਕਿਸੇ ਦੀ ਮਾਂ – ਭੈਣ ਦਾ ਲਿਹਾਜ ਏ ?

ਥੋੜ੍ਹੀ ਦੇਰ ਬਾਅਦ ਜ਼ਨਾਨੀਆਂ ਘਰਾਂ ਵਿਚੋਂ ਨਿਕਲ ਕੇ ਗਲੀ ਵਿੱਚ ਆ ਗਈਆਂ । ਬੱਚੇ ਗਲੀ ਵਿਚੋਂ ਗੁੱਲੀ – ਡੰਡਾ ਖੇਡਣ ਲੱਗ ਪਏ ਤੇ ਬਾਰਾਂ ਤੇਰ੍ਹਾਂ ਵਰ੍ਹਿਆਂ ਦੀਆਂ ਦੋ ਕੁੜੀਆਂ ਗੁੱਥਮ ਗੁੱਥਾ ਹੋਣ ਲੱਗ ਪਈਆਂ ।

ਰੱਖਾ ਦੇਰ ਸ਼ਾਮ ਤੱਕ ਖੂਹ 'ਤੇ ਬੈਠਾ ਖੰਘਾਰਦਾ ਤੇ ਚਿਲਮ ਫੂਕਦਾ ਰਿਹਾ । ਕਈਆਂ ਨੇ ਉਥੋਂ ਲੰਘਦਿਆਂ, ਉਹਨੂੰ ਪੁੱਛਿਆ, ਰੱਖੇ ਸ਼ਾਹ, ਸੁਣਿਐ ਅੱਜ ਗਨੀ ਪਾਕਿਸਤਾਨੋਂ ਆਇਆ ਸੀ ।

ਆਇਆ ਸੀ।ਰੱਖੇ ਦਾ ਹਰ ਵਾਰ ਇਕੋ ਜੁਆਬ ਹੁੰਦਾ ।

ਫਿਰ .?

ਫਿਰ ਕੁਝ ਨਹੀਂ ਚਲਾ ਗਿਆ ।

ਰਾਤ ਹੋਣ 'ਤੇ ਭਲਵਾਨ ਰੋਜ਼ ਵਾਂਗ ਗਲੀ ਦੇ ਬਾਹਰ ਸੱਜੇ ਹੱਥ ਵਾਲੀ ਦੁਕਾਨ ਦੇ ਥੜ੍ਹੇ 'ਤੇ ਆ ਬੈਠਾ ।ਰੋਜ਼ ਹੀ ਉਹ ਰਾਹ ਜਾਂਦੇ ਜਾਣ – ਪਛਾਣ ਵਾਲਿਆਂ ਨੂੰ ਆਵਾਜ਼ਾਂ ਮਾਰ – ਮਾਰ ਕੇ ਬੁਲਾ ਲੈਂਦਾ ਤੇ ਉਨ੍ਹਾਂ ਨੂੰ ਸੱਟੇ ਦੇ ਗੁਰ ਅਤੇ ਸਿਹਤ ਦੇ ਨੁਸਖੇ ਦਸਦਾ ਹੁੰਦਾ ਸੀ ਪਰ ਉਸ ਦਿਨ ਉਹ ਲੱਛੇ ਨੂੰ ਆਪਣੀ ਵੈਸ਼ਨੋ ਦੇਵੀ ਦੀ ਯਾਤਰਾ ਦਾ ਹਾਲ ਸੁਣਾਉਂਦਾ ਰਿਹਾ ਜਿਹੜੀ ਉਸ ਨੇ ਪੰਦਰਾ ਸਾਲ ਪਹਿਲਾਂ ਕੀਤੀ ਸੀ । ਲੱਛੇ ਨੂੰ ਭੇਜ ਕੇ ਉਹ ਗਲੀ ਵਿੱਚ ਆਇਆ ਤਾਂ ਮਲਬੇ ਕੋਲ ਲੋਕੂ ਪੰਡਿਤ ਦੀ ਮੱਝ ਖੜ੍ਹੀ ਦੇਖ ਕੇ ਉਹ ਉਹ ਰੋਜ਼ ਦੀ ਆਦਤ ਵਾਂਗ ਉਹਨੂੰ ਧੱਕੇ ਦੇ ਕੇ ਪਰ੍ਹੇ ਕਰਨ ਲੱਗਾ :ਤੱਤ ਤਤ ਤੱਤ ..ਤੱਤ ਹੱਤ

ਮੱਝ ਨੂੰ ਪਰ੍ਹੇ ਕਰਕੇ ਆਰਾਮ ਕਰਨ ਲਈ ਉਹ ਮਲਬੇ ਦੀ ਚੁਗਾਠ ਕੋਲ ਆ ਕੇ ਬਹਿ ਗਿਆ । ਗਲੀ ਉਸ ਸਮੇਂ ਬਿਲਕੁਲ ਸੁੰਨਸਾਨ ਸੀ । ਕਮੇਟੀ ਦੀ ਕੋਈ ਬੱਤੀ ਨਾ ਹੋਣ ਕਰਕੇ ਉਥੇ ਸ਼ਾਮ ਪੈਂਦਿਆਂ ਹੀ ਹਨੇਰਾ ਹੋ ਜਾਂਦਾ ਸੀ । ਮਲਬੇ ਦੇ ਹੇਠਾਂ ਨਾਲੀ ਦਾ ਪਾਣੀ ਹਲਕੀ ਜਿਹੀ ਆਵਾਜ਼ ਕਰਦਾ ਵਗ ਰਿਹਾ ਸੀ । ਰਾਤ ਦੀ ਖਾਮੋਸ਼ੀ ਨਾਲ ਮਿਲੀਆਂ ਹੋਈਆਂ ਕਈ ਤਰ੍ਹਾਂ ਦੀਆਂ ਹੌਲੀਆਂ ਹੌਲੀਆਂ ਆਵਾਜ਼ਾਂ ਮਲਬੇ ਦੀ ਮਿੱਟੀ ਵਿਚੋਂ ਨਿਕਲ ਰਹੀਆਂ ਸਨ। ਚਿਓਂ ਚਿਓਂ ਚਿਓਂ ਚਿਓਂ .ਚਿਕ .ਚਿਕ .ਚਿਕ ਚਿਰਰ.. ਚਿਰਰ.ਰੀ . ਰੀ ਚਿਰਰ । ਕੋਈ ਭੁੱਲਿਆ ਭਟਕਿਆ ਕਾਂ ਪਤਾ ਨਹੀਂ ਕਿਥੋਂ ਉਡ ਕੇ ਚੁਗਾਠ 'ਤੇ ਆ ਬੈਠਾ ।ਉਹਨੇ ਲੱਕੜ ਦੇ ਰੇਸ਼ੇ ਏਧਰ ਉਧਰ ਖਿਲਾਰ ਦਿੱਤੇ । ਕਾਂ ਦੇ ਉਥੇ ਬੈਠਦਿਆਂ ਹੀ ਮਲਬੇ ਦੇ ਇੱਕ ਕੋਨੇ ਵਿੱਚ ਲੇਟਿਆ ਕੁੱਤਾ ਗੁੱਰਾਉਂਦਾ ਹੋਇਆ ਉਠਿਆ ਅਤੇ ਭੌਂਕਣ ਲੱਗਾ ।ਬਊ..ਬਊ ਬਊ ਬਊ । ਕਾਂ ਸਹਿਮਿਆ ਹੋਇਆ ਕੁਝ ਦੇਰ ਚੁਗਾਠ 'ਤੇ ਬੈਠਾ ਰਿਹਾ । ਫਿਰ ਖੰਭ ਫੜਫੜਾਉਂਦਾ ਖੂਹ ਵਾਲੇ ਪਿੱਪਲ 'ਤੇ ਜਾ ਬੈਠਾ । ਕਾਂ ਦੇ ਉੱਡ ਜਾਣ 'ਤੇ ਕੁੱਤਾ ਕੁਝ ਹੋਰ ਹੇਠਾਂ ਆਇਆ ਅਤੇ ਭਲਵਾਨ ਵੱਲ ਮੂੰਹ ਕਰ ਕੇ ਭੌਂਕਣ ਲੱਗਾ । ਭਲਵਾਨ ਉਹਨੂੰ ਹਟਾਉਣ ਲਈ ਉੱਚੀ ਆਵਾਜ਼ ਵਿੱਚ ਹਟ ਹਟ ਹਟ ਦੂਰ ਦੂਰ ਕਰਨ ਲੱਗਾ ।

ਪਰ ਕੁੱਤਾ ਹੋਰ ਨੇੜੇ ਆ ਕੇ ਹੋਰ ਤਿੱਖਾ ਭੌਂਕਣ ਲੱਗਾ ਬਊ ਬਊ ਬਊ

ਹੱਟ .ਹੱਟ, .ਦੁਰ ਰ.ਰ .ਰ ਦੁਰ ਹਰ ।

ਬਊ ..ਬਊ ਬਊ ।

ਭਲਵਾਨ ਨੇ ਵੱਟਾ ਚੁੱਕ ਕੇ ਮਾਰਿਆ ।ਕੁੱਤਾ ਥੋੜ੍ਹਾ ਜਿਹਾ ਪਿੱਛੇ ਹੱਟ ਗਿਆ ਪਰ ਭੌਂਕਣੋਂ ਨਾ ਹਟਿਆ । ਭਲਵਾਨ ਮੂੰਹ ਹੀ ਮੂੰਹ ਵਿੱਚ ਕੁੱਤੇ ਨੂੰ ਮਾਂ ਦੀ ਗਾਲ ਕੱਢ ਕੇ ਉਥੋਂ ਉਠ ਖੜ੍ਹਾ ਹੋਇਆ ਤੇ ਹੌਲੀ ਹੌਲੀ ਤੁਰਦਾ ਖੂਹ ਦੀ ਸਿਲ 'ਤੇ ਲੇਟਿਆ । ਭਲਵਾਨ ਦੇ ਉਥੋਂ ਜਾਂਦਿਆਂ ਹੀ ਕੁੱਤਾ ਗਲੀ ਵਿੱਚ ਆ ਗਿਆ ਤੇ ਖੂਹ ਵੱਲ ਮੂੰਹ ਕਰ ਕੇ ਭੌਂਕਣ ਲੱਗਾ । ਕਾਫੀ ਦੇਰ ਭੌਂਕਣ ਤੋਂ ਬਾਅਦ ਜਦੋਂ ਗਲੀ ਵਿੱਚ ਉਹਨੂੰ ਕੋਈ ਜਨਾ ਵੀ ਤੁਰਦਾ ਫਿਰਦਾ ਨਜ਼ਰ ਨਾ ਆਇਆ ਤਾਂ ਉਹ ਇੱਕ ਵਾਰ ਫਿਰ ਕੰਨ ਝਾੜ ਕੇ ਮਲਬੇ 'ਤੇ ਜਾ ਚੜ੍ਹਿਆ ਅਤੇ ਕੋਨੇ ਵਿੱਚ ਬਹਿ ਕੇ ਭੌਂਕਣ ਲੱਗਾ ।

***

## ਲੋੜ ਹੈ ਸੁਧਾਰ ਘਰਾਂ 'ਚ

ਹਾਈ ਕੋਰਟ ਨੇ ਕਿਹਾ ਕਿ ਜੇਲ੍ਹਾਂ 'ਚ ਧੰਦਾ ਜ਼ੋਰਾਂ 'ਤੇ ਹੈ ਅਤੇ ਜੇਲ੍ਹ ਅਧਿਕਾਰੀ/ਮੁਲਾਜ਼ਮ ਲੱਖਾਂ ਰੁਪਏ ਕਮਾ ਰਹੇ ਹਨ। ਉਸ ਨੇ ਸਖ਼ਤ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਜੇਕਰ ਦੋਸ਼ੀ ਮੁਲਾਜ਼ਮ 'ਤੇ ਕੋਈ ਕਾਰਵਾਈ ਨਾ ਹੋਈ ਤਾਂ ਅਦਾਲਤ ਆਪਣੇ ਪੱਧਰ 'ਤੇ ਕਾਰਵਾਈ ਕਰੇਗੀ।

ਸੀ.ਬੀ.ਆਈ. ਅਤੇ ਈ.ਡੀ. ਨੂੰ ਜਾਂਚ ਦੇਣ ਦੀ ਚਿਤਾਵਨੀ ਦਿੱਤੀ ਗਈ ਹੈ।ਪੰਜਾਬ ਇੱਕ ਸਰਹੱਦੀ ਸੂਬਾ ਹੈ। ਸਰਹੱਦੀ ਪੱਟੀ ਵਿੱਚ ਸੁਰੱਖਿਆ ਦਸਤਿਆਂ ਨੂੰ ਹਰ ਵੇਲੇ ਸਮਾਜ ਅਤੇ ਦੇਸ਼ ਵਿਰੋਧੀ ਤਾਕਤਾਂ ਦੀਆਂ ਸਰਗਰਮੀਆਂ 'ਤੇ ਹਮੇਸ਼ਾ ਬਾਜ਼ ਅੱਖ ਰੱਖਣੀ ਪੈਂਦੀ ਹੈ। ਗੁਆਂਢੀ ਮੁਲਕ ਪਾਕਿਸਤਾਨ ਦੀਆਂ ਨਾਪਾਕ ਹਰਕਤਾਂ ਕਾਰਨ ਭਾਰਤ ਅੰਦਰ ਹਥਿਆਰਾਂ ਅਤੇ ਕੈਮੀਕਲ ਨਸ਼ਿਆਂ ਦੀ ਸਪਲਾਈ ਜ਼ੋਰਾਂ 'ਤੇ ਹੁੰਦੀ ਰਹਿੰਦੀ ਹੈ।

ਅਜਿਹੇ ਵਿੱਚ ਜੇਲ੍ਹਾਂ ਅੰਦਰ ਧੜੱਲੇ ਵਾਪਰ ਰਿਹਾ ਇਹ ਕੁਝ ਵੱਡੇ ਸਵਾਲ ਖੜ੍ਹੇ ਕਰਦਾ ਹੈ। ਜਦੋਂ ਗ਼ੈਰ-ਸਮਾਜੀ ਅਨਸਰ ਸਲਾਖਾਂ ਪਿੱਛੇ ਹੁੰਦੇ ਹਨ ਤਾਂ ਵੀ ਉਨ੍ਹਾਂ ਦੀ ਪੁਸ਼ਤਪਨਾਹੀ ਵੇਖਣ ਨੂੰ ਮਿਲਦੀ ਹੈ। ਇਹੀ ਕਾਰਨ ਹੈ ਕਿ ਅਜੋਕੇ ਦੌਰ ਵਿੱਚ ਚੋਰੀਆਂ, ਠੱਗੀਆਂ ਤੇ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ 'ਚ ਕਾਫ਼ੀ ਵਾਧਾ ਹੋ ਗਿਆ ਹੈ ਤੇ ਗੈਂਗਸਟਰਾਂ ਨੇ ਵੀ ਅੱਤ ਚੁੱਕੀ ਹੋਈ ਹੈ। ਸੂਬੇ ਦੀਆਂ ਜੇਲ੍ਹਾਂ 'ਚ ਅਜਿਹੀਆਂ ਘਟਨਾਵਾਂ ਰੋਕਣ ਲਈ ਸਿਆਸੀ ਦ੍ਰਿੜ੍ਹ ਇੱਛਾ ਸ਼ਕਤੀ, ਪ੍ਰਸ਼ਾਸਨਿਕ ਸਰਗਰਮੀ ਤੇ ਜੇਲ੍ਹ ਅਧਿਕਾਰੀਆਂ ਦਾ ਡਿਊਟੀ ਪ੍ਰਤੀ ਪ੍ਰਤੀਬੱਧ ਹੋਣਾ ਅਤਿਅੰਤ ਜ਼ਰੂਰੀ ਹੈ।

***

## ਭਾਰਤ 'ਚ ਦਲਿਤ, ਮੁਸਲਿਮ ਬਸਤੀਆਂ ਅਮਰੀਕਾ

ਬਸਤੀਆਂ ਅਮਰੀਕੀ ਸ਼ਹਿਰਾਂ ਵਿੱਚ ਕਾਲੇ ਭਾਈਚਾਰਿਆਂ ਵਾਂਗ ਵੱਖ-ਵੱਖ ਹਨ। ਉਸਨੇ ਕਿਹਾ ਹੈ ਕਿ ਮੁਸਲਮਾਨਾਂ ਵਿੱਚ ਮੁਸਲਿਮ ਗੁਆਂਢੀਆਂ ਵਾਲੀਆਂ ਬਸਤੀਆਂ ਵਿੱਚ ਰਹਿਣ ਦੀ ਜ਼ਿਆਦਾ ਸੰਭਾਵਨਾ ਹੈ। 26% ਸ਼ਹਿਰੀ ਮੁਸਲਮਾਨ ਅਜਿਹੀ ਥਾਂ 'ਤੇ ਰਹਿੰਦੇ ਹਨ ਜਿੱਥੇ ਗੁਆਂਢੀ 80% ਤੋਂ ਵੱਧ ਮੁਸਲਮਾਨ ਹਨ। 17% ਸ਼ਹਿਰੀ ਸਡੂਲਡ ਕਾਸਟ ਆਂਢ-ਗੁਆਂਢ ਵਿੱਚ ਰਹਿੰਦੇ ਹਨ ਜੋ 80% ਸਡੂਲਡ ਕਾਸਟ ਤੋਂ ਵੱਧ ਹਨ। ਪੇਂਡੂ ਖੇਤਰਾਂ ਵਿੱਚ ਵੀ ਇਹੋ ਸਥਿਤੀ ਹੈ।

ਪਾਲ ਨੋਵੋਸਾਡ ਨੇ ਕਿਹਾ ਹੈ, ਸ਼ਹਿਰਾਂ ਵਿੱਚ ਜਨਤਕ ਸੇਵਾਵਾਂ ਅਨੁਸੂਚਿਤ ਜਾਤੀਆਂ ਅਤੇ ਮੁਸਲਮਾਨਾਂ ਦੇ ਪ੍ਰਭਾਵ ਵਾਲੇ ਖੇਤਰਾਂ ਵਿੱਚ ਮਿਲਣ ਦੀ ਸੰਭਾਵਨਾ ਘੱਟ ਹੈ। 100% ਮੁਸਲਿਮ ਗੁਆਂਢੀਆਂ ਵਾਲੀਆਂ ਬਸਤੀਆਂ ਵਿੱਚ ਸੈਕੰਡਰੀ ਸਕੂਲ ਹੋਣ ਦੀ ਸੰਭਾਵਨਾ ਇਨ੍ਹਾਂ ਬਸਤੀਆਂ ਦੀ ਤੁਲਨਾ ਵਿੱਚ ਕੇਵਲ ਅੱਧੀ ਹੁੰਦੀ ਹੈ ਜਿਥੇ ਕਿ ਕੋਈ ਮੁਸਲਮਾਨ ਨਹੀਂ ਹੁੰਦਾ। ਇਸ ਵਿੱਚ ਅੱਗੇ ਕਿਹਾ ਗਿਆ ਹੈ, ਕਿ ਜਦੋਂ ਅਸੀਂ ਸਡੂਲਡ ਕਾਸਟ 'ਤੇ ਨਜ਼ਰ ਮਾਰਦੇ ਹਾਂ,

ਤਾਂ ਸਟੂਲਡ ਕਾਸਟ ਗੁਆਂਢੀਆਂ ਦੀ ਮੱਧਮ ਗਿਣਤੀ ਵਾਲੀਆਂ ਬਸਤੀਆਂ ਵਿੱਚ ਚੰਗੀਆਂ ਸਹੂਲਤਾਂ ਹਨ, ਪਰ ਸਭ ਤੋਂ ਜ਼ਿਆਦਾਤਰ ਅਨੁਸੂਚਿਤ ਜਾਤੀਆਂ ਦੇ ਪਰਿਵਾਰਾਂ ਵਾਲੇ ਬਸਤੀਆਂ ਵਿੱਚ ਸੈਕੰਡਰੀ ਸਕੂਲ ਹੋਣ ਦੀ ਸੰਭਾਵਨਾ ਘੱਟ ਸੀ। ਉਸਨੇ ਕਿਹਾ ਹੈ ਕਿ ਇੱਕ ਹੀ ਸ਼ਹਿਰ ਦੇ ਅੰਦਰ ਅਨੁਸੂਚਿਤ ਜਾਤੀ, ਮੁਸਲਿਮ ਅਤੇ ਆਮ ਗੁਆਂਢੀਆਂ ਵਾਲੀਆਂ ਬਸਤੀਆਂ ਵਿਚਕਾਰ ਤੁਲਨਾ ਕੀਤੀ ਗਈ ਹੈ।

ਉਹ ਕਹਿੰਦਾ ਹੈ ਕਿ ਅਸੀਂ ਜਨਤਕ ਸੇਵਾਵਾਂ ਦੀ ਇੱਕ ਵਿਸ਼ਾਲ ਸ਼੍ਰੇਣੀ - ਪ੍ਰਾਇਮਰੀ ਸਕੂਲਾਂ, ਸਿਹਤ ਕਲੀਨਿਕਾਂ, ਪਾਣੀ ਅਤੇ ਬਿਜਲੀ ਦੇ ਬੁਨਿਆਦੀ ਢਾਂਚੇ, ਜਲ ਨਿਕਾਸੀ ਸਹੂਲਤਾਂ ਬਾਰੇ ਵਿਸ਼ਲੇਸ਼ਣ ਕੀਤਾ ਗਿਆ। ਉਨ੍ਹਾਂ ਅੱਗੇ ਕਿਹਾ ਕਿ ਨਤੀਜੇ ਉਹੀ ਆਏ ਹਨ। ਸ਼ਹਿਰਾਂ ਵਿੱਚ ਅਨੁਸੂਚਿਤ ਜਾਤੀਆਂ ਅਤੇ ਮੁਸਲਮਾਨਾਂ ਦੀਆਂ ਬਸਤੀਆਂ ਵਿੱਚ ਜਨਤਕ ਸੇਵਾਵਾਂ ਬਹੁਤ ਮਾੜੀਆਂ ਹਨ।

***

## ਬ੍ਰਿਟੇਨ 'ਚ ਅਮਰੀਕਾ ਤਾਇਨਾਤ

ਪਤਾ ਲੱਗਦਾ ਹੈ ਕਿ ਏਅਰਬੇਸ 'ਤੇ ਨਵੀਂ ਸਹੂਲਤ ਲਈ ਇਕਰਾਰਨਾਮੇ ਲਈ ਦਸਤਾਵੇਜ਼ ਤਿਆਰ ਕੀਤੇ ਗਏ ਹਨ। ਰੱਖਿਆ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਕਿਸੇ ਵੀ ਸਥਾਨ 'ਤੇ ਪ੍ਰਮਾਣੂ ਹਥਿਆਰਾਂ ਦੀ ਮੌਜੂਦਗੀ ਦੀ ਨਾ ਤਾਂ ਪੁਸ਼ਟੀ ਕਰਨਾ ਅਤੇ ਨਾ ਹੀ ਇਨਕਾਰ ਕਰਨਾ ਯੂਕੇ ਅਤੇ ਨਾਟੋ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਨੀਤੀ ਹੈ।

ਹਾਲ ਹੀ ਵਿੱਚ, ਨਾਟੋ ਅਤੇ ਰੂਸ ਵਿਚਕਾਰ ਸੰਭਾਵਿਤ ਯੁੱਧ ਲਈ ਤਿਆਰ ਰਹਿਣ ਲਈ ਕਿਹਾ ਗਿਆ ਹੈ। ਇਸ ਹਫਤੇ ਦੇ ਸ਼ੁਰੂ ਵਿੱਚ, ਬ੍ਰਿਟਿਸ਼ ਫੌਜ ਦੇ ਸਾਬਕਾ ਮੁਖੀ ਜਨਰਲ ਸਰ ਪੈਟਰਿਕ ਸੈਂਡਰਸ ਨੇ ਕਿਹਾ ਸੀ ਕਿ ਸੰਭਾਵਿਤ ਸੰਘਰਸ਼ ਲਈ ਤਿਆਰ ਰਹਿਣ ਦੀ ਲੋੜ ਹੈ। ਇਸ ਦੇ ਲਈ 74,000 ਸੈਨਿਕਾਂ ਦੀ ਫੌਜ ਵਿੱਚ ਘੱਟੋ-ਘੱਟ 45,000 ਰਿਜ਼ਰਵ ਅਤੇ ਸਿਵਲੀਅਨ ਭਰਤੀ ਜ਼ਰੂਰੀ ਹੈ। ਹਾਲਾਂਕਿ, ਪ੍ਰਧਾਨ ਮੰਤਰੀ ਰਿਸ਼ੀ ਸੁਨਕ ਦੇ ਦਫ਼ਤਰ ਨੇ ਭਰਤੀ ਲਈ ਕਿਸੇ ਵੀ ਕਦਮ ਤੋਂ ਇਨਕਾਰ ਕਰਦੇ ਹੋਏ ਕਿਹਾ ਕਿ ਫੌਜ ਦੀ ਸੇਵਾ ਸਵੈਇੱਛਤ ਹੈ।

ਅਮਰੀਕੀ ਜਲ ਸੈਨਾ ਦੇ ਸਕੱਤਰ ਕਾਰਲੋਸ ਡੇਲ ਟੋਰੋ ਨੇ ਬ੍ਰਿਟੇਨ ਨੂੰ ਮੌਜੂਦਾ ਖਤਰਿਆਂ ਦੇ ਮੱਦੇਨਜ਼ਰ ਆਪਣੀਆਂ ਹਥਿਆਰਬੰਦ ਸੈਨਾਵਾਂ ਦੇ ਆਕਾਰ ਦਾ ਮੁੜ ਮੁਲਾਂਕਣ ਕਰਨ ਦੀ ਅਪੀਲ ਕੀਤੀ ਹੈ। ਹਾਲਾਂਕਿ, ਡਾਊਨਿੰਗ ਸਟ੍ਰੀਟ ਨੇ ਬ੍ਰਿਟਿਸ਼ ਸਰਕਾਰ ਦੇ ਰੱਖਿਆ ਬਾਰੇ ਖਰਚੇ ਦਾ ਬਚਾਅ ਕੀਤਾ। ਉਨ੍ਹਾਂ ਨੇ ਕਿਹਾ ਕਿ ਬ੍ਰਿਟੇਨ ਆਪਣੀ ਫੌਜੀ ਸ਼ਕਤੀ ਦੇ ਕਾਰਨ ਲਾਲ ਸਾਗਰ 'ਚ ਹੂਤੀ ਬਾਗੀਆਂ ਖ਼ਿਲਾਫ਼ ਅਮਰੀਕਾ ਦਾ ਪਸੰਦੀਦਾ ਸਾਥੀ ਰਿਹਾ ਹੈ। ਹਾਲਾਂਕਿ, ਜੇਕਰ ਅਸੀਂ ਰੂਸ ਅਤੇ ਬ੍ਰਿਟੇਨ ਦੀਆਂ ਫੌਜਾਂ ਦੀ ਤੁਲਨਾ ਕਰੀਏ ਤਾਂ ਫਾਇਰ ਪਾਵਰ ਇੰਡੈਕਸ ਦੇ ਮਾਮਲੇ ਵਿੱਚ, ਰੂਸ ਦੂਜੇ ਸਥਾਨ 'ਤੇ ਹੈ।

×××

## ਸੰਤ ਅਤਰ ਸਿੰਘ ਜੀ ਮਸਤੂਆਣਾ

ਬੀ ਐਡ, ਐਮ ਐਡ ਤੇ ਐਮ .ਏ ਐਜੂਕੇਸ਼ਨ ਕੋਰਸ ਕਰਵਾਏ ਜਾਂਦੇ ਹਨ।

ਸਿੱਖ ਧਰਮ ਦੇ ਪ੍ਰਚਾਰ ਹਿੱਤ ਅਤੇ ਧਾਰਮਿਕ ਖੇਤਰ 'ਚ ਲੋੜੀਦੇ ਗ੍ਰੰਥੀ, ਕੀਰਤਨਏ, ਕਥਾਕਾਰ ਆਦਿ ਉਪਲੱਬਧ ਕਰਾਉਣ ਦੇ ਮੰਤਵ ਨਾਲ ਸੰਨ 2004 'ਚ ਸੰਤ ਅਤਰ ਸਿੰਘ ਗੁਰਮਤਿ ਕਾਲਜ ਸ੍ਰੀ ਮਸਤੂਆਣਾ ਸਾਹਿਬ ਹੋਂਦ 'ਚ ਆਇਆ ਅਤੇ ਬਾਅਦ 'ਚ ਇਹ ਕਾਲਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਨਾਲ ਜੁੜਕੇ ਸਿੱਖ ਪ੍ਰਚਾਰ ਲਈ ਸੰਜੀਦਾ ਯਤਨ ਕਰ ਰਿਹਾ ਹੈ। ਕਿਸੇ ਵਿਦਿਆਰਥੀ ਪਾਸੋਂ ਕੋਈ ਦਾਖਲਾ ਫੀਸ ਨਹੀਂ ਲਈ ਜਾਂਦੀ ਅਤੇ ਖਾਣੇ/ ਰਿਹਾਇਸ ਦਾ ਮੁਫਤ ਪ੍ਰਬੰਧ ਕੀਤਾ ਜਾਂਦਾ ਹੈ ਪਰ ਵਿਦਿਆਰਥੀ ਦਾ ਅੰਮ੍ਰਿਤਧਾਰੀ ਹੋਣਾ ਲਾਜ਼ਮੀ ਹੈ। ਇਥੇ ਸਿੱਖ ਰਹਿਤ ਮਰਿਆਦਾ, ਗੁਰਮਤਿ ਸੰਗੀਤ, ਤਬਲਾ, ਅਤੇ ਗੱਤਕੇ ਆਦਿ ਦੀ ਸਿਖਲਾਈ ਦਿੱਤੀ ਜਾਂਦੀ ਹੈ। ਅਕਾਲ ਕਾਲਜ ਆਫ ਫਿਜੀਕਲ ਐਜੂਕੇਸ਼ਨ, ਸ੍ਰੀ ਮਸਤੂਆਣਾ ਸਾਹਿਬ-ਸੰਨ 2006 ਤੋਂ ਸ਼ੁਰੂ ਹੋਏ ਇਸ ਕਾਲਜ 'ਚ ਬੀਪੀਐਡ, ਡੀਪੀਐਡ, ਬੀਪੀਈ ਆਦਿ ਕੋਰਸ ਕਰਵਾਏ ਜਾਂਦੇ ਹਨ। ਇਸਦੇ ਵਿਦਿਆਰਥੀਆਂ ਨੇ ਪੜਾਈ ਅਤੇ ਖੇਡਾਂ ਦੇ ਖੇਤਰ 'ਚ ਯੂਨੀਵਰਸਿਟੀ, ਨੈਸਨਲ ਅਤੇ ਅੰਤਰ-ਯੂਨੀਵਰਸਿਟੀ ਪੱਧਰ 'ਤੇ ਸ਼ਾਨਦਾਰ ਪ੍ਰਾਪਤੀਆਂ ਕਰਕੇ ਮੈਡਲ ਪ੍ਰਾਪਤ ਕੀਤੇ ਹਨ।

***

## ਜ਼ਿਮਨੀ ਚੋਣ ਮਗਰੋਂ ਅਕਾਲੀ-ਬਸਪਾ ਗਠਜੋੜ

ਆਗੂ ਆਪਣੇ-ਆਪਣੇ ਆਗੂਆਂ ਦੀ ਲਾਬਿੰਗ ਕਰ ਰਹੇ ਹਨ ਕਿਉਂਕਿ ਸ਼੍ਰੋਮਣੀ ਅਕਾਲੀ ਦਲ ਦੇ ਅੰਦਰ ਇਕ ਖੇਮਾ ਅਜਿਹਾ ਵੀ ਹੈ, ਜੋ ਇਸ ਗੱਲ ਲਈ ਪਾਰਟੀ ਵਿਰੋਧ ਕਰਦਾ ਰਿਹਾ ਹੈ ਕਿਤੇ ਇਨ੍ਹਾਂ ਆਮ ਚੋਣਾਂ ਵਿਚ ਪਾਰਟੀ ਉਕਤ ਗਲਤੀ ਨੂੰ ਦੁਬਾਰਾ ਨਾ ਦੁਹਰਾ ਦੇਵੇ।

ਦੂਜੇ ਪਾਸੇ ਹੈਰਾਨੀ ਦੀ ਗੱਲ ਹੈ ਕਿ ਜਿਸ ਤਰ੍ਹਾਂ ਬਾਕੀ ਵਿਰੋਧੀ ਪਾਰਟੀਆਂ ਕਾਂਗਰਸ ਤੇ ਭਾਜਪਾ ਸਮੇਂ-ਸਮੇਂ 'ਤੇ ਸਰਕਾਰ ਨੂੰ ਘੇਰਦੀਆਂ ਆਈਆਂ ਹਨ, ਉਥੇ ਹੀ ਅਕਾਲੀ-ਬਸਪਾ ਗੱਠਜੋੜ ਨੇ ਕਿਸੇ ਵੀ ਮੁੱਦੇ 'ਤੇ ਕੋਈ ਵੀ ਸਰਗਰਮੀ ਤਾਂ ਦੂਰ ਇੱਕ ਬਿਆਨ ਤਕ ਵੀ ਜਾਰੀ ਨਹੀਂ ਕੀਤਾ। ਉਦਾਹਰਣ ਵਜੋਂ ਜਲੰਧਰ ਦਾ ਸਮਾਰਟ ਸਿਟੀ ਸਕੈਮ, ਜੋ ਕਿ ਕਰੋੜਾਂ ਰੁਪਏ ਦਾ ਹੈ, ਉਸ 'ਤੇ ਕਾਂਗਰਸੀ ਤਾਂ ਚੁੱਪ ਹੀ ਹਨ ਪਰ ਭਾਜਪਾ ਨੇ ਇਸ ਮੁੱਦੇ ਨੂੰ ਇੰਨਾ ਗਰਮਾ ਦਿੱਤਾ ਹੈ ਕਿ ਕੇਂਦਰੀ ਮੰਤਰੀ ਮੇਘਵਾਲ ਨੇ ਇਸ ਮਾਮਲੇ 'ਚ ਸੀ. ਬੀ. ਆਈ. ਜਾਂਚ ਦੀ ਮੰਗ ਕਰਦਿਆਂ ਇਕ ਚਿੱਠੀ ਕੇਂਦਰ ਸਰਕਾਰ ਨੂੰ ਸੌਂਪ ਦਿੱਤੀ ਹੈ, ਜਦੋਂ ਕਿ ਅਕਾਲੀ ਦਲ ਅਤੇ ਬਸਪਾ ਦੋਵੇਂ ਹੀ ਇਸ ਹਾਈ-ਪ੍ਰੋਫਾਈਲ ਅਤੇ ਗੰਭੀਰ ਘਪਲੇ ਬਾਰੇ ਚੁੱਪ ਧਾਰੀ ਬੈਠੀਆਂ ਹਨ, ਜੋ ਕਿ ਕਈ ਸਵਾਲ ਖੜ੍ਹੇ ਕਰਦਾ ਹੈ। ਇਨ੍ਹਾਂ ਤੋਂ ਇਲਾਵਾ ਲਾਅ ਐਂਡ ਆਰਡਰ ਤੋਂ ਲੈ ਕੇ ਸ਼ਹਿਰ 'ਚ ਲਗਾਤਾਰ ਚੱਲ ਰਹੀਆਂ ਗੋਲੀਆਂ ਅਤੇ ਲੁੱਟਾਂ-ਖੋਹਾਂ ਕਾਰਨ ਬਾਕੀ ਸਭ ਪਾਰਟੀਆਂ ਸਰਕਾਰ ਨੂੰ ਘੇਰ ਰਹੀਆਂ ਹਨ ਪਰ ਅਕਾਲੀ-ਬਸਪਾ ਗੱਠਜੋੜ ਦੇ ਕੰਨ 'ਤੇ ਜੂੰ ਨਹੀਂ ਰੇਂਗ ਰਹੀ। ਜੇਕਰ ਉਹ ਸ਼ਹਿਰ 'ਚ ਕੋਈ ਸਰਗਰਮੀ ਨਹੀਂ ਕਰਨਗੀਆਂ ਤਾਂ ਆਉਣ ਵਾਲੀਆਂ ਚੋਣਾਂ 'ਚ ਲੋਕਾਂ ਕੋਲੋਂ ਵੋਟਾਂ ਕਿਸ ਨਾਂ 'ਤੇ ਮੰਗਣਗੀਆਂ।

***

## ਕੀ ਪੰਜਾਬੀਆਂ ਦੇ ਕੈਨੇਡਾ ਜਾਣ ਦੇ ਝਗੜਿਆਂ ਦਾ ਵੱਡਾ ਕਾਰਨ ਹਨ ਅਜਿਹੇ ਵਿਆਹ

ਪੰਜਾਬ ਪੁਲਿਸ ਦਾ ਐਨ.ਆਰ.ਆਈ. ਵਿੰਗ ਵਿਦਿਆਰਥੀ ਵਿਆਹ ਦੇ ਝਗੜਿਆਂ ਦੀਆਂ ਸ਼ਿਕਾਇਤਾਂ ਨਾਲ ਭਰਿਆ ਹੋਇਆ ਹੈ। ਜਾਣਕਾਰ ਦੱਸਦੇ ਹਨ ਕਿ 80% ਵਿਆਹਾਂ ਦੇ ਝਗੜੇ ਵਾਲੇ ਕੇਸਾਂ ਵਿੱਚ ਜ਼ਿਆਦਾਤਰ ਵਿਦਿਆਰਥੀਆਂ ਦੇ ਵਿਆਹ ਦੀ ਅਸਲ ਜੜ੍ਹ ਹੁੰਦੇ ਹਨ। ਪੰਜਾਬ ਵਿੱਚ ਪੁਲਿਸ ਦਾ ਐਨ.ਆਰ.ਆਈ. ਵਿੰਗ ਵਿਦਿਆਰਥੀ ਵਿਆਹ ਦੇ ਝਗੜਿਆਂ ਦੀਆਂ ਸ਼ਿਕਾਇਤਾਂ ਨਾਲ ਭਰਿਆ ਹੋਇਆ ਹੈ। ਇੱਕ ਸੀਨੀਅਰ ਅਧਿਕਾਰੀ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ ਉੱਤੇ ਦੱਸਿਆ ਕਿ ਲਗਭਗ 80% ਐਨ.ਆਰ.ਆਈ. ਵਿਆਹੁਤਾ ਝਗੜਿਆਂ ਵਿੱਚ ਸਟੱਡੀ ਵੀਜ਼ਿਆਂ ਨਾਲ ਸਬੰਧਿਤ ਵਿਆਹ ਸ਼ਾਮਲ ਹਨ। ਬਹੁਤ ਸਾਰੇ ਕੇਸਾਂ ਵਿੱਚ ਮੁੰਡੇ-ਕੁੜੀਆਂ ਉੱਤੇ ਕੈਨੇਡਾ ਲਿਜਾਉਣ ਦੇ ਵਾਅਦੇ ਪੂਰੇ ਨਾ ਕਰਨ ਜਾਂ ਉਨ੍ਹਾਂ ਦੇ ਪੈਸੇ ਧੋਖਾ ਦੇਣ ਦਾ ਇਲਜ਼ਾਮ ਲਗਾਉਂਦੇ ਹਨ। ਉਨ੍ਹਾਂ ਕਿਹਾ ਕਿ ਇਹ ਭਵਿੱਖਬਾਣੀ ਕਰਨਾ ਬਹੁਤ ਜਲਦਬਾਜ਼ੀ ਹੈ ਕਿ ਨਵੇਂ ਨਿਯਮ ਕੰਟ੍ਰੈਕਟ ਮੈਰਿਜ ਨੂੰ ਪੂਰੀ ਤਰ੍ਹਾਂ ਖਤਮ ਕਰ ਦੇਣਗੇ ਜਾਂ ਨਹੀਂ।

***

## ਸਿਮਰਨਜੀਤ ਸਿੰਘ ਮਾਨ ਵੱਲੋਂ

ਲਾਅ ਐਂਡ ਆਰਡਰ ਦੀ ਸਥਿਤੀ ਬੇਹੱਦ ਖਰਾਬ ਹੈ, ਪ੍ਰੰਤੂ ਪੰਜਾਬੀਆਂ ਨੂੰ ਹੌਸਲੇ ਬੁਲੰਦ ਰੱਖਣੇ ਚਾਹੀਦੇ ਹਨ। ਨਾਲ ਹੀ ਉਨ੍ਹਾਂ ਨੇ ਕਿਹਾ ਕਿ 12 ਫਰਵਰੀ ਨੂੰ ਫਤਿਹਗੜ੍ਹ ਸਾਹਿਬ ਵਿਖੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਜਨਮਦਿਨ ਮਨਾਇਆ ਜਾਵੇਗਾ। ਜਿਸ ਤਰ੍ਹਾਂ ਅਯੁੱਧਿਆ ਵਿਖੇ ਹਿੰਦੂਆਂ ਨੇ ਵੱਡਾ ਇਕੱਠ ਕੀਤਾ ਉਸੇ ਤਰ੍ਹਾਂ ਸਿੱਖਾਂ ਨੂੰ ਵੀ ਵੱਡਾ ਇਕੱਠ ਕਰਨਾ ਚਾਹੀਦਾ ਹੈ।

****

## ਮਾਣਹਾਨੀ ਦੇ ਮਾਮਲੇ 'ਚ

ਗਏ ਸਨ, ਨੇ ਸ਼ੋਸਲ ਮੀਡਆ ਉੱਪਰ ਕਿਹਾ ਹੈ ਕਿ ਉਹ ਜਿਊਰੀ ਦੇ ਫ਼ੈਸਲੇ ਨੂੰ ਚੁਣੌਤੀ ਦੇਣਗੇ ਕਿਉਂਕਿ ਉਹ ਫ਼ੈਸਲੇ ਨਾਲ ਪੂਰੀ ਤਰ੍ਹਾਂ ਅਸਹਿਮਤ ਹਨ। ਸਾਬਕਾ ਰਾਸ਼ਟਰਪਤੀ ਨੇ ਕਿਹਾ ਕਿ ਇਹ ਸਾਰਾ ਕੁਝ ਮੈਨੂੰ ਤੇ ਰਿਪਬਲੀਕਨ ਪਾਰਟੀ ਨੂੰ ਰਾਸ਼ਟਰਪਤੀ ਬਾਈਡਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਦਨਾਮ ਕਰਨ ਦੀ ਚਾਲ ਹੈ। ਜਦੋਂ ਫ਼ੈਸਲਾ ਸੁਣਾਇਆ ਗਿਆ ਤਾਂ ਕੈਰੋਲ ਅਦਾਲਤ ਵਿੱਚ ਮੌਜੂਦ ਸੀ। ਉਹ ਮੁਸਕਰਾਈ ਤੇ ਉਸ ਨੇ ਫ਼ੈਸਲੇ ਦਾ ਸਵਾਗਤ ਕੀਤਾ। ਉਸ ਨੇ ਕਿਹਾ ਇਹ ਉਸ ਹਰ ਔਰਤ ਦੀ ਜਿੱਤ ਹੈ ਜੋ ਆਪਣੇ ਨਾਲ ਹੋਈ ਵਧੀਕੀ ਵਿਰੁੱਧ ਖੜੀ ਹੋਈ ਹੈ।

***

## ਕਿਉਂ ਖੇਰੂੰ-ਖੇਰੂੰ ਹੋਣ ਲੱਗਿਆ

ਇੰਡੀਆ ਗੱਠਜੋੜ ਵਿੱਚ ਭੰਬਲਭੂਸਾ

ਮਮਤਾ ਬੈਨਰਜੀ ਬੰਗਾਲ ਤੋਂ ਤੇ ਭਗਵੰਤ ਸਿੰਘ ਮਾਨ ਪੰਜਾਬ ਤੋਂ ਪਹਿਲਾਂ ਹੀ ਆਪੋ-ਆਪਣੇ ਦਮ 'ਤੇ ਭਾਵ ਇਕੱਲਿਆਂ ਹੀ ਚੋਣ ਲੜਨ ਦਾ ਐਲਾਨ ਕਰ ਚੁੱਕੇ ਹਨ। ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਦਾਅਵਾ ਕੀਤਾ ਹੈ ਕਿ 'ਆਪ' ਹਰਿਆਣਾ ਵਿੱਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਇਕੱਲਿਆਂ ਲੜਨ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਭਾਵੇਂ ਪਾਰਟੀ ਹਰਿਆਣਾ ਦੀਆਂ 90 ਵਿਧਾਨ ਸਭਾ ਸੀਟਾਂ 'ਤੇ ਇਕੱਲੇ ਹੀ ਚੋਣ ਲੜੇਗੀ ਪਰ ਇਸ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਉਹ ਇੰਡੀਆ ਗਠਜੋੜ ਨਾਲ ਮਿਲ ਕੇ ਲੜੇਗੀ। ਹਾਲਾਂਕਿ ਕੇਜਰੀਵਾਲ ਨੇ ਹਰਿਆਣਾ ਵਿੱਚ ਲੋਕ ਸਭਾ ਚੋਣਾਂ ਲਈ ਦਰਵਾਜ਼ੇ ਖੁੱਲ੍ਹੇ ਰੱਖੇ ਹਨ। ਮਮਤਾ ਨੂੰ ਇਹ ਵੀ ਗਿਲਾ ਰਿਹਾ ਹੈ ਕਿ ਪੱਛਮੀ ਬੰਗਾਲ ਵਿੱਚ ਮਾਰਕਸੀ ਪਾਰਟੀ ਇਸ ਗੱਠਜੋੜ ਦੀ ਭਾਈਵਾਲ ਹੈ, ਪਰ ਉਹ ਕਿਸੇ ਵੀ ਸੂਰਤ ਵਿੱਚ ਮਾਰਕਸੀਆਂ ਨਾਲ ਸਮਝੌਤਾ ਕਰਨ ਲਈ ਤਿਆਰ ਨਹੀਂ ਹੈ। ਭਾਜਪਾ ਨਾਲ ਟਕਰਾਅ ਤੋਂ ਵੀ ਵੱਧ ਮਾਰਕਸੀ ਪਾਰਟੀ ਨਾਲ ਮਮਤਾ ਦਾ ਹਮੇਸ਼ਾ ਹਰ ਪੱਧਰ 'ਤੇ ਟਕਰਾਅ ਰਿਹਾ ਹੈ, ਜੋ ਸੂਬੇ ਵਿੱਚ ਅਕਸਰ ਹਿੰਸਾ ਵਿੱਚ ਵੀ ਬਦਲਦਾ ਰਿਹਾ ਹੈ।

ਹੁਣ ਜਦੋਂ ਕਿ ਲੋਕ ਸਭਾ ਦੀਆਂ ਚੋਣਾਂ ਵਿੱਚ ਕੁਝ ਮਹੀਨੇ ਹੀ ਬਾਕੀ ਰਹਿ ਗਏ ਹਨ, ਤਾਂ ਇਸ ਗੱਠਜੋੜ ਵਿੱਚ ਵੱਡੀਆਂ ਤਰੇੜਾਂ ਨਜ਼ਰ ਆਉਣ ਲੱਗ ਪਈਆਂ ਹਨ। ਇਸ ਦਾ ਇੱਕ ਵੱਡਾ ਕਾਰਨ ਇੰਡੀਆ ਗੱਠਜੋੜ ਦੀਆਂ ਬਹੁਤੀਆਂ ਪਾਰਟੀਆਂ ਦਾ ਸੀਟਾਂ ਦੀ ਵੰਡ ਨੂੰ ਲੈ ਕੇ ਕੋਈ ਸੁਮੇਲ ਨਾ ਬਣ ਸਕਣਾ ਹੈ। ਇਸ ਸੂਰਤ ਵਿੱਚ ਭਾਰਤੀ ਜਨਤਾ ਪਾਰਟੀ ਦੀ ਜੇਤੂ ਮੁਹਿੰਮ ਨੂੰ ਠੱਲ੍ਹਣਾ ਮੁਸ਼ਕਿਲ ਹੋ ਜਾਵੇਗਾ। ਉਂਜ ਵੀ ਅਯੁੱਧਿਆ ਵਿਖੇ ਰਾਮ ਮੰਦਿਰ 'ਚ ਪ੍ਰਾਣ-ਪ੍ਰਤਿਸ਼ਠਾ ਤੋਂ ਬਾਅਦ ਭਾਜਪਾ ਦਾ ਮਨੋਬਲ ਬਹੁਤ ਉੱਚਾ ਹੋ ਚੁੱਕਾ ਹੈ। ਆਮ ਜਨਤਾ 'ਚ ਵੀ ਹਵਾ ਹੁਣ ਭਾਜਪਾ ਦੇ ਹੱਕ 'ਚ ਹੀ ਵਿਖਾਈ ਦੇ ਰਹੀ ਹੈ। ਅਜਿਹੇ ਹਾਲਾਤ 'ਚ ਇੰਡੀਆ ਗੱਠਜੋੜ ਲਈ 2024 ਦੀ ਚੋਣ ਜੰਗ ਸੌਖੀ ਨਹੀਂ ਹੋਵੇਗੀ। ਨਿਤੀਸ਼ ਕੁਮਾਰ ਦੀ ਅਗਵਾਈ ਵਾਲੀ ਜੇਡੀਯੂ ਇੰਡੀਆ ਗਠਜੋੜ ਤੋਂ ਬਾਹਰ ਹੈ। ਇਸ ਕਾਰਨ ਇੰਡੀਆ ਗਠਜੋੜ ਲਈ ਬਿਹਾਰ ਵਿੱਚ ਲੋਕ ਸਭਾ ਚੋਣਾਂ 'ਚ ਚੰਗਾ ਪ੍ਰਦਰਸ਼ਨ ਕਰਨਾ ਕਾਫੀ ਮੁਸ਼ਕਿਲ ਹੋਣ ਵਾਲਾ ਹੈ। ਦੂਜੇ ਪਾਸੇ ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਕਿ ਪਾਰਟੀ ਆਸਵੰਦ ਹੈ ਕਿ ਪੱਛਮੀ ਬੰਗਾਲ ਵਿੱਚ ਤ੍ਰਿਣਮੂਲ ਕਾਂਗਰਸ ਨਾਲ ਸੀਟਾਂ ਦੀ ਵੰਡ ਵਿੱਚ ਅੜਿੱਕਾ ਦੂਰ ਕਰ ਲਿਆ ਜਾਵੇਗਾ।

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ




ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com